# ਸੋਧ

ਦਸੰਬਰ 1979 (ਜਿਲਦ 8 ਨੰਬਰ 12)

**December 1979**

ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਮੁਖਤਿਆਰ ਸਿੰਘ (ਵਿਨੀਪੈੱਗ) ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

SEDH
DECEMBER 1979
Vol. 8, No. 12
Price : Rs. 2.00

# ਸੇਧ

ਮਾਰਕਸਵਾਦੀ ਵਿਚਾਰਾਂ ਦਾ ਸੁਤੰਤਰ ਮਾਸਕ-ਪੱਤਰ


- ਆਏ ਇਨਕਲਾਬ ਕੁਰਾਹੇ ਕਿਉਂ ?—8
  ਚੀਨ ਦਾ ਇਨਕਲਾਬ : ਕੁਝ ਵਿਸ਼ੇਸ਼ਤਾਵਾਂ ਤੇ ਫਰਕ (ਸਫ਼ਾ 3) — ਕਿਸ਼ਨ ਸਿੰਘ
- ਮਾਰਕਸਵਾਦ, ਗਾਂਧੀ ਅਤੇ ਕੌਮੀ ਆਜ਼ਾਦੀ ਦੀ ਲਹਿਰ—3 (ਸਫ਼ਾ 13) — ਭਗਵਾਨ ਸਿੰਘ ਜੋਸ਼
- ਭਾਰਤ ਦੀ ਆਰਥਕਤਾ 'ਤੇ ਵਿਦੇਸ਼ੀ ਗ਼ਲਬਾ (ਸਫ਼ਾ 25) — ਸੁੱਚਾ ਸਿੰਘ ਗਿੱਲ
- ਭਾਰਤੀ ਆਰਥਕਤਾ ਬਾਰੇ (ਸਫ਼ਾ 31) — ਨਿਰਮਲ ਆਜ਼ਾਦ
- ਬਾਬਾ ਫਰੀਦ ਸ਼ਕਰਗੰਜ (ਸਫ਼ਾ 36) — ਪ੍ਰੀਤਮ ਸਿੰਘ
- ਪੰਜਾਬੀ ਲੇਖਕਾਂ ਦੇ ਨਾਂ ਖੁਲ੍ਹੀ ਚਿੱਠੀ
  ਅਜੋਕੀ ਅਵਸਥਾ ਤੇ ਸਾਡਾ ਕਰਤੱਵ (ਸਫ਼ਾ 49) — ਗੁਰਵੇਲ ਸਿੰਘ ਪੰਨੂੰ
- ਲੇਖਕ/ਪਾਠਕ ਕਹਿੰਦੇ ਹਨ (ਸਫ਼ਾ 57) — ਹਰਭਜਨ ਹਲਵਾਰਵੀ
  ਕਾ: ਚੰਨਣ ਸਿੰਘ ਤੁਗਲਵਾਲਾ


Edited, Printed & Published by Gurvel Singh Pannu, A/42, Defence Colony, New Delhi-110024. Ph. No. 626300
Printed at 'BHULLAR PRINTERS' 44, Street 2, Shankar Nagar Ext., Delhi-51.

## ਪਰਿਵਾਰ ਨਿਯੋਜਨ ਅਪਣਾਉ

ਮਾਂ, ਬੱਚੇ ਤੇ
ਪੂਰੇ ਪਰਿਵਾਰ
ਦੀ ਸਿਹਤ ਤੇ
ਖ਼ੁਸ਼ੀ ਲਈ

ਪਹਿਲਾ ਜਲਦੀ ਨਹੀਂ
ਦੂਜਾ ਹਾਲੀਂ ਨਹੀਂ
ਤੀਜਾ ਕਦੇ ਨਹੀਂ

**ਅਗਲਾ ਬੱਚਾ ਉਦੋਂ ਹੀ, ਜਦੋਂ ਤੁਸੀਂ ਚਾਹੋ**
ਆਬਾਦੀ ਦੇ ਅੰਧਾ ਧੁੰਧ ਵਾਧੇ ਨੂੰ ਰੋਕਣ ਵਿਚ ਸਹਾਇਤਾ ਕਰੋ

ਮੁਫ਼ਤ ਸਲਾਹ ਤੇ ਸੇਵਾਵਾਂ ਲਈ
ਨੇੜੇ ਦੇ ਸੇਹਤ ਕੇਂਦਰ ਵਿਚ ਜਾਉ

davp 79/277



• **ਸਾਹਿਤ ਦੀ ਸਮਝ**

ਕਿਸ਼ਨ ਸਿੰਘ ਦੇ ਤਿੰਨ ਵਿਦਵਤਾ-ਭਰਪੂਰ ਲੇਖਾਂ ਦਾ ਸੰਗ੍ਰਹਿ—ਯਥਾਰਥਵਾਦ, ਆਲੋਚਨਾ ਤੇ ਸਾਹਿਤ ਦੀ ਸਮਝ। ਇਹ ਪੁਸਤਕ ਸਾਹਿਤ ਪ੍ਰੇਮੀਆਂ ਅਤੇ ਐਮ. ਏ. ਤਕ ਦੇ ਵਿਦਿਆਰਥੀਆਂ ਲਈ ਬੇਮਿਸਾਲ ਪੁਸਤਕ ਹੈ। ਸਫ਼ੇ 340, ਪੱਕੀ ਜਿਲਦ, ਸਿਰਫ਼ ਲਾਇਬਰੇਰੀ ਐਡੀਸ਼ਨ ਮੁਲ : ਪੰਦਰਾਂ ਰੁਪੈ।

**ਬੇਨਤੀ**

ਸੇਧ ਲਈ ਲਿਖਣ ਵਾਲੇ ਵਿਦਵਾਨਾਂ, ਲੇਖਕਾਂ ਨੂੰ ਸਾਡੀ ਬੇਨਤੀ ਹੈ ਕਿ ਉਹ

* ਕਾਗ਼ਜ਼ ਦੇ ਇਕ ਬੰਨੇ ਹੀ ਲਿਖਿਆ ਕਰਨ, ਖੁਲ੍ਹਾ ਹਾਸ਼ੀਆ ਛਡ ਕੇ ਲਿਖਿਆ ਕਰਨ ਅਤੇ ਖੁਲ੍ਹਾ ਖੁਲ੍ਹਾ ਸਾਫ਼ ਸਾਫ਼ ਲਿਖਿਆ ਕਰਨ;
* ਅੰਗਰੇਜ਼ੀ ਵਿਚ ਜੇ ਟੂਕਾਂ ਦੇਣੀਆਂ ਹੋਣ ਤਾਂ (ਜੇ ਸੰਭਵ ਹੋ ਸਕੇ) ਥੋੜਾ ਕਸ਼ਟ ਕਰ ਕੇ ਵੱਖਰੇ ਕਾਗ਼ਜ਼ 'ਤੇ ਟਾਈਪ ਕਰਵਾ ਕੇ ਨਾਲ ਨੱਥੀ ਕਰ ਦਿਆ ਕਰਨ;
* ਸ਼ਬਦਾਂ ਦੇ ਹਿੱਜੇ (ਸਪੈਲਿੰਗਜ਼) ਸੁਰਗਵਾਸੀ ਸ: ਤੇਜਾ ਸਿੰਘ ਵਾਲੇ ਰਖਣ, ਪੰਜਾਬੀ ਦੇ ਉਚਾਰਣ ਅਨੁਸਾਰ। ਹਿੰਦੀ ਦੀ ਨਕਲ ਕਰ ਕੇ ਆਰਥਕ, ਸਮਾਜਕ, ਪਰਵਾਰ ਆਦਿ ਜਿਹੇ ਸ਼ਬਦਾਂ ਵਿਚ ਖ਼ਾਹਮਖ਼ਾਹ ਸਿਹਾਰੀਆਂ ਨਾ ਫਸਾਇਆ ਕਰਨ। ਏਸੇ ਤਰ੍ਹਾਂ ਹੀ ਨ ਤੇ ਣ ਦੀ ਸਹੀ ਵਰਤੋਂ ਕਰਨ ਜਿਵੇਂ ਬਣਾਵਟ, ਬਣਨ ਆਦਿ ਸ਼ਬਦਾਂ ਵਿਚ।

Bhagwan Josh

COMMUNIST MOVEMENT IN PUNJAB
(1926-47)

The only **book** of its kind on the subject...factual, analytical...at places showing brilliant insight into what-has-been and what-could-have-been the communist movement in the Punjab and for that matter, in India. Hardbound, pages 220, Price : Rs. 60

Order your copy to the local bookseller or to Anupma Publications, 80 Banarsi Dass Bldg, Gandhi Nagar, Delhi-31.

or to SEDH, A-42, Defence Colony, New Delhi-24

## ਹਰੀਜਨਾਂ ਅਤੇ ਹੋਰ ਕਮਜ਼ੋਰ ਵਰਗਾਂ ਦੇ ਆਰਥਿਕ ਪੱਧਰ ਨੂੰ ਮਜ਼ਬੂਤ ਕਰਨ ਸਬੰਧੀ ਦਿੱਲੀ ਪ੍ਰਸ਼ਾਸਨ ਦੀਆਂ ਪ੍ਰਾਪਤੀਆਂ

* ਹਰੀਜਨਾਂ ਅਤੇ ਕਮਜ਼ੋਰ ਵਰਗਾਂ ਦੀ ਭਲਾਈ ਨਾਲ ਸਬੰਧਤ ਯੋਜਨਾਵਾਂ ਤੇ ਤੇਜ਼ੀ ਨਾਲ ਅਮਲ।
* ਹਰੀਜਨ ਕਲਿਆਣ ਲਈ ਪਿਛਲੇ ਵਰ੍ਹੇ ਪ੍ਰਸ਼ਾਸਨ ਵਲੋਂ 76 ਲੱਖ ਰੁਪਏ ਖ਼ਰਚ ਅਤੇ ਇਸ ਵਰ੍ਹੇ 105 ਲੱਖ ਰੁਪਏ ਦੀਆਂ ਯੋਜਨਾਵਾਂ ਤੇ ਅਮਲ।
* 37 ਹਰੀਜਨ ਪਰਿਵਾਰਾਂ ਨੂੰ ਬੱਸਾਂ ਖਰੀਦਣ ਲਈ ਆਰਥਿਕ ਸਹਾਇਤਾ।
* ਇਕ ਹਜ਼ਾਰ ਤੋਂ ਵੱਧ ਹਰੀਜਨ ਵਿਦਿਆਰਥੀਆਂ ਨੂੰ 4½ ਲੱਖ ਰੁਪਏ ਦੇ ਸਲਾਨਾ ਵਜ਼ੀਫ਼ੇ।
* 200 ਰੁਪਏ ਤੋਂ ਘੱਟ ਆਮਦਨੀ ਵਾਲੇ ਹਰੀਜਨ ਪਰਿਵਾਰਾਂ ਦੇ ਬੱਚਿਆਂ ਨੂੰ 45 ਰੁਪਏ ਪ੍ਰਤੀ ਬੱਚਾ ਵਜ਼ੀਫ਼ਾ।
* ਪੱਛੜੇ ਵਰਗਾਂ ਅਤੇ ਕਮਜ਼ੋਰ ਵਰਗਾਂ ਦੇ 5772 ਬੱਚਿਆਂ ਨੂੰ 16 ਲੱਖ 29 ਹਜ਼ਾਰ ਰੁਪਏ ਦੇ ਵਜ਼ੀਫ਼ੇ।
* ਹਰੀਜਨ ਲੜਕੇ ਅਤੇ ਲੜਕੀਆਂ ਲਈ ਵੱਖ ਵੱਖ ਹੋਸਟਲ।
* 500 ਰੁਪਏ ਤੋਂ ਘੱਟ ਮਹੀਨਾ ਆਮਦਨੀ ਵਾਲੇ ਪਰਿਵਾਰਾਂ ਦੇ ਵਿਦਿਆਰਥੀਆਂ ਲਈ ਹੋਸਟਲਾਂ 'ਚ ਮੁਫ਼ਤ ਰਹਾਇਸ਼ ਦਾ ਪ੍ਰਬੰਧ।
* ਮੁਕਾਬਲੇ ਦੀਆਂ ਪ੍ਰੀਖਿਆਵਾਂ 'ਚ ਬੈਠਣ ਵਾਲੇ ਹਰੀਜਨਾਂ ਅਤੇ ਪੱਛੜੇ ਵਰਗਾਂ ਦੇ ਲੜਕੇ-ਲੜਕੀਆਂ ਨੂੰ ਮੁਫ਼ਤ ਕੋਚਿੰਗ ਦੀ ਸਹੂਲਤ।
* 1780 ਹਰੀਜਨ ਕਾਰੀਗਰਾਂ ਨੂੰ ਆਪਣਾ ਕੰਮ ਚਲਾਉਣ ਲਈ ਹਰੇਕ ਕਾਰੀਗਰ ਨੂੰ 500 ਰੁਪਏ ਦੇ ਮੁਫ਼ਤ ਸੰਦ ਆਦਿ।
* 3200 ਸਫ਼ਾਈ ਮੁਲਾਜ਼ਮਾਂ ਨੂੰ 8 ਲੱਖ ਰੁਪਏ ਦੀ ਲਾਗਤ ਦੇ ਠੇਲੇ।
* ਹਰੀਜਨ ਬਸਤੀਆਂ ਦੇ ਸੁਧਾਰ ਲਈ 20 ਲੱਖ ਰੁਪਏ ਖਰਚ।
* ਦਿੱਲੀ 'ਚ ਸਾਰੇ 14 ਹਜ਼ਾਰ ਹਰੀਜਨ ਪਰਿਵਾਰਾਂ ਨੂੰ ਮਕਾਨ ਬਣਾਨ ਲਈ ਜ਼ਮੀਨ।
* ਹਰੀਜਨਾਂ ਅਤੇ ਪਛੜੇ ਵਰਗਾਂ ਦੇ ਲੋਕਾਂ ਨੂੰ ਮਕਾਨ ਬਣਾਨ ਲਈ 1500 ਰੁਪਏ ਪ੍ਰਤੀ ਪਰਿਵਾਰ ਦੀ ਸਹਾਇਤਾ।
* ਹਰੀਜਨ ਕਲਿਆਣ ਦੇ ਕੰਮਾਂ 'ਚ ਰੁਚਿਤ ਗ਼ੈਰ ਸਰਕਾਰੀ ਸੰਸਥਾਵਾਂ ਨੂੰ 50% ਤੋਂ 80% ਤਕ ਦੀ ਗਰਾਂਟ।

**ਹਰੀਜਨਾਂ ਅਤੇ ਪਛੜੇ ਵਰਗਾਂ ਤੇ ਗ਼ਰੀਬਾਂ ਦੀ ਹਾਲਤ ਸੁਧਾਰਨ ਵਿਚ ਮੂਹਰੇ : ਦਿੱਲੀ ਪ੍ਰਸ਼ਾਸਨ**

ਸੂਚਨਾ ਅਤੇ ਪਰਚਾਰ ਡਾਇਰੈਕਟੋਰੇਟ, ਦਿੱਲੀ ਪ੍ਰਸ਼ਾਸਨ, ਦਿੱਲੀ ਵਲੋਂ ਜਾਰੀ





ਕਿਸ਼ਨ ਸਿੰਘ

## ਚੀਨ ਦਾ ਇਨਕਲਾਬ : ਕੁਝ ਵਿਸ਼ੇਸ਼ਤਾਵਾਂ ਅਤੇ ਫਰਕ

ਚੀਨ ਦਾ ਇਨਕਲਾਬ ਵੀ ਰੂਸ ਦੇ ਇਨਕਲਾਬ ਵਾਂਗ ਕੁਰਾਹੇ ਪੈ ਗਿਆ ਹੈ। ਦੋਹਾਂ ਇਨ-ਕਲਾਬਾਂ ਦਾ ਅੰਤਲਾ ਸਿੱਟਾ ਤਾਂ ਇਕ ਹੀ ਹੈ ਪਰ 'ਆਏ ਇਨਕਲਾਬ ਅੰਤ ਕੁਰਾਹੇ ਕਿਉਂ ਪਏ' ਦੇ ਮਸਲ ਨੂੰ ਸਮਝਣ ਵਾਸਤੇ ਚੀਨ ਦੇ ਇਨਕਲਾਬ ਦੇ ਕੁਰਾਹੇ ਪੈਣ ਦੇ ਵੇਗ ਨੂੰ ਸਮਝਣਾ ਵੀ ਜ਼ਰੂਰੀ ਹੈ। ਉਸ ਦੇ ਕੁਰਾਹੇ ਪੈਣ ਸਬੰਧੀ ਤੱਥ ਰੂਸ ਦੇ ਇਨਕਲਾਬ ਨੂੰ ਕੁਰਾਹੇ ਪਾਉਂਦੇ ਤੱਥਾਂ ਨਾਲੋਂ ਕਾਫੀ ਵੱਖਰੇ ਹਨ। ਕਾਫੀ ਘਾਟੇ ਜੋ ਰੂਸੀ ਇਨਕਲਾਬ ਵਿਚ ਸਨ ਅਤੇ ਜਿਨ੍ਹਾਂ ਦਾ ਜ਼ਿਕਰ ਅਸੀਂ ਕਰ ਆਏ ਹਾਂ, ਉਹਨਾਂ ਤੋਂ ਚੀਨੀ ਇਨਕਲਾਬ ਕਾਫੀ ਹੱਦ ਤਕ ਪਾਕ ਸੀ।

ਮੁਖ ਵਿਰੋਧ : ਚੀਨ ਤੀਸਰੀ ਦੁਨੀਆਂ ਦਾ ਮੁਲਕ ਹੈ। ਇਹ ਹਿੰਦੁਸਤਾਨ ਵਾਂਗ ਇਕ ਸਾਮਰਾਜ ਦੀ ਮਲਕੀਅਤ ਨਹੀਂ ਸੀ। ਇਹ ਵਖ ਵਖ ਸਾਮਰਾਜਾਂ ਦੀ ਭਾਬੀ ਸੀ। ਇਥੋਂ ਦੀ ਬੁਰਜੁਆਜ਼ੀ ਬਹੁਤ ਹੱਦ ਤਕ ਦਲਾਲ-ਅਫ਼ਸਰਸ਼ਾਹੀ ਬੁਰਜੁਆਜ਼ੀ ਸੀ। ਚੀਨੀ ਸਮਾਜ ਅਰਧ-ਫੀਊਡਲ, ਅਰਧ-ਕਲੋਨੀਅਲ ਸਮਾਜ ਸੀ। ਇਥੋਂ ਦੀ ਇਹ ਬੁਰਜੁਆਜ਼ੀ ਆਪਣੀ ਹਸਤੀ ਹੋਂਦ ਵਾਸਤੇ ਸਾਮਰਾਜ 'ਤੇ ਨਿਰਭਰ ਸੀ। ਇਸ ਵਾਸਤੇ ਇਹ ਕੁਦਰਤੀ ਬੁਰਜੁਆ ਜਮਹੂਰੀ ਇਨਕਲਾਬ ਨੂੰ ਲਿਆਉਣ, ਉਸ ਨੂੰ ਨੇਪਰੇ ਚੜ੍ਹਾਉਣ ਦੇ ਸਮਰੱਥ ਨਾ ਹੋ ਸਕਦੀ ਸੀ ਤੇ ਨਾ ਹੋਈ। ਚੀਨੀ ਬੁਰਜੁਆਜ਼ੀ ਦੀ ਇਹ ਤਾਸੀਰ ਹੋਣ ਕਰਕੇ, ਸਮਾਜ ਦੀ ਇਸ ਹਾਲਤ ਵਿਚ ਬੁਰਜੁਆ ਜਮਹੂਰੀ ਇਨਕਲਾਬ ਨੂੰ ਲਿਆਉਣਾ, ਉਸ ਨੂੰ ਪੂਰਿਆਂ ਕਰਨਾ ਵੀ, ਬੁਰਜੁਆ ਪੈਂਤੜੇ ਤੋਂ ਡੁਰਕੇ ਕਮਿਊਨਿਸਟ ਪਾਰਟੀ ਦੀ ਅਗਵਾਈ ਹੇਠ, ਸਨਅਤੀ ਮਜ਼ਦੂਰ ਜਮਾਤ ਦੇ ਪੈਂਤੜੇ ਦੇ ਸਿਰ ਹੀ ਪਿਆ। ਇਹ ਇਨਕਲਾਬ ਰਾਸ਼ਟਰੀ ਆਜ਼ਾਦੀ ਦਾ ਮਸਲਾ ਸੀ। ਸੋ ਰਾਸ਼ਟਰੀ ਜਜ਼ਬਾ ਵੀ ਕੁਦਰਤੀ ਉਸੇ ਪੈਂਤੜੇ ਦੀ ਝੋਲੀ ਪੈਣਾ ਸੀ ਅਤੇ ਉਸੇ ਪਾਰਟੀ ਦੇ ਹੱਥ ਆਉਣਾ ਸੀ, ਤੇ ਆਇਆ, ਜਿਸ ਨੇ ਰਾਸ਼ਟਰੀ ਆਜ਼ਾਦੀ ਦੀ ਲੜਾਈ ਲੜੀ ਤੇ ਉਸ ਦੀ ਅਗਵਾਈ ਕੀਤੀ।

ਇਨਕਲਾਬ ਦੀ ਇਸ ਸਟੇਜ ਉਤੇ ਹੱਲ ਕਰਨ ਵਾਲਾ ਮੁਖ ਵਿਰੋਧ ਸੀ—ਇਕ ਪਾਸੇ ਤੋਂ ਸਭ ਮੁਲਖੱਈਏ—ਸਮੇਤ ਵਰਕਰਾਂ, ਕਿਸਾਨਾਂ, ਨਿਗੁਣੀ ਤੇ ਰਾਸ਼ਟਰੀ ਬੁਰਜੁਆਜ਼ੀ ਤੇ ਦੂਸਰੇ ਪਾਸੇ ਤੋਂ ਸਾਮਰਾਜ, ਅਫ਼ਸਰਸ਼ਾਹੀ, ਸਰਮਾਏਦਾਰੀ ਤੇ ਫੀਊਡਲ ਨਿਜ਼ਾਮ, ਫੀਊਡਲ ਰਿਸ਼ਤਿਆਂ ਦੇ ਦਰਮਿਆਨ। ਇਸ ਇਨਕਲਾਬ ਦਾ ਮਨੋਰਥ ਸੀ ਸਾਮਰਾਜ ਦੀ, ਫੀਊਡਲ ਜਮਾਤ ਦੀ, ਅਫ਼ਸਰਸ਼ਾਹੀ-ਦਲਾਲ ਬੁਰਜੁਆਜ਼ੀ ਦੀ ਛੱਟ ਦਾ ਸਫ਼ਾਇਆ ਤੇ ਇਸ ਸਫ਼ਾਏ ਨਾਲ ਸਮਾਜਵਾਦੀ ਇਨਕਲਾਬ ਵਾਸਤੇ ਰਾਹ ਸਾਫ਼ ਕਰਨ ਦਾ। ਚੂੰਕਿ ਮੁਲਕ ਦੀ ਬੁਰਜੁਆਜ਼ੀ ਬਹੁਤ ਹੱਦ ਤਕ ਦਲਾਲ ਬੁਰਜੁਆਜ਼ੀ ਸੀ, ਸਨਅਤੀ ਬੁਰਜੁਆਜ਼ੀ ਨਹੀਂ ਸੀ, ਇਸ ਦੇ ਦੋ ਨਤੀਜੇ

ਸਾਫ਼ ਨਿਕਲਣੇ ਸਨ, ਸੋ ਨਿਕਲੇ। **ਇਕ** ਤਾਂ ਬੁਰਜੁਆ ਜਮਹੂਰੀ ਇਨਕਲਾਬ ਦੀ, ਰਾਸ਼ਟਰੀ ਇਨਕਲਾਬ ਦੀ ਅਗਵਾਈ ਕਰਨੋਂ ਬੁਰਜੁਆਜ਼ੀ ਨੇ ਅਸਮਰੱਥ ਰਹਿਣਾ ਸੀ, ਸੋ ਰਹੀ। ਦੂਸਰੇ, ਸਨਅਤੀ ਮਜ਼ਦੂਰ ਜਮਾਤ ਮੁਲਕ ਦੀ ਵਸੋਂ ਵਿਚ ਉਤਨੀ ਵੀ ਨਹੀਂ ਸੀ ਜਿੰਨਾ ਆਟੇ ਵਿਚ ਪੈਂਦਾ ਲੂਣ। ਸੋ ਇਨਕਲਾਬ ਦੀ ਅਗਵਾਈ ਸਨਅਤੀ ਮਜ਼ਦੂਰ ਜਮਾਤ ਦੇ ਹੱਥ ਨਹੀਂ ਸੀ, ਉਸ ਜਮਾਤ ਦੇ ਜਮਾਤੀ ਪੈਂਤੜੇ ਦੇ ਹੱਥ ਸੀ। ਇਸ ਦਾ ਮਤਲਬ ਹੈ ਕਿ ਇਨਕਲਾਬ ਦਾ ਜ਼ਿਆਦਾ ਭਾਰ ਸੀ—**ਸਹੀ ਮਾਰਕਸਵਾਦੀ ਚੇਤਨਤਾ ਦੇ ਸਿਰ 'ਤੇ, ਸਮਾਜ ਬਾਬਤ ਜਮਾਤੀ, ਮਾਰਕਸਵਾਦੀ ਸਮਝ ਸੂਝ ਦੇ ਸਿਰ 'ਤੇ ਅਤੇ ਇਸ ਚੇਤਨਤਾ ਤੇ ਇਸ ਸੂਝ ਦੇ ਆਧਾਰ 'ਤੇ ਉੱਸਰੀ ਕਮਿਊਨਿਸਟ ਪਾਰਟੀ ਦੀ ਅਗਵਾਈ ਦੇ ਸਿਰ 'ਤੇ।** ਦੂਸਰੇ ਲਫ਼ਜ਼ਾਂ ਵਿਚ, ਪਾਰਟੀ ਦੀਆਂ ਜੜ੍ਹਾਂ ਆਪਣੀ ਕੁਦਰਤੀ ਭੋਂ, ਸਨਅਤੀ ਮਜ਼ਦੂਰ ਜਮਾਤ ਦੀ ਗਿਣਤੀ ਜਾਂ ਸਿਆਸੀ ਤੌਰ 'ਤੇ ਉਸ ਦੀ ਪੱਕਿਆਈ ਵਿਚ ਨਹੀਂ ਸਨ। ਜਮਾਤੀ ਤੌਰ 'ਤੇ ਉਸ ਦੀਆਂ ਜੜ੍ਹਾਂ ਸਨ, ਬਹੁਤ ਹੱਦ ਤਕ ਪਿੰਡ ਦੇ ਸੀਨ ਵਿਚ, ਫ਼ਿਊਡਲ-ਵਿਰੋਧੀ ਕਿਸਾਨੀ ਤਬਕੇ ਵਿਚ। ਇਸ ਵਾਸਤੇ ਚੀਨੀ ਇਨਕਲਾਬ ਪਿੰਡ ਵਲੋਂ ਸ਼ਹਿਰ ਨੂੰ ਆਇਆ। ਰੂਸੀ ਇਨਕਲਾਬ ਵਾਂਗੂੰ ਸ਼ਹਿਰੋਂ ਪਿੰਡ ਵਲ ਨੂੰ ਨਹੀਂ ਗਿਆ। ਇਸ ਦਾ ਨਤੀਜਾ ਇਹ ਨਿਕਲਿਆ ਕਿ ਜਿਸ ਤਰ੍ਹਾਂ ਪਿੰਡ ਦੇ ਸੀਨ ਬਾਬਤ, ਕਿਸਾਨੀ ਮਸਲੇ, ਕਿਸਾਨੀ ਤਬਕੇ ਬਾਬਤ ਰੂਸੀ ਪਾਰਟੀ ਵਿਚ ਕਾਫੀ ਬੇਸਮਝੀ ਸੀ, ਚੀਨੀ ਪਾਰਟੀ ਵਿਚ ਉਹਨਾਂ ਬਾਬਤ ਅਜਿਹੀ ਕੋਈ ਬੇਸਮਝੀ ਨਹੀਂ ਸੀ। ਚੀਨੀ ਪਾਰਟੀ ਫ਼ਿਊਡਲ-ਵਿਰੋਧੀ ਕਿਸਾਨੀ ਤਬਕੇ ਨਾਲ ਘਿਉ-ਖਿਚੜੀ ਸੀ। ਉਸ ਦੇ ਨਾਲ ਉਸ ਦੇ ਹੱਥ ਰਲੇ ਹੋਏ ਸਨ।

**ਵਖਰੀ ਆਰਥਕ ਨੀਤੀ :** ਸੇਧ ਦੇ ਸਫ਼ਿਆਂ ਵਿਚ ਜਿਸ ਤਰ੍ਹਾਂ ਅਸੀਂ **'ਮਾਓ ਦੀ ਆਰਥਕ ਨੀਤੀ'** ਵਾਲੇ ਮਜ਼ਮੂਨ ਵਿਚ (ਜੁਲਾਈ ਅੰਕ, 1977) ਸਪੱਸ਼ਟ ਕਰ ਚੁਕੇ ਹਾਂ, ਮਾਓ ਦੀ ਅਗਵਾਈ ਹੇਠ, ਚੀਨੀ ਕਮਿਊਨਿਸਟ ਪਾਰਟੀ, ਰੂਸੀ ਪਾਰਟੀ ਵਾਲੇ, ਬੁਰਜੁਆ ਪੈਂਤੜੇ ਵਾਲੇ 'ਮੁਢਲਾ ਸਰਮਾਇਆ' ਇਕੱਠਾ ਕਰਨ ਵਾਲੇ ਰਾਹੇ ਨਹੀਂ ਪਈ। ਜਿੰਨਾਂ ਚਿਰ ਮਾਓ ਜੀਵਿਆ ਤੇ ਉਸ ਨੇ ਪਾਰਟੀ ਦੀ ਅਗਵਾਈ ਕੀਤੀ, ਪਾਰਟੀ ਨੇ ਕਿਸਾਨੀ ਤਬਕੇ ਕੋਲੋਂ ਕਰ ਨਹੀਂ ਉਗਰਾਹਿਆ। ਸਗੋਂ ਉਸ ਨੇ ਕਾਸ਼ਤਕਾਰੀ ਨੂੰ ਆਰਥਕਤਾ ਦੀ ਨੀਂਹ ਬਣਾਇਆ ਤੇ ਸਨਅਤ ਨੂੰ ਬਣਾਇਆ ਮੋਹਰੀ ਅੰਗ (taking agriculture as the foundation and industry as the leading factor) ਜਦੋਂ ਇਨਕਲਾਬ ਆਇਆ, ਰੂਸ ਨਾਲੋਂ ਵੀ ਜ਼ਿਆਦਾ ਚੀਨ ਵਿਚ ਛੋਟੇ ਪੈਮਾਨ ਦੀ ਪੈਦਾਵਾਰ ਦਾ ਪ੍ਰਵੇਸ਼ ਸੀ। ਸਮਾਜਵਾਦ ਦੇ ਰਾਹੇ ਪੈਣ ਵਾਸਤੇ ਇਹ ਖ਼ਤਰੇ ਦਾ ਸੋਮਾਂ ਸੀ। ਇਸ ਵਾਸਤੇ ਹੀ ਲੈਨਿਨ ਨੇ ਕਿਹਾ ਸੀ ਕਿ ਇਹ ਛੋਟੇ ਪੈਮਾਨੇ ਦੀ ਪੈਦਾਵਾਰ ਆਪਣੇ ਆਪ, ਲਗਾਤਾਰ—ਹਰ ਘੰਟੇ, ਹਰ ਰੋਜ਼-ਸਰਮਾਏਦਾਰੀ ਤੇ ਬੁਰਜੁਆਜ਼ੀ ਨੂੰ ਅਮੂਹੇ ਪੈਮਾਨੇ 'ਤੇ ਪੈਦਾ ਕਰੀ ਜਾਂਦੀ ਹੈ। ਮਾਓ ਨੇ ਇਸ ਨੁਕਤੇ ਨੂੰ ਹੋਰ ਸਾਫ਼ ਕਰਦਿਆਂ ਇਹ ਵੀ ਕਿਹਾ ਸੀ ਕਿ ਛੋਟੇ ਪੈਮਾਨੇ ਦੀ ਪੈਦਾਵਾਰ ਦੇ ਪ੍ਰਵੇਸ਼ ਕਰਕੇ ਇਹ ਬੁਰਜੁਆ ਅੰਸਰ ਵਰਕਰ ਜਮਾਤ ਤੇ ਪਾਰਟੀ ਵਿਚ ਵੀ ਪੈਦਾ ਹੋਣ ਲੱਗ ਪੈਂਦਾ ਹੈ। ਪਰੋਲਤਾਰੀਆ ਦੀਆਂ ਸਫ਼ਾਂ ਵਿਚ ਵੀ ਤੇ ਰਾਜ-ਪ੍ਰਬੰਧ ਤੇ ਹੋਰਨਾਂ ਅਡੰਬਰਾਂ ਵਿਚ ਵੀ ਐਸੇ ਬੰਦੇ ਪੈਦਾ ਹੋ ਜਾਂਦੇ ਹਨ ਜੋ ਬੁਰਜੁਆ ਤਰਜ਼ੇ-ਜ਼ਿੰਦਗੀ ਦੇ ਰਾਹੇ ਪੈ ਤੁਰਦੇ ਹਨ।[1] ਇਸ ਖ਼ਤਰੇ ਦੇ ਸੋਮੇਂ ਨੂੰ ਖ਼ਤਮ ਕਰਨ ਦਾ ਇਕ ਹੀ ਰਾਹ ਹੈ ਅਤੇ ਉਹ ਹੈ ਛੋਟੇ ਪੈਮਾਨੇ ਦੀ ਪੈਦਾਵਾਰ ਨੂੰ ਖ਼ਤਮ ਕਰਨਾ। ਮਾਓ ਦੀ ਅਗਵਾਈ ਹੇਠ ਚੀਨ ਦੀ ਪਾਰਟੀ ਨੇ ਮੁਲਕ ਦੀ ਕਾਸ਼ਤਕਾਰੀ ਨੂੰ ਕੁਆਪ੍ਰੇਟਿਵ



ਕਾਸ਼ਤਕਾਰੀ ਦੇ ਰਾਹੇ ਪਾਇਆ। ਪਰ ਇਸ ਰਾਹੇ ਪਾਉਂਦਿਆਂ ਪਾਰਟੀ ਨੇ ਕਿਸਾਨੀ ਨੂੰ ਕਿਸੇ ਸ਼ਿਕੰਜੇ ਵਿਚ ਨਹੀਂ ਪਾਇਆ, ਕਿਉਂਕਿ ਉਸ ਨੂੰ ਕਿਸਾਨੀ ਕੋਲੋਂ ਕਰ ਉਗਰਾਹੁਣ ਦੀ ਮਜਬੂਰੀ ਨਹੀਂ ਸੀ। ਇਸ ਵਾਸਤੇ ਉਸ ਨੇ ਰੂਸੀ ਪਾਰਟੀ ਵਾਲੇ ਰਾਹੇ ਪੈ ਕੇ ਉਤੋਂ ਇਨਕਲਾਬ ਨਹੀਂ ਲਿਆਂਦਾ। ਰੂਸੀ ਪਾਰਟੀ ਚੂੰਕਿ ਇਕਾਨੋਮਿਜ਼ਮ ਦਾ ਸ਼ਿਕਾਰ ਸੀ ਉਹ ਇਸ ਸਿਧਾਂਤ ਦੇ ਪੇਟੇ ਪੈ ਗਈ ਕਿ ਪੈਦਾਵਾਰ ਦੀ ਮੁਢਲੀ, ਸ਼ਰੋਮਣੀ ਸ਼ਕਤੀ ਹੈ—ਮਸ਼ੀਨ! ਉਸ ਨੇ ਕਾਸ਼ਤਕਾਰੀ ਨੂੰ ਮਸ਼ੀਨ ਦੇ ਪਟੇ 'ਤੇ ਚੜ੍ਹਾਉਣ ਦੀ ਕੋਸ਼ਿਸ਼ ਕੀਤੀ ਅਤੇ ਬੰਦੇ ਨੂੰ, ਜਮਾਤ ਦੀ ਇਨਕਲਾਬੀ ਚੇਤਨਤਾ ਨੂੰ ਨਜ਼ਰ-ਅੰਦਾਜ਼ ਕੀਤਾ; ਉਸ ਨੂੰ ਪਿੱਛੇ ਪਾਇਆ। ਵਿਸ਼ਵਾਸ਼ ਇਹ ਬਣਾ ਲਿਆ ਕਿ ਮਸ਼ੀਨ 'ਤੇ ਕਰੀਦਾ ਕੰਮ ਆਪਣੇ ਆਪ ਇਨਕਲਾਬੀ ਚੇਤਨਤਾ ਪੈਦਾ ਕਰ ਦੇਵੇਗਾ। ਮਾਓ ਦੀ ਅਗਵਾਈ ਹੇਠ ਚੀਨੀ ਪਾਰਟੀ ਨੇ ਬੰਦੇ ਨੂੰ ਕੇਂਦਰ ਵਿਚ ਰਖਿਆ। ਪੈਦਾਵਾਰ ਕਰਨ ਦਾ ਉਸ ਨੂੰ ਕੇਂਦਰੀ ਧੁਰਾ ਬਣਾਇਆ। ਉਹ ਇਸ ਮਾਰਕਸਵਾਦੀ ਸਿਧਾਂਤ 'ਤੇ ਪਕੀ ਰਹੀ ਕਿ ਪੈਦਾਵਾਰ ਕਰਨ ਦੀ ਸਭ ਤੋਂ ਵੱਡੀ ਤਾਕਤ ਇਨਕਲਾਬੀ ਜਮਾਤ ਆਪ ਹੈ।[2] ਉਸ ਨੇ ਬੰਦੇ ਨੂੰ, ਉਸ ਦੀ ਇਨਕਲਾਬੀ ਚੇਤਨਤਾ ਨੂੰ ਪਹਿਲ ਦਿਤੀ। ਮਸ਼ੀਨ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ, ਪਰ ਉਸ ਨੂੰ ਬੰਦੇ ਦੀ, ਜਮਾਤ ਦੀ ਇਨਕਲਾਬੀ ਚੇਤਨਤਾ ਦੀ ਥਾਂ ਵੀ ਸਥਾਪਤ ਨਹੀਂ ਕੀਤਾ।

**ਸਿਆਸੀ ਚੇਤਨਤਾ ਦਾ ਬੋਲ ਬਾਲਾ :** ਫ਼ਿਊਡਲ-ਵਿਰੋਧੀ ਕਿਸਾਨੀ ਤਬਕੇ ਦੇ ਇਨਕਲਾਬੀ ਪੈਂਤੜੇ ਦੀ, ਪਾਰਟੀ ਦੀ ਨੀਂਹ ਹੋਣ ਤੋਂ ਉਪਰੰਤ ਚੀਨ ਦੀ ਸਨਅਤੀ ਮਜ਼ਦੂਰ ਜਮਾਤ ਰੂਸ ਦੀ ਸਨਅਤੀ ਮਜ਼ਦੂਰ ਜਮਾਤ ਨਾਲੋਂ ਗਿਣਤੀ ਵਿਚ ਤਾਂ ਭਾਵੇਂ ਥੋੜ੍ਹੀ ਸੀ ਪਰ ਜਿੰਨੀ ਵੀ ਸੀ ਉਹ ਇਕਾਨੋਮਿਜ਼ਮ ਦੇ ਕੋਹੜ ਤੋਂ ਤਕਰੀਬਨ ਪਾਕ ਸੀ।[3] ਆਉਣ ਲੱਗਾ ਰੂਸ ਵਿਚ ਇਨਕਲਾਬ ਤਕਰੀਬਨ ਛਪਾ ਛੱਪ ਆਇਆ। ਪਰ ਉਥੇ ਖਾਨਾ-ਜੰਗੀ ਤੇ ਬਾਹਰਲੀ ਸਾਮਰਾਜੀ ਮੁਦਾਖ਼ਲਤ ਨੂੰ ਖ਼ਤਮ ਕਰਦਿਆਂ ਇਨਕਲਾਬੀ ਤੌਰ 'ਤੇ ਚੇਤੰਨ ਬਹੁਤ ਸਾਰਾ ਤਬਕਾ ਮੈਦਾਨੇ-ਜੰਗ ਦੀ ਭੇਟ ਹੋ ਗਿਆ। ਚੀਨ ਵਿਚ ਇਸ ਦੇ ਐਨ ਉਲਟ ਹੋਇਆ। ਉਥੇ ਇਨਕਲਾਬ ਦਹਾਕਿਆਂ ਦੀ ਫੌਜੀ ਜਦੋ-ਜਹਿਦ ਤੇ ਜੰਗ ਨਾਲ ਆਇਆ। ਲੰਮੇ ਅਰਸੇ ਵਾਸਤੇ ਆਜ਼ਾਦੀ ਦੀ ਜੰਗ ਕਰਦਿਆਂ 'ਪੀਪਲਜ਼ ਲਿਬ੍ਰੇਸ਼ਨ ਆਰਮੀ' (ਪੀ. ਐਲ. ਏ.) ਦੀ ਦਿੱਤੀ ਵਿਦਿਆ ਤੇ ਟਰੇਨਿੰਗ ਨਾਲ ਲੱਖਾਂ ਆਮ ਵਰਕਰ, ਕਿਸਾਨ, ਵਿਦਿਆਰਥੀ ਤੇ ਨਿਗੂਣੀ ਬੁਰਜੁਆ ਜਮਾਤ ਦੇ ਬੁਧੀਮਾਨ ਹੁੰਦੇ ਹੁੰਦੇ ਆਪਣੀ ਸੋਚ ਤੇ ਅਮਲ ਵਿਚ ਇਨਕਲਾਬੀ ਰੰਗ ਵਿਚ ਰੰਗੇ ਗਏ ਤੇ ਉਹ ਸਿਆਸੀ ਤੌਰ 'ਤੇ ਚੇਤੰਨ ਤੇ ਪੱਕੇ ਹੋ ਕੇ ਇਨਕਲਾਬ ਦੀ ਧਿਰ ਬਣ ਗਏ। ਲੰਮੇ ਅਰਸੇ ਦੀ ਖਾਨਾ-ਜੰਗੀ ਦੇ ਨਾਲ ਉਹਨਾਂ ਨੂੰ ਜਾਪਾਨੀ ਹਮਲੇ ਦਾ ਮੁਕਾਬਲਾ ਵੀ ਕਰਨਾ ਪਿਆ। ਇਹ ਸਿੱਧਾ ਹੀ ਰਾਸ਼ਟਰੀ ਆਜ਼ਾਦੀ ਦਾ ਮਸਲਾ ਸੀ ਤੇ ਜਣੇ ਖਣੇ ਨੂੰ ਸਪੱਸ਼ਟ ਦਿਸਦਾ ਸੀ। ਇਸ ਦੇ ਦੌਰਾਨ ਇਹ ਤਬਕਾ ਨਾ ਸਿਰਫ਼ ਗਿਣਤੀ ਵਿਚ ਹੀ ਵਧਿਆ ਬਲਕਿ ਇਨਕਲਾਬੀ ਚੇਤਨਤਾ ਦੇ ਤੌਰ 'ਤੇ ਵੀ ਹੋਰ ਰਿਸ਼ਟ ਪੁਸ਼ਟ ਹੋਇਆ। ਇਸ ਸਾਰੇ ਵੇਗ ਦਾ ਨਤੀਜਾ ਇਹ ਨਿਕਲਿਆ ਕਿ ਜਿਥੇ ਰੂਸ ਵਿਚ ਖਾਨਾ-ਜੰਗੀ ਤੇ ਬਾਹਰਲੀ ਸਾਮਰਾਜੀ ਮੁਦਾਖ਼ਲਤ ਇਨਕਲਾਬੀ ਅੰਸਰ ਨੂੰ ਕਮਜ਼ੋਰ ਕਰ ਕੇ ਛੱਡ ਗਈ, ਉਥੇ ਚੀਨ ਵਿਚ ਆਏ ਇਨਕਲਾਬ ਵੇਲੇ ਇਨਕਲਾਬੀ ਅੰਸਰ ਹਰ ਨੁਕਤੇ ਤੋਂ ਪੂਰੇ ਜੋਬਨ ਵਿਚ ਸੀ। ਇਸ ਨੂੰ ਇਨਕਲਾਬ ਲਿਆਉਣ ਦਾ ਵੇਗ ਘਿਓ ਵਾਂਗ ਲਗਿਆ ਸੀ।

ਸਮਾਜਵਾਦੀ ਇਨਕਲਾਬ ਦੀ ਬੁਨਿਆਦੀ ਲੋੜ ਹੈ ਕਿ ਉਹ ਕਾਬਜ਼ ਬੁਰਜੁਆ ਸਟੇਟ ਤੇ ਉਸ ਦੇ ਰਾਜ-ਪ੍ਰਬੰਧ ਦੇ ਅਡੰਬਰ ਦੇ ਡੂਸੜੇ ਉੜਾਵੇ। ਅਤੇ ਉਸ ਦੀ ਥਾਂ ਪਰੋਲਤਾਰੀ ਦੀ

ਡਿਕਟੇਟਰਸ਼ਿਪ ਸਥਾਪਤ ਕਰੇ, ਆਪਣੇ ਰਾਜ-ਪ੍ਰਬੰਧ ਦੇ ਕੰਮ ਵਾਸਤੇ ਆਪਣਾ ਅਡੰਬਰ ਖੜਾ ਕਰੇ। (ਬੁਰਜੁਆ ਸਟੇਟ ਦਾ ਰਾਜ-ਪ੍ਰਬੰਧ ਸਮਾਜਵਾਦੀ ਇਨਕਲਾਬ ਦੇ ਕੰਮ, ਸਮਾਜਵਾਦ ਦੀ ਉਸਾਰੀ ਦੇ ਕੰਮ ਆ ਹੀ ਨਹੀਂ ਸਕਦਾ) ਰੂਸ ਵਿਚ ਲੈਨਿਨ ਤੇ ਪਾਰਟੀ ਦੀ ਮਜਬੂਰੀ ਸੀ ਕਿ ਉਹਨਾ ਨੂੰ ਜ਼ਾਰ ਵਾਲੇ ਰਾਜ-ਪ੍ਰਬੰਧ ਦੇ ਅਡੰਬਰ ਨਾਲ ਹੀ ਕੰਮ ਚਲਾਉਣਾ ਪਿਆ। ਚੀਨ ਦੀ ਪਾਰਟੀ ਵਾਸਤੇ ਇਹ ਮਸਲਾ ਵੀ ਹੱਲ ਸੀ। ਉਸ ਨੂੰ ਆਜ਼ਾਦ ਕਰਵਾਇਆਂ ਇਲਾਕਿਆਂ ਦੀ ਆਰਥਕਤਾ ਨੂੰ ਸੰਭਾਲਣ ਦਾ, ਉਸ ਨੂੰ ਇਨਕਲਾਬੀ ਜਦੋ-ਜਹਿਦ ਦੀਆਂ ਲੋੜਾਂ ਦੇ ਸੂਤ ਕਰ ਕੇ ਵਰਤਣ ਦਾ, ਉਹਨਾਂ ਇਲਾਕਿਆਂ ਦੇ ਰਾਜ-ਪ੍ਰਬੰਧ ਨੂੰ ਚਲਾਉਣ ਦਾ ਤਜਰਬਾ ਸੀ। ਜਦੋਂ ਇਨਕਲਾਬੀਆਂ ਨੇ ਕਾਬਜ਼ ਸਟੇਟ ਨੂੰ ਢਾਹਿਆ ਤੇ ਮੁਲਕ ਵਿਚ ਇਨਕਲਾਬ ਲਿਆਂਦਾ, ਇਕ ਤਾਂ ਕਾਬਜ਼ ਬੁਰਜੁਆ ਸਟੇਟ ਦਾ ਰਾਜ-ਪ੍ਰਬੰਧ ਉਂਜ ਹੀ ਖੁਰਦ-ਬੁਰਦ ਹੋ ਚੁਕਾ ਸੀ, ਅਤੇ ਰਹਿੰਦਾ ਖੂੰਧਾ ਇਨਕਲਾਬੀਆਂ ਨੇ ਖ਼ਤਮ ਕਰ ਦਿਤਾ, ਤੇ ਉਸ ਦੀ ਥਾਂ ਰਾਜ-ਪ੍ਰਬੰਧ ਕਰਨ ਵਾਸਤੇ ਆਪਣਾ ਅਡੰਬਰ ਆਪ ਖੜਾ ਕਰ ਲਿਆ। ਜਿੱਥੇ ਰੂਸੀ ਰਾਜ-ਪ੍ਰਬੰਧ ਇਨਕਲਾਬੀ ਸਰਕਾਰ ਨੂੰ ਦਿਲੋਂ ਵਫ਼ਾਦਾਰ ਨਹੀਂ ਸੀ, ਉਥੇ ਚੀਨੀ ਪਾਰਟੀ ਦਾ ਆਪਣਾ ਰਾਜ-ਪ੍ਰਬੰਧ ਉਸ ਨੂੰ ਦਿਲੋਂ ਵਫ਼ਾਦਾਰ ਸੀ। ਇਸ ਪਾਸਿਉਂ ਚੀਨੀ ਇਨਕਲਾਬੀ ਲੀਡਰਸ਼ਿਪ ਨੂੰ ਕੋਈ ਤੌਖ਼ਲਾ ਨਹੀਂ ਸੀ।

**'ਲਾਲ ਫੌਜ' ਤੇ 'ਪੀ. ਐਲ. ਏ' ਦਾ ਫਰਕ** : ਰੂਸ ਦੀ ਲਾਲ ਫੌਜ ਰੂਸੀ ਪਾਰਟੀ ਨੂੰ ਦਿਨਾਂ ਵਿਚ, ਅੱਗ ਲੱਗਿਆ ਖੂਹ ਪੁਟਣ ਵਾਲੀ ਤੇਜ਼ੀ ਨਾਲ ਖੜੀ ਕਰਨੀ ਪਈ ਸੀ। ਅਤੇ ਉਸ ਦਾ ਤਾਣਾ-ਪੇਟਾ, ਉਸ ਦਾ ਬਹੁਤ ਸਾਰਾ ਵਜੂਦ ਜ਼ਾਰ ਦੀ ਫੌਜ ਦੇ ਅਫ਼ਸਰਾਂ ਤੇ ਸਿਪਾਹੀਆਂ ਵਾਲਾ ਹੀ ਸੀ। ਫਰਕ ਸਿਰਫ ਇੰਨਾ ਸੀ ਕਿ ਉਹ ਖਾਨਾਜੰਗੀ ਤੇ ਬਾਹਰਲੀ ਸਾਮਰਾਜੀ ਮੁਦਾਖ਼ਲਤ ਦੇ ਖਿਲਾਫ਼ ਲੜੀ ਸੀ, ਪਾਰਟੀ ਦੀ ਅਗਵਾਈ ਹੇਠ। ਇਹ ਗੱਲ ਨਹੀਂ ਭੁਲਣੀ ਚਾਹੀਦੀ ਕਿ ਪਾਰਟੀ ਦੀ ਅਗਵਾਈ ਹੇਠ ਵੀ ਲਾਲ ਫੌਜ ਪੇਸ਼ਾਵਰ ਫੌਜ ਹੀ ਸੀ, ਸਿਆਸੀ ਤੌਰ 'ਤੇ ਚੇਤੰਨ ਇਨਕਲਾਬੀ ਫੌਜ ਨਹੀਂ ਸੀ। ਰੂਸੀ ਪਾਰਟੀ ਟੈਕਨੀਕ ਦੇ ਨਿਰਪਖ ਹੋਣ ਦੇ ਸਿਧਾਂਤ ਦਾ ਸ਼ਿਕਾਰ ਸੀ ਅਤੇ ਇਸ ਵਾਸਤੇ ਉਸ ਨੂੰ ਸੁਪਨਾ ਤਕ ਵੀ ਨਹੀਂ ਸੀ ਕਿ ਜੰਗ ਕਰਨ ਦੀ ਟੈਕਨੀਕ ਵੀ ਜਮਾਤੀ ਹੁੰਦੀ ਹੈ। ਉਸ ਨੇ ਆਪਣੇ ਦੁਸ਼ਮਣਾਂ ਦੇ ਖ਼ਿਲਾਫ ਲਾਲ ਫੌਜ ਲੜਾਈ ਤੇ ਉਹਨਾਂ ਉਤੇ ਜਿੱਤ ਪਰਾਪਤ ਕੀਤੀ ਪਰ ਉਸ ਨੇ ਲੜਾਈ ਕਰਨ ਦੇ ਵੇਗ ਨੂੰ ਕੋਈ ਜਮਾਤੀ ਸਿਆਸੀ ਰੰਗ ਨਹੀਂ ਦਿੱਤਾ। ਫੌਜੀ ਕਮਾਨ 'ਤੇ ਹੀ ਛੱਡ ਛੱਡਿਆ ਕਿ ਜਿਸ ਤਰ੍ਹਾਂ ਉਹ ਠੀਕ ਸਮਝੇ ਲੜੇ ਤੇ ਦੁਸ਼ਮਣ ਨੂੰ ਖ਼ਤਮ ਕਰੇ। ਪੀ. ਐਲ. ਏ., ਇਨਕਲਾਬੀ ਫੌਜੀ ਜਦੋ-ਜਹਿਦ ਦੀ ਉਸਾਰੀ ਦੇ ਨਾਲ ਨਾਲ, ਉਸ ਦੀਆਂ ਲੋੜਾਂ ਅਨੁਸਾਰ ਹੀ ਉਸਰਦੀ ਆਈ ਸੀ। ਇਹ ਇਨਕਲਾਬ ਦੀ ਕੁੱਖ ਵਿਚੋਂ ਹੀ ਜੰਮੀ ਤੇ ਉਸ ਦੀ ਗੋਦ ਵਿਚ ਹੀ ਹੁੰਦੜ ਹੇਲ ਹੁੰਦੀ ਹੋਈ ਬਾਲਗ ਹੋਈ। ਇਸ ਫੌਜ ਦੀ ਉਸਾਰੀ ਦੀ ਪਹਿਲੀ ਸਟੇਜ ਇਨਕਲਾਬੀ ਤੌਰ 'ਤੇ ਚੇਤੰਨ, ਜੰਗ ਕਰਦੇ ਗੁਰੀਲੇ ਸਨ। ਮਨੁਖ-ਜਾਤੀ ਦੇ ਇਤਿਹਾਸ ਵਿਚ ਪੀ. ਐਲ. ਏ. ਪਹਿਲੀ ਫੌਜ ਸੀ ਜੋ ਸਿਆਸੀ ਤੌਰ 'ਤੇ ਚੇਤੰਨ ਸੀ। ਇਸ ਦੀ ਲੜਨ ਦੀ ਟੈਕਨੀਕ ਚੇਤੰਨ ਤੌਰ 'ਤੇ ਜਮਾਤੀ ਸੀ, ਲੋਕ-ਲੜਾਈ (ਪੀਪਲਜ਼ ਵਾਰ) ਦੀ ਸੀ। ਇਸ ਦੀ ਅੰਦਰੂਨੀ ਬਣਤਰ ਹੋਰਨਾਂ ਫੌਜਾਂ ਵਾਂਗ ਦਰਜਾ-ਬ-ਦਰਜੀ ਦੀ ਨਹੀਂ ਸੀ, ਸਹੀ ਤੌਰ 'ਤੇ ਜਮਹੂਰੀ ਸੀ। ਇਸ ਦੇ ਅਫ਼ਸਰਾਂ, ਕਮਾਂਡਰਾਂ ਦਾ ਰਹਿਣ ਸਹਿਣ ਹੀ ਆਪਣੇ ਸਿਪਾਹੀਆਂ ਨਾਲ ਸਾਂਝਾਂ ਨਹੀਂ ਸੀ, ਬਲਕਿ ਉਹਨਾਂ ਦੇ ਸਭ ਰਿਸ਼ਤੇ ਹੀ ਉਹਨਾਂ ਨਾਲ ਸਾਥੀਆਂ ਵਾਲੇ ਸਨ। ਇਹ ਇਨਕਲਾਬ ਦਾ ਫੌਜੀ ਸੰਦ ਹੀ ਨਹੀਂ ਸੀ, ਇਹ ਉਸ ਦੀ ਸਿਆਸੀ



ਕਠਾਲੀ ਵੀ ਸੀ ਜਿਸ ਵਿਚ ਪੈ ਕੇ ਆਮ ਵਰਕਰ, ਸਾਧਾਰਨ ਕਿਸਾਨ, ਨਿਗੂਣੀ ਬੁਰਜੁਆਜ਼ੀ ਦਾ ਜੰਮ-ਪਲ ਬੁਧੀਮਾਨ ਇਨਕਲਾਬੀ ਸੱਚੇ ਵਿਚ ਢਲ ਜਾਂਦਾ ਸੀ। ਇਹ ਫੌਜ ਮੁਲਖੱਈਏ ਨਾਲ ਇਸ ਤਰ੍ਹਾਂ ਘਿਉ ਖਿਚੜੀ ਸੀ ਕਿ ਇਨਕਲਾਬ ਦੇ ਆਇਆਂ, ਅਮਨ-ਅਮਾਨ ਵਿਚ ਇਹ ਹੋਰਨਾਂ ਫੌਜਾਂ ਵਾਂਗ ਲੋਕਾਂ ਤੋਂ ਅੱਡ, ਉਹਨਾਂ ਤੋਂ ਦੂਰ ਬਾਰਕਾਂ ਵਿਚ ਨਹੀਂ ਸੀ ਰਹਿੰਦੀ, ਬਲਕਿ ਲੋਕਾਂ ਨਾਲ ਉਹਨਾਂ ਦੇ ਆਰਥਕ ਪੈਦਾਵਾਰ ਦੇ ਕੰਮਾਂ ਵਿਚ ਉਹਨਾਂ ਦਾ ਹੱਥ ਵਟਾਉਂਦੀ ਸੀ। ਆਪਣੀ ਹਸਤੀ ਹੋਂਦ ਵਾਸਤੇ, ਆਪਣੀ ਰੋਜ਼ਾਨਾ ਪਰਵਿਰਸ਼ ਵਾਸਤੇ ਹੋਰਨਾਂ ਫੌਜਾਂ ਵਾਂਗ ਇਹ ਫੌਜ ਲੋਕਾਂ ਦੇ ਸਰੀਰ ਉਤੇ ਜੋਕ ਨਹੀਂ ਸੀ, ਨਾ ਹੀ ਲੋਕਾਂ 'ਤੇ ਇਸ ਦੀ ਛੱਟ ਸੀ। ਸਗੋਂ ਜ਼ਿੰਦਗੀ ਦੀ ਹਰ ਹਰਕਤ ਵਿਚ, ਜ਼ਿੰਦਗੀ ਦੇ ਹਰ ਪਹਿਲੂ ਵਿਚ ਇਹ ਉਹਨਾਂ ਦੀ ਸਾਥਣ ਸੀ, ਉਹਨਾਂ ਦੀ ਅਗਵਾਈ ਕਰਦੀ ਸੀ। ਇਹ ਲੋਕਾਂ ਦੀ ਇਕ ਤਰ੍ਹਾਂ ਨਾਲ ਅਗਾਂਹ ਵਧਦੀ ਨੋਕ ਸੀ। ਮਾਓ ਨੇ ਇਸ ਨੂੰ ਕਲਚਰਲ ਇਨਕਲਾਬ ਵਿਚ ਵੀ ਵਰਤਿਆ। (ਲਗਦਾ ਸੀ ਕਿ ਮੁਲਖੱਈਏ ਨੂੰ ਪੀੜ ਹੋਵੇ ਤੇ ਇਹ ਹੂੰਗਦੀ ਹੈ। ਪਰ ਬਾਹਰਲਿਆਂ ਦਾ ਇਹ ਅੰਦਾਜ਼ਾ ਗ਼ਲਤ ਨਿਕਲਿਆ। ਮਾਓ ਦੇ ਮਰਨ ਦੀ ਡੇਰ ਹੋਈ ਤੇ ਇਹ ਆਪਣੇ ਕਮਾਂਡਰਾਂ ਦੇ ਮਗਰ ਲਗ ਕੇ ਬੁਰਜੁਆ ਪੈਂਤੜੇ ਵਾਲਿਆਂ ਦੀ ਰਖਵਾਲੀ ਬਣ ਗਈ। ਹੁਣ ਸਮਝ ਆਉਂਦੀ ਹੈ ਕਿ ਇਹ ਮਾਓ ਦੇ ਆਖੇ ਹੀ ਲਗਦੀ ਸੀ, ਸਿਆਸੀ ਤੌਰ 'ਤੇ ਇਹ ਪਰੋਲਤਾਰੀ ਦੇ ਪੈਂਤੜੇ 'ਤੇ ਨਹੀਂ ਸੀ ਪਹੁੰਚੀ। ਇਹ ਬੁਰਜੁਆ ਜਮਹੂਰੀ ਪੈਂਤੜੇ 'ਤੇ ਹੀ ਖੜੀ ਸੀ)।

**ਪ੍ਰਵੇਸ਼ ਹਾਲਾਤ ਦਾ ਫਰਕ** : ਚੀਨੀ ਇਨਕਲਾਬ ਦਾ ਵੇਗ ਹੀ ਐਸਾ ਸੀ ਕਿ ਇਨਕਲਾਬ ਦੇ ਆਇਆਂ ਮਗਰੋਂ ਸਾਮਰਾਜ ਦਾ ਹੌਂਸਲਾ ਹੀ ਨਹੀਂ ਪਿਆ ਕਿ ਉਹ ਬਾਹਰੋਂ ਮੁਦਾਖ਼ਲਤ ਕਰੇ। ਆਏ ਚੀਨੀ ਇਨਕਲਾਬ 'ਤੇ ਰੂਸ ਦੀ ਹਿਫ਼ਾਜ਼ਤੀ ਛਤਰੀ ਵੀ ਸੀ। ਉਸ ਨਾਲ ਪਿੱਛਾ ਵੀ ਲਗਦਾ ਸੀ। ਪਰ ਇਸ ਤੋਂ ਉਪਰੰਤ ਸਾਮਰਾਜ ਨੂੰ ਚਾਨਣਾ ਸੀ ਕਿ ਐਸੀ ਮੁਦਾਖ਼ਲਤ ਕਰ ਕੇ ਬਦੋਬਦੀ ਆਪਣਾ ਸਿਰ ਉਖਲੀ ਵਿਚ ਦੇਣ ਵਾਲੀ ਗੱਲ ਹੈ। ਆਏ ਇਨਕਲਾਬ ਨੂੰ ਉਲਟ-ਇਨਕਲਾਬ ਵਿਚ ਬਦਲਣਾ ਉਸ ਦੇ ਵੱਸ ਕੀ, ਕਿਸੇ ਵੀ ਬਾਹਰਲੇ ਦੇ ਵੱਸ ਦੀ ਗੱਲ ਨਹੀਂ ਸੀ। ਇਸ ਤੋਂ ਉਪਰੰਤ ਚੀਨ ਦਾ ਇਨਕਲਾਬ ਮੁਲਕ ਦੇ ਇਲਾਕੇ ਫਤਿਹ ਕਰਦਾ ਕਰਦਾ, ਅੱਗੇ ਵਧਦਾ ਵਧਦਾ ਆਪਣੇ ਨਿਸ਼ਾਨੇ 'ਤੇ ਪਹੁੰਚਿਆ ਸੀ। ਜਿਵੇਂ ਜਿਵੇਂ ਇਲਾਕੇ ਉਸ ਦੇ ਕਬਜ਼ੇ ਵਿਚ ਆਉਂਦੇ ਜਾਂਦੇ ਸਨ, ਉਹ ਉਹਨਾਂ ਦੀ ਆਰਥਕਤਾ ਸੁਆਰਦਾ ਆਇਆ ਸੀ। ਸੋ ਜਦੋਂ ਇਨਕਲਾਬ ਆਇਆ ਤੇ ਚਾਂਗ ਦੀ ਸਰਕਾਰ ਬਿਖਰੀ ਤੇ ਉਹ ਮੁਲਕ ਛਡ ਕੇ, ਭੱਜ ਕੇ ਫਾਰਮੋਸੇ ਨੂੰ ਗਿਆ, ਮੁਲਕ ਦੀ ਆਰਥਕਤਾ ਦੀ ਹਾਲਤ ਇਉਂ ਢਹਿ ਢੇਰੀ ਹੋਣ ਵਾਲੀ ਨਹੀਂ ਸੀ ਜਿਵੇਂ ਆਏ ਇਨਕਲਾਬ ਵੇਲੇ ਰੂਸੀ ਆਰਥਕਤਾ ਦੀ ਸੀ। ਕਾਲ ਪਿਆ ਕਿ ਪਿਆ, ਲੋਕ ਭੁਖੇ ਮਰੇ ਕਿ ਮਰੇ, ਤੇ ਭੁਖੇ ਮਰਦੇ ਉਹ ਇਨਕਲਾਬੀ ਸਰਕਾਰ ਤੋਂ ਬਦਜ਼ਨ ਹੋਏ ਕਿ ਹੋਏ ਦਾ ਤੌਖ਼ਲਾ ਚੀਨੀ ਇਨਕਲਾਬੀ ਸਰਕਾਰ ਨੂੰ ਕਦੇ ਵੀ ਨਹੀਂ ਸੀ।

ਰੂਸੀ ਇਨਕਲਾਬ ਨੇ ਕਾਮਯਾਬੀ ਨਾਲ ਖਾਨਾਜੰਗੀ ਤੇ ਬਾਹਰਲੀ ਸਾਮਰਾਜੀ ਮੁਦਾਖਲਤ ਨੂੰ ਖਤਮ ਤਾਂ ਕੀਤਾ, ਪਰ ਫੇਰ ਵੀ ਬਾਲਸ਼ਵਿਕ ਸਰਕਾਰ ਦੇ ਸਿਰ 'ਤੇ ਮਜਬੂਰੀ ਦੀ ਤਲਵਾਰ ਲਟਕਦੀ ਸੀ ਕਿ ਮੁਲਕ 'ਤੇ ਇਨਕਲਾਬੀ ਸਰਕਾਰ ਨੇ ਕਾਬਜ਼ ਰਹਿਣਾ ਕਿਸਤਰ੍ਹਾਂ ਹੈ। ਉਸ ਦੇ ਵਾਸਤੇ ਮੁਲਕ ਦੀ ਆਰਥਕਤਾ ਨੂੰ ਹਰ ਹੀਲੇ ਬਹਾਲ ਕਰਨਾ ਲਾਜ਼ਮੀ ਸੀ। ਇਨਕਲਾਬ ਲਿਆ-ਉਣ ਵੇਲੇ ਇਨਕਲਾਬੀ ਲੀਡਰਸ਼ਿਪ ਕੋਲ ਸਨਅਤੀ ਮਜ਼ਦੂਰ ਜਮਾਤ ਮੁਲਕ ਵਿਚ ਜਿੰਨੀ ਵੀ ਸੀ,

ਉਸ ਦਾ ਕਾਫ਼ੀ ਹਿੱਸਾ ਸਿਆਸੀ, ਮਾਰਕਸਵਾਦੀ ਤੌਰ 'ਤੇ ਚੇਤੰਨ ਸੀ। ਪਰ ਉਹ ਉਸ ਵੇਲੇ ਵੀ ਜ਼ਾਰ ਵਾਲੇ ਰਾਜ-ਪ੍ਰਬੰਧ ਦੀ ਸੱਫ ਨਹੀਂ ਸੀ ਵਲ੍ਹੇਟ ਸਕੀ। ਹੁਣ ਜਦੋਂ ਉਹ ਬਹੁਤ ਸਾਰਾ ਚੇਤੰਨ ਤਬਕਾ ਆਪਣੇ ਇਨਕਲਾਬ ਨੂੰ ਬਚਾਉਂਦਾ ਮੈਦਾਨੇ-ਜੰਗ ਦੀ ਭੇਟ ਹੋ ਚੁਕਾ ਸੀ, ਜ਼ਾਰ ਵਾਲੇ ਰਾਜ-ਪ੍ਰਬੰਧ ਦੇ ਅਡੰਬਰ ਨੂੰ ਬੇਦਖਲ ਕਰ ਸਕਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਆਰਥਕਤਾ ਨੂੰ ਬਹਾਲ ਕਰਨ ਵਾਸਤੇ ਬਾਲਸ਼ਵਿਕ ਸਰਕਾਰ ਨੂੰ, ਸਮਾਜਵਾਦ ਦੇ ਤਹਿ ਤਕ ਵਿਰੋਧੀ, ਜ਼ਾਰ ਵਾਲੇ ਇਸ ਰਾਜ-ਪ੍ਰਬੰਧ ਦੇ ਅਡੰਬਰ ਦਾ ਹੀ ਸਹਾਰਾ ਲੈਣਾ ਪਿਆ। ਉਸ ਦੀਆਂ ਮੁਸ਼ਕਾਂ ਕਸਣ, ਉਸ ਨੂੰ ਘਟਾਉਣ ਦੀ ਥਾਂ ਉਸ ਨੂੰ ਹੀ ਹੋਰ ਵਧਾਉਣਾ, ਫੈਲਾਉਣਾ ਪਿਆ ਤੇ ਉਸ ਨੂੰ ਹੋਰ ਤਾਕਤ ਦੇਣੀ ਪਈ। ਇਸ ਰਾਜ-ਪ੍ਰਬੰਧ ਦੇ ਅਡੰਬਰ ਦਾ ਅੱਗੇ ਨਾਲੋਂ ਵੀ ਮਜ਼ਬੂਤ ਹਣਾ, ਅਮਰ-ਵੇਲ ਵਾਂਗ ਫੈਲਣਾ ਸਮਾਜਵਾਦ ਦੀ ਉਸਾਰੀ ਦੇ ਨੁਕਤੇ ਤੋਂ ਮਾਰੂ ਸੀ।

ਇਸ ਦੇ ਕਾਬਜ਼ ਰਹਿਣ ਦੇ ਬਾਵਜੂਦ 1922 ਤੋਂ 1928 ਤਕ ਕਲਾ, ਵਿਦਿਆ, ਔਰਤ ਮਰਦ ਦੇ ਰਿਸ਼ਤੇ ਤੇ ਸਮਾਜਕ ਸਾਇੰਸਾਂ ਦੇ ਖੇਤਰਾਂ ਵਿਚ ਇਨਕਲਾਬ ਦੀ ਲਾਈ ਇਨਕਲਾਬੀ ਜਾਗ (revolutionary ferment) ਜਾਰੀ ਸੀ। ਅਤੇ ਜੇ ਇਸ ਲਗਦੀ ਜਾਂਦੀ ਜਾਗ ਦਾ ਸਿਰ ਨਾ ਕੱਪਿਆ ਜਾਂਦਾ ਤਾਂ ਇਹ ਮਜ਼ਬੂਤ ਤੇ ਹੁੰਦੜਹੇਲ ਹੋ ਕੇ ਸਮਾਜਵਾਦੀ ਤਾਕਤਾਂ ਤੇ ਰੁਖਾਂ ਦੀ ਜਨਮ-ਭੂਮੀ ਬਣ ਸਕਦੀ ਸੀ। ਇਸ ਦਾ ਸਿਰ ਕੱਪਿਆ ਕਿਸ ਨੇ ? ਇਕਾਨੋਮਿਜ਼ਮ ਨੇ। ਇਨਕਲਾਬੀ ਮਾਰ-ਕਸਵਾਦ ਉਤੇ ਇਸ ਦੀ ਪੂਰਨ ਜਿੱਤ ਨੇ। ਪਾਰਟੀ ਤੇ ਬਾਲਸ਼ਵਿਕ ਸਰਕਾਰ ਦੇ ਇਸ ਫੈਸਲੇ, ਇਸ ਨੀਤੀ ਨੇ ਕਿ ਸਭ ਕਾਸੇ ਦੀ ਲਗਾਮ ਆਰਥਕ ਉਸਾਰੀ ਦੇ ਹੱਥ ਫੜਾ ਦਿਓ।

ਆਰਥਕਤਾ ਦੇ ਸਮਾਜਵਾਦੀ ਰਾਹੇ ਪੈ ਕੇ ਉੱਸਰਨ ਦਾ ਰਾਹ ਅਜੇ ਖੁਲ੍ਹਿਆ ਹੀ ਨਹੀਂ ਸੀ। ਪਾਰਟੀ ਦੀ ਜੋ ਵਿਚਾਰਧਾਰਕ ਦਸ਼ਾ ਸੀ, ਉਸ ਵਿਚ ਸਮਾਜਵਾਦੀ ਰਾਹੇ ਉਸਾਰੀ ਦਾ ਰਾਹ ਖੁਲ੍ਹ ਸਕਦਾ ਵੀ ਨਹੀਂ ਸੀ। ਜਿਸ ਤਰ੍ਹਾਂ ਪਿਛੇ ਜ਼ਿਕਰ ਕੀਤਾ ਜਾ ਚੁਕਾ ਹੈ ਕਿ ਪਾਰਟੀ ਇਸ ਸੰਕਲਪ ਦੀ ਧਾਰਨੀ ਸੀ ਕਿ ਟੈਕਨੀਕ ਨਿਰਪਖ ਹੁੰਦੀ ਹੈ। ਸਵਾਲ ਸਿਰਫ਼ ਇਹ ਹੈ ਕਿ ਉਸ ਨੂੰ ਵਰਤਦੀ ਕਿਹੜੀ ਜਮਾਤ ਹੈ। ਲੜਾਈਂ ਲੜਨ ਦੇ ਢੰਗ ਬਾਬਤ ਅਸੀਂ ਵੇਖ ਆਏ ਹਾਂ। ਲੈਨਿਨ ਤਕ ਦਾ ਇਹ ਖ਼ਿਆਲ ਸੀ ਕਿ ਬੁਰਜੁਆ ਆਰਥਕ ਅਡੰਬਰ ਇਨਕਲਾਬੀ ਸਰਕਾਰ ਦੇ ਹੱਥ, ਉਸ ਦੀ ਅਗਵਾਈ ਹੇਠ ਸਮਾਜਵਾਦ ਦੀ ਉਸਾਰੀ ਦੀ ਨੀਂਹ ਬਣ ਸਕਦਾ ਹੈ। ਇਸ ਦੀ ਤਹਿ ਹੇਠ ਬੁਨਿਆਦੀ ਵਿਸ਼ਵਾਸ, ਬੁਨਿਆਦੀ ਸੰਕਲਪ ਕੀ ਹੈ ? ਅਚੇਤ ਜਾਂ ਸੁਚੇਤ ਸੰਕਲਪ ਇਹ ਹੈ ਕਿ ਸਮਾਜ ਦੀ ਆਰਥਕ ਉਸਾਰੀ ਵਿਚ, ਸਨਅਤੀ ਉਸਾਰੀ ਵਿਚ, ਸਨਅਤੀ ਮਜ਼ਦੂਰ ਜਮਾਤ ਤੇ ਉਸ ਦੇ ਪੈਂਤੜੇ ਦੀ ਸਰਦਾਰੀ ਛੜੱਪਾ ਮਾਰ ਕੇ ਕੋਈ ਪੜਾਅ ਕੱਟ ਨਹੀਂ ਸਕਦੀ। ਇਸ ਨੂੰ ਵੀ ਪੜਾਓ ਪੜਾਈ ਉਸੇ ਰਸਤੇ ਤੁਰਨਾ ਪੈਣਾ ਹੈ ਜਿਸ ਰਸਤੇ ਬੁਰਜੁਆਜ਼ੀ ਨੇ ਸਮਾਜ ਦੀ ਸਨਅਤੀ ਉਸਾਰੀ ਕੀਤੀ ਹੈ। ਇਹ ਵਿਸ਼ਵਾਸ, ਇਹ ਸੰਕਲਪ ਸਰਾਸਰ ਗ਼ਲਤ ਹੈ। ਪਰ ਰੂਸੀ ਪਾਰਟੀ ਅਚੇਤ ਜਾਂ ਸੁਚੇਤ ਇਸ ਵਿਸ਼ਵਾਸ, ਇਸੇ ਸੰਕਲਪ ਦੇ ਜੱਫੇ ਵਿਚ ਸੀ। ਸਮਾਜ ਦੀ ਉਸ ਦਸ਼ਾ ਤੇ ਪਾਰਟੀ ਦੀ ਇਸ ਵਿਚਾਰਧਾਰਕ ਪੁਜ਼ੀਸ਼ਨ ਵਿਚ, ਇਨਕਲਾਬ ਦੀ ਉਸ ਸਟੇਜ ਉਤੇ ਆਰਥਕ ਉਸਾਰੀ ਦਾ ਅਸਲਾ, ਉਸ ਦਾ ਮੂਲ ਕੀ ਸੀ ? ਕੀ ਹੋ ਸਕਦਾ ਸੀ ? ਉਸ ਦਾ ਨਿਰੋਲ ਅਸਲਾ ਸੀ—ਬੁਰਜੁਆ ਲੀਹਾਂ 'ਤੇ ਉਸਾਰੀ, ਪੈਦਾਵਾਰ ਦੇ ਬੁਰਜੁਆ ਰਿਸ਼ਤਿਆਂ ਦੇ ਅਧੀਨ ਉਸਾਰੀ, ਕੰਮ ਦੀ ਬੁਰਜੁਆ ਵੰਡ ਦੇ ਅਧੀਨ ਉਸਾਰੀ; ਕੰਮ ਦੀ ਬੁਰਜੁਆ ਪਰੇਰਨਾ, ਪੈਸੇ ਦੀ ਪਰੇਰਨਾ ਦੇ ਅਧੀਨ ਉਸਾਰੀ।



ਸਮਾਜ ਦੀ ਦਬਾਦਬ ਸਨਅਤੀ ਉਸਾਰੀ ਵਿੱਢਣ ਦੇ ਵਕਤ ਤਕ ਲੈਨਿਨ ਮਰ ਚੁਕਾ ਸੀ। ਆਪਣੇ ਅੰਤਲੇ ਸਮੇਂ ਜਿਸ ਚੇਤਨਤਾ ਦੇ ਰਾਹੇ ਇਨਕਲਾਬ ਦੀ ਸਟੇਜ ਦੀ ਲੋੜ ਉਸ ਨੂੰ ਲਿਜਾ ਰਹੀ ਸੀ, ਉਸ ਨੂੰ ਉਹ ਠੋਕ ਵਜਾ ਕੇ ਪ੍ਰਗਟ ਨਾ ਕਰ ਸਕਿਆ। ਉਹ ਸਿਰਫ਼ ਨਵੇਂ ਪੁੰਗਾਰੇ ਦੀ ਸਟੇਜ ਵਿਚ ਹੀ ਰਹੀ। ਸਗੋਂ ਇਹ ਕਹਿਣਾ ਜ਼ਿਆਦਾ ਸਹੀ ਹੈ ਕਿ ਉਹ ਨਵੇਂ ਨਿਕਲਦੇ ਸੂਇਆਂ ਦੀ ਸਟੇਜ ਤੋਂ ਅੱਗੇ ਨਾ ਲੰਘ ਸਕੀ। ਜਿਸ ਰਾਹੇ ਲੈਨਿਨ ਪੈ ਰਿਹਾ ਸੀ, ਪੈ ਗਿਆ ਸੀ, ਉਸ ਤੋਂ ਜ਼ਾਹਿਰ ਹੈ ਕਿ ਜੇ ਉਹ ਜੀਉਂਦਾ ਰਹਿੰਦਾ, ਪਾਰਟੀ ਦੀ ਅਗਵਾਈ ਕਰਦਾ ਰਹਿੰਦਾ ਤਾਂ ਇਨਕ-ਲਾਬ ਦੀ ਉਸ ਸਟੇਜ 'ਤੇ ਸਮਾਜਵਾਦ ਦੀ ਉਸਾਰੀ ਨੂੰ ਜੋ ਰਾਹ ਨਿਕਲਦਾ ਸੀ, ਉਸ ਨੂੰ ਉਹ ਕੱਢ ਲੈਂਦਾ। ਜਿਨ੍ਹਾਂ ਭੁਲੇਖਿਆਂ ਵਿਚੋਂ ਉਹ ਉਸ ਸਟੇਜ ਤਕ ਨਹੀਂ ਸੀ ਨਿਕਲਿਆ, ਉਹਨਾਂ ਵਿਚੋਂ ਨਿਕਲ ਜਾਂਦਾ। ਉਹ ਸਟੇਟ ਸਰਮਾਏਦਾਰੀ ਦੇ ਸਮਾਜਵਾਦ ਦੇ ਵਿਰੋਧੀ ਅਸਲੇ ਨੂੰ ਸਮਝ ਜਾਂਦਾ ਤੇ ਪੈਦਾਵਾਰ ਦੇ ਰਿਸ਼ਤਿਆਂ ਦੀ ਇਨਕਲਾਬੀ ਤਬਦੀਲੀ ਨੂੰ ਮੁਖੀ ਮਸਲਾ ਬਣਾ ਲੈਂਦਾ ਤੇ ਉਸ ਦੇ ਪ੍ਰਸੰਗ ਵਿਚ ਸਨਅਤੀ ਉਸਾਰੀ ਦੇ ਮਸਲੇ ਨੂੰ ਵਿੱਢਦਾ। ਇਨਕਲਾਬ ਨੂੰ ਨੇਪਰੇ ਚੜ੍ਹਾਉਣ ਦੇ ਰਾਹੇ ਪੈ ਕੇ ਲਗਾਤਾਰ ਜਮਾਤੀ ਜਦੋ-ਜਹਿਦ ਦੀ ਲੋੜ ਨੂੰ ਪਾਰਟੀ ਦੇ ਹੱਡਾਂ ਵਿਚ ਵਾੜਦਾ। ਉਹ, ਆਪਣੇ ਲਫ਼ਜ਼ਾਂ ਵਿਚ, ਉਹ ਹੀ ਨਾਹਰਾ ਦੇਂਦਾ ਜੋ ਉਸ ਸਟੇਜ 'ਤੇ ਆਏ ਚੀਨੀ ਇਨਕ-ਲਾਬ ਵੇਲੇ ਮਾਓ ਨੇ ਦਿਤਾ—ਇਨਕਲਾਬ ਨੂੰ ਚੰਬੜੋ ਤੇ ਪੈਦਾਵਾਰ ਨੂੰ ਧੱਕਾ ਲਾਓ। ਪਰ ਜ਼ਿੰਦਗੀ ਨੇ ਉਸ ਦਾ ਸਾਥ ਨਾ ਦਿਤਾ ਤੇ ਸਮਾਜਵਾਦੀ ਰਾਹ ਦੀ ਪੁੰਗਰਦੀ ਚੇਤਨਾ ਉਸ ਦੀ ਮੌਤ ਦੇ ਨਾਲ ਹੀ ਮੁਰਝਾ ਕੇ ਮਰ ਗਈ।

ਉਸ ਦੇ ਮਰਨ ਤੋਂ ਮਗਰੋਂ ਉਸ ਪੁੰਗਰ ਰਹੀ ਸਮਾਜਵਾਦੀ ਚੇਤਨਤਾ ਦੇ ਰਾਹ ਦਾ ਪਾਂਧੀ ਪਾਰਟੀ ਦਾ ਕੋਈ ਹੋਰ ਲੀਡਰ ਬਣਿਆ ਹੀ ਨਾ। ਮੁਲਕ ਦੇ ਰਾਜ-ਪ੍ਰਬੰਧ ਦੇ ਅਡੰਬਰ ਦੇ ਅਸਰ, ਤੇ ਉਸ ਦੇ ਨਾਲ ਸਮੇਤ ਪਾਰਟੀ ਦੇ, ਜ਼ਿੰਦਗੀ ਦੇ ਹਰ ਪਹਿਲੂ ਵਿਚ ਪੈਦਾ ਹੋ ਰਹੀ ਅਫ਼ਸਰ-ਸ਼ਾਹੀ ਦੇ ਅਸਰ ਹੇਠ ਬੁਰਜੁਆ ਪੈਂਤੜਾ ਖੜੀ ਮਾਲੀ ਲੈ ਗਿਆ। ਸਨਅਤੀ ਉਸਾਰੀ ਦੇ ਵਿੱਢਣ ਤਕ ਸਾਰੀ ਪਾਰਟੀ ਇਕਾਨੋਮਿਜ਼ਮ ਦਾ ਪੂਰੀ ਤਰ੍ਹਾਂ ਸ਼ਿਕਾਰ ਹੋ ਚੁਕੀ ਸੀ। ਨਤੀਜਾ ਇਹ ਨਿਕਲਿਆ ਕਿ ਵਿਸਥਾਰ ਦੇ ਮਤਭੇਦਾਂ ਤੋਂ ਇਲਾਵਾ ਮੂਲ ਰੂਪ ਵਿਚ ਸਨਅਤੀ ਉਸਾਰੀ ਦਾ ਇਹ ਪੈਟਰਨ ਹੀ ਸਭਸ ਨੂੰ ਇਕੋ ਇਕ ਰਾਹ ਨਜ਼ਰ ਆਉਣ ਲਗ ਪਿਆ।

ਇਨਕਲਾਬ ਦੀ ਉਸ ਸਟੇਜ ਉਤੇ ਚਾਹੀਦਾ ਕੀ ਸੀ ? ਚਾਹੀਦਾ ਸੀ ਜ਼ਾਰ ਦੇ ਰਾਜ-ਪ੍ਰਬੰਧ ਦੇ ਅਡੰਬਰ ਦੇ ਗਲ ਗੂਠਾ ਤੇ ਪਾਰਟੀ, ਰਾਜ-ਪ੍ਰਬੰਧ, ਫੌਜ, ਆਰਥਕ ਪੈਦਾਵਾਰ ਦੇ ਕੇਂਦਰਾਂ, ਵਿਦਿਅਕ ਅਡੰਬਰ ਆਦਿ—ਸਾਰੇ ਸਮਾਜ ਵਿਚ ਵਿਸ਼ਾਲ ਪੈਮਾਨੇ 'ਤੇ ਕਲਚਰਲ ਇਨਕਲਾਬ। ਹੋਇਆ ਕੀ ? ਬੁਰਜੁਆ ਰਾਹੇ ਆਰਥਕ ਉਸਾਰੀ ਦੀ ਡਿਕਟੇਟਰ-ਸ਼ਿਪ ਨੇ ਕੀਤਾ ਕੀ ? ਉਹੀ, ਜੋ ਉਸ ਕਰਨਾ ਸੀ, ਜੋ ਉਸ ਨੂੰ ਪੁਗਦਾ ਸੀ, ਕਲਚਰਲ ਉਲਟ-ਇਨਕਲਾਬ। ਜਦੋਂ ਪਾਰਟੀ ਤੇ ਬਾਲਸ਼ਵਿਕ ਸਰਕਾਰ ਨੇ ਸਮਾਜ ਉਤੇ ਬੁਰਜੁਆ ਅਸਲੇ ਵਾਲੀ ਆਰਥਕ ਉਸਾਰੀ ਦੀ ਡਿਕਟੇਟਰਸ਼ਿਪ ਸਥਾਪਤ ਕਰਨ ਵਾਸਤੇ ਸਿਰ-ਧੜ ਦੀ ਲਾ ਲਈ, ਆਪਣੀ ਹੋਂਦ, ਆਪਣੀ ਜਿੰਦ ਜਾਨ ਹੀ ਉਸ ਸਥਾਪਤੀ ਨੂੰ ਸਮਝ ਲਿਆ ਤਾਂ ਹੋਇਆ ਕੀ ? ਅਨਭੋਲ ਹੀ ਸਮਾਜਵਾਦ ਦੇ ਰਾਹ ਨੂੰ, ਉਸ ਦੀ ਉਸਾਰੀ ਨੂੰ ਉਸ ਤੋਂ ਵਾਰਨ ਦੀ ਕੀਮਤ ਦੇ ਦਿਤੀ। ਸਨਅਤੀ ਉਸਾਰੀ ਵਾਸਤੇ ਮੁਢਲਾ ਸਰਮਾਇਆ ਬੁਰਜੁਆ ਤਰੀਕੇ ਨਾਲ ਹੀ ਇਕੱਠਾ ਕਰਨਾ ਅਰੰਭਿਆ। ਕਿਸਾਨ ਤਬਕੇ ਨੂੰ ਉਪਰੋਂ ਇਨਕਲਾਬ ਲਿਆ ਕੇ ਸ਼ਿਕੰਜੇ ਵਿਚ ਪਾਇਆ। ਉਸ ਕੋਲੋਂ ਕਰ

ਉਗਰਾਹਿਆ। ਸਨਅਤੀ ਮਜ਼ਦੂਰ ਨੂੰ ਪੀੜਿਆ। ਸਿਆਸੀ ਰੋਲਰ ਉਹ ਚਲਾਇਆ ਕਿ ਮੁਲ-ਖੱਈਏ ਨੂੰ ਦਰੜ ਕੇ ਰਖ ਦਿੱਤਾ। ਪਰੋਲਤਾਰੀ ਜਮਾਤ ਨੂੰ ਡੇਲਿਆਂ ਵਾਂਗ ਐਟੋਮਾਈਜ਼ ਕੀਤਾ, ਉਸ ਦੀ ਜ਼ਬਾਨਬੰਦੀ ਕੀਤੀ। ਸਿਆਸੀ ਚੇਤਨਤਾ ਦਾ ਉਸ ਤੇ ਸਾਇਆ ਵੀ ਨਾ ਪੈਣ ਦਿਤਾ, ਅਤੇ ਸਰਬ-ਵਿਆਪੀ ਖੁਫੀਆ ਪੁਲਸ ਨਾਲ ਉਸ ਦੀ ਖਲ ਵਿਚ ਉਹ ਡਰ ਪਾਇਆ, ਉਸ ਦਾ ਉਹ ਸਾਹ ਪੀਤਾ ਕਿ ਰਹੇ ਰੱਬ ਦਾ ਨਾਂ। ਗਲ ਕੀ, ਸਟਾਲਨ ਸਰਕਾਰ ਨੇ ਸਮਾਜ ਦੀ ਵਸੋਂ ਨੂੰ ਅਫਸਰਸ਼ਾਹੀ ਦੇ ਹਵਾਲੇ ਕਰ ਦਿਤਾ। ਇਹ ਤਾਂ ਕਿਸੇ ਕੋਲੋਂ ਲੁਕੀ ਛੁਪੀ ਗਲ ਨਹੀਂ ਕਿ ਅਫਸਰਸ਼ਾਹੀ, ਨੌਕਰਸ਼ਾਹੀ ਲੋਕਾਂ ਵਾਸਤੇ ਡੈਣ ਹੁੰਦੀ ਹੈ।

ਬੁਰਜੁਆ ਲੀਹਾਂ ਦੇ ਆਧਾਰ 'ਤੇ ਮੁਢਲੇ ਸਰਮਾਏ ਨੂੰ ਜੋੜਨ ਵਿਚ, ਰੜੇ ਤੋਂ ਤੁਰ ਕੇ ਬੁਰਜੁਆ ਰਾਹੇ ਸਨਅਤੀ ਉਸਾਰੀ ਕਰਨ ਵਿਚ ਇਹੋ ਕੁਝ ਹੀ ਹੋਣਾ ਸੀ, ਸੋ ਹੋਇਆ। ਇਸ ਰਾਹੇ ਪਿਆਂ ਬੰਦੇ ਦੀ ਬਣਤਰ ਸਮਾਜਵਾਦੀ ਤਾਂ ਕੀ ਬਣਨੀ ਸੀ, ਉਸ ਦਾ ਤਾਂ ਬੀਜ ਨਾਸ ਹੋਣ ਤਕ ਗਿਆ। ਪੈਦਾਵਾਰ ਦੇ ਬੁਰਜੁਆ ਵੇਗ ਨੇ, ਉਸ ਦੀ ਡਿਕਟੇਟਰਸ਼ਿਪ ਨੇ ਬੰਦੇ ਦੀ, ਵਸੋਂ ਦੀ ਬਣਤਰ ਬੁਰਜੁਆ ਹੀ ਬਣਾਉਣੀ ਸੀ, ਸੋ ਬਣਾਈ। ਇਸ ਹਾਲਤ ਵਿਚ ਪੈਦਾਵਾਰ ਦੇ ਵਸੀਲਿਆਂ ਦੇ ਸਟੇਟ ਦੀ ਮਲਕੀਅਤ ਹੋਣ ਤੇ ਆਰਥਕ ਪਲਾਨ ਵਿਚ ਸਮਾਜਵਾਦ ਦੇ ਅਸਲੇ ਦੀ ਰਿਜ਼ਮ ਰਹਿ ਜਾਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਜਦੋਂ ਪਾਰਟੀ ਤੇ ਸਟੇਟ ਬੁਰਜੁਆ ਰਾਹੇ ਆਰਥਕ ਉਸਾਰੀ ਦੀ ਡਿਕਟੇਟਰਸ਼ਿਪ ਨੂੰ ਸਥਾਪਤ ਕਰਨ 'ਤੇ ਤੁਲ ਗਈਆਂ ਤਾਂ ਰੂਸੀ ਆਰਥਕ ਸਮਾਜਕ ਫ਼ਾਰਮੇਸ਼ਨ ਦੇ ਸਮਾਜਵਾਦੀ ਹੋਣ ਦਾ ਦਰ ਬੰਦ ਹੋ ਹੀ ਜਾਣਾ ਸੀ, ਸੋ ਹੋਇਆ।

**ਮਾਓ ਦੀ ਸੇਧ :** ਮਾਓ ਦੀ ਅਗਵਾਈ ਏਸ ਗੱਲ ਦੀ ਧਾਰਨੀ ਕਦੇ ਵੀ ਨਹੀਂ ਬਣੀ ਕਿ ਇਨਕਲਾਬ ਦੇ ਮਗਰੋਂ ਪਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਅਧੀਨ, ਪਰੋਲਤਾਰੀ ਜਮਾਤ ਵਾਸਤੇ ਇਹ ਵਿੱਧ-ਮਾਤਾ ਦੇ ਅੱਖਰ ਹਨ ਕਿ ਸਮਾਜ ਦੀ ਸਨਅਤੀ ਉਸਾਰੀ ਵਿਚ ਉਹ ਬੁਰਜੁਆ ਲੀਹੇ ਹੀ ਤੁਰੇ। ਇਸ ਨੁਕਤੇ ਬਾਬਤ ਸਗੋਂ ਉਸ ਦੀ ਅਗਵਾਈ ਦੀ ਬੁਨਿਆਦ ਹੀ ਇਹ ਸੀ ਕਿ ਪਰੋਲਤਾਰੀ ਛੜੱਪਾ ਮਾਰ ਸਕਦੀ ਹੈ ਅਤੇ ਮਾਰੇਗੀ। ਇਸ ਛੜੱਪੇ ਦੇ ਵੱਜਣ ਵਾਸਤੇ ਲੋੜ ਹੈ ਸਹੀ ਸਿਆਸੀ, ਵਿਚਾਰਧਾਰਕ ਅਗਵਾਈ ਦੀ, ਲਗਾਤਾਰ ਆਰਥਕ, ਸਿਆਸੀ, ਵਿਚਾਰਧਾਰਕ ਜਮਾਤੀ ਜਦੋ-ਜਹਿਦ ਦੀ, ਜਮਾਤੀ ਜਦੋ-ਜਹਿਦ ਨੂੰ ਚੂਲੀ ਕੜੀ (Key Link) ਬਣਾਉਣ ਦੀ।

ਮਾਓ ਦੀ ਅਗਵਾਈ ਦਾ ਮੂਲ ਬੁਨਿਆਦੀ ਧੁਰਾ ਹੀ ਇਹ ਸੀ ਕਿ ਪੈਦਾਵਾਰ ਦੇ ਰਿਸ਼ਤਿਆਂ ਨੂੰ ਬੁਰਜੁਆਜ਼ੀ ਤੋਂ ਸਮਾਜਵਾਦੀ ਰਿਸ਼ਤਿਆਂ ਵਿਚ ਤਬਦੀਲ ਕਰਨ ਵਾਸਤੇ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਨੂੰ ਉਡੀਕਣ ਦੀ ਲੋੜ ਨਹੀਂ। ਉਸ ਦੇ ਮੁਤਾਬਿਕ ਇਹ ਸਿਧਾਂਤ ਬਿਲਕੁਲ ਗ਼ਲਤ ਹੈ ਕਿ ਇਨਕਲਾਬ ਦੇ ਮਗਰੋਂ ਪਹਿਲਾਂ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਹੋਵੇ, ਪੱਕੇ ਤੌਰ 'ਤੇ ਲੋੜੀਂਦੀ ਉਸਾਰੀ ਹੋਵੇ ਤੇ ਫੇਰ ਹੀ ਪੈਦਾਵਾਰ ਦੇ ਸਮਾਜਵਾਦੀ ਰਿਸ਼ਤੇ ਉਸਾਰੇ ਜਾ ਸਕਦੇ ਹਨ। ਉਸ ਦਾ ਜ਼ੋਰ ਹੀ ਸਗੋਂ ਇਸ ਗੱਲ 'ਤੇ ਸੀ ਕਿ ਅਜ ਦੇ ਪ੍ਰਸੰਗ ਵਿਚ ਇਨਕਲਾਬ ਦੇ ਆਇਆਂ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਤੋਂ ਪਹਿਲਾਂ ਨਾ ਸਿਰਫ਼ ਪੈਦਾਵਾਰ ਦੇ ਰਿਸ਼ਤੇ ਬਦਲੇ ਜਾ ਸਕਦੇ ਹਨ, ਸਮਾਜਵਾਦੀ ਰਿਸ਼ਤੇ ਉਸਾਰੇ ਜਾ ਸਕਦੇ ਹਨ, ਬਲਕਿ ਪਹਿਲਾਂ ਉਸਾਰਨੇ ਚਾਹੀਦੇ ਹਨ। ਪੈਦਾਵਾਰ ਦੇ ਰਿਸ਼ਤਿਆਂ ਦੀ ਕਾਇਆਂ-ਪਲਟੀ ਕੀਤਿਆਂ ਹੀ, ਸਮਾਜਵਾਦੀ ਰਿਸ਼ਤੇ ਉਸਾਰਿਆਂ ਹੀ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਦੀ ਬੰਦ-ਖਲਾਸ



ਹੁੰਦੀ ਹੈ।

ਮਾਰਕਸ ਦੇ ਇਸ ਕਥਨ ਦਾ ਕਿ ਸਭ ਨਾਲੋਂ ਤਾਕਤਵਾਰ ਪੈਦਾਵਾਰ ਦੀ ਸ਼ਕਤੀ ਇਨਕਲਾਬੀ ਜ਼ਮਾਤ ਆਪ ਹੀ ਹੈ--ਦਾ ਵੀ ਇਹ ਹੀ ਅਰਥ ਹੈ ਕਿ ਬੰਦਾ ਪਹਿਲਾਂ ਤੇ ਕੁਦਰਤ ਪਿਛੋਂ, ਇਨਕਲਾਬ ਪਹਿਲਾਂ ਤੇ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਉਸ ਦੇ ਆਧਾਰ 'ਤੇ। ਉਹ ਹੀ ਮਤਲਬ ਹੈ ਜੋ ਮਾਓ ਦੇ ਦਿੱਤੇ ਨਾਹਰੇ ਦਾ, ਦੱਸੇ ਸਿਧਾਂਤ ਦਾ ਅਰਥ ਹੈ ਕਿ ਇਨਕਲਾਬ ਨੂੰ ਜੱਫਾ ਮਾਰੋ ਤੇ ਪੈਦਾਵਾਰ ਵਧਾਉ ਜਾਂ ਉਸ ਦੇ ਦੱਸੇ ਇਸ ਸਿਧਾਂਤ ਦਾ ਹੈ ਕਿ ਕਮਾਨ ਲਾਜ਼ਮੀ ਪਰੋਲਤਾਰੀ ਦੀ ਸਿਆਸਤ ਦੇ ਹੱਥ ਹੀ ਰਹਿਣੀ ਚਾਹੀਦੀ ਹੈ; ਆਰਥਕਤਾ ਦੀ ਸਰਦਾਰੀ ਕਦੇ ਵੀ ਨਹੀਂ ਹੋਣੀ ਚਾਹੀਦੀ। ਆਰਥਕਤਾ ਦੇ ਹੱਥ ਕਮਾਨ ਹੋਣ ਦਾ ਮਤਲਬ ਉਸ ਦੀ ਸਰਦਾਰੀ ਦਾ ਅਰਥ ਪੈਦਾਵਾਰ ਦੇ ਬੁਰਜੁਆ ਰਿਸ਼ਤਿਆਂ ਦੀ ਸਰਦਾਰੀ ਹੈ, ਅਤੇ ਇਨਕਲਾਬ ਦੀ, ਸਮਾਜਵਾਦ ਦੀ ਨਿਗੇਸ਼ਨ ਹੈ, ਬੰਦੇ ਦੀ ਗੁਲਾਮੀ ਹੈ। ਪਹਿਲ ਕਿਸ ਦੀ ? ਅਗਵਾਈ ਕਿਸ ਦੀ ? ਸਰਦਾਰੀ ਕਿਸ ਦੀ ? ਇਨਕਲਾਬ ਦੀ, ਜਾਂ ਪੈਦਾਵਾਰ ਦੀ, ਆਰਥਕਤਾ ਦੀ ?—ਇਹ ਹੀ ਸਾਰੀ ਗੱਲ ਦਾ ਬੁਨਿਆਦੀ ਨੁਕਤਾ ਹੈ।

ਅਸਲ ਵਿਚ ਸਾਰਾ ਝਗੜਾ ਹੀ ਇਹ ਹੈ ਕਿ ਇਕ ਪਾਸੇ ਇਕਾਨੋਮਿਜ਼ਮ ਹੈ ਤੇ ਦੂਸਰੇ ਪਾਸੇ ਇਨਕਲਾਬ ਹੈ, ਸਮਾਜਵਾਦ ਹੈ। ਇਸ ਦੇ ਵਿਸਥਾਰ ਵਿਚ ਏਥੇ ਨਹੀਂ ਜਾਇਆ ਜਾ ਸਕਦਾ। ਏਥੇ ਸਿਰਫ਼ ਇਹ ਹੀ ਸਾਫ਼ ਕਰਨਾ ਹੈ ਕਿ ਮਾਓ ਦੀ ਅਗਵਾਈ ਇਨਕਲਾਬ ਦੀ ਪਹਿਲ ਦੇ, ਉਸ ਦੀ ਸਰਦਾਰੀ ਦੇ ਹੱਕ ਵਿਚ ਸੀ; ਪੈਦਾਵਾਰ ਦੀ ਸਰਦਾਰੀ ਦਾ ਉਹ ਡੱਟ ਕੇ ਵਿਰੋਧੀ ਸੀ। ਇਸ ਦਾ ਮਤਲਬ ਇਹ ਨਹੀਂ ਕਿ ਮਾਓ ਦੇ ਜੀਉਂਦਿਆਂ ਉਸ ਦੀ ਅਗਵਾਈ ਦੀ ਸਮਾਜਕ ਮਨੁਖੀ ਅਮਲ ਵਿਚ ਸੋਲਾਂ ਆਨੇ ਤਰਜਮਾਨੀ ਹੁੰਦੀ ਸੀ। ਸਮਾਜ ਵਿਚ ਅਤੇ ਪਾਰਟੀ ਤੇ ਰਾਜ-ਪ੍ਰਬੰਧ ਦੇ ਅੰਦਰ ਬੁਰਜੁਆ ਤੇ ਪਰੋਲਤਾਰੀ ਪੈਂਤੜਿਆਂ ਦੀ ਆਪਸ ਵਿਚ ਬੁਰਦੋ-ਬੁਰਦੀ ਚਲ ਰਹੀ ਸੀ, ਚਲਣੀ ਲਾਜ਼ਮੀ ਸੀ। ਸੋ ਮਾਓ ਦੀ ਅਗਵਾਈ ਦੀ ਅਮਲ ਵਿਚ ਸੋਲਾਂ ਆਨੇ ਤਰਜਮਾਨੀ ਨਾ ਮੁਮਕਿਨ ਸੀ ਤੇ ਨਾ ਹੋਈ। ਜੇ ਸੋਲਾਂ ਆਨੇ ਤਰਜਮਾਨੀ ਹੁੰਦੀ ਆਉਂਦੀ ਤਾਂ ਜਿਵੇਂ ਉਸ ਦੇ ਮਰਦਿਆਂ ਹੀ ਬੁਰਜੁਆ ਪੈਂਤੜੇ ਦੀ ਚੜ੍ਹਤ ਹੋ ਗਈ ਹੈ ਅਤੇ ਚੀਨ ਵਿਚ ਉਲਟ-ਇਨਕਲਾਬ ਆ ਗਿਆ ਹੈ, ਆਰਥਕਤਾ ਦੀ, ਪੈਦਾਵਾਰ ਦੀ ਸਰਦਾਰੀ ਸਥਾਪਤ ਹੋ ਗਈ ਹੈ ਉਹ ਨਾ ਹੁੰਦੀ। ਦੋਹਾਂ ਪੈਂਤੜਿਆਂ ਦੀ ਆਪਸ ਵਿਚ ਜਮਾਤੀ ਜਦੋ-ਜਹਿਦ ਤਾਂ ਚਲਣੀ ਹੀ ਸੀ ਤੇ ਮਾਓ ਦੇ ਜੀਉਂਦਿਆਂ ਵੀ ਚਲਦੀ ਸੀ। ਪਰ ਉਸ ਦੇ ਜੀਉਂਦਿਆਂ ਚੜ੍ਹਤ ਉਸ ਦੀ ਲਾਈਨ ਦੀ ਸੀ। ਇਸ ਵਾਸਤੇ ਕਾਸ਼ਤਕਾਰੀ ਕੋਲੋਂ ਕਰ ਨਾ ਉਗਰਾਹਿਆ ਗਿਆ। ਬੁਰਜੁਆ ਪੈਂਤੜੇ ਵਾਲਾ ਮੁਢਲਾ ਸਰਮਾਇਆ ਨਾ ਜੋੜਿਆ ਗਿਆ। ਨੀਤੀ ਅਪਣਾਈ ਗਈ ਕਿ ਕਾਸ਼ਤਕਾਰੀ ਨੀਂਹ ਹੈ ਅਤੇ ਸਨਅਤ, ਮੋਹਰੀ ਅੰਗ। ਕਾਸ਼ਤਕਾਰੀ ਦੇ ਖੇਤਰ ਵਿਚ ਪੈਦਾਵਾਰ ਦੇ ਰਿਸ਼ਤੇ ਬਦਲਣ ਵਲ ਠੋਸ ਕਦਮ ਉਠਾਏ ਗਏ। ਕਮਿਊਨਾਂ ਦੀ ਸਥਾਪਨਾ ਕੀਤੀ ਗਈ। ਇਹ ਠੀਕ ਹੈ ਕਿ ਜਦੋਂ ਤਕ ਰੂਸ ਨਾਲ ਅਨਜੋੜ ਨਹੀਂ ਸੀ ਹੋਇਆ ਤੇ ਉਹ ਸਨਅਤੀ ਉਸਾਰੀ ਵਾਸਤੇ ਪੂਰੇ ਅਤੇ ਪੂਰੇ—ਚਲਦੇ ਕਾਰਖ਼ਾਨੇ ਦੇਂਦਾ ਸੀ, ਉਹ ਚੀਨ ਦੀ ਧਰਤੀ 'ਤੇ ਆ ਕੇ ਵੀ ਉਸ ਤਰ੍ਹਾਂ ਹੀ ਚਲਾਏ ਜਾਂਦੇ ਸਨ, ਜਿਸ ਤਰ੍ਹਾਂ ਕਿ ਉਹ ਰੂਸ ਵਿਚ ਚਲਾਏ ਜਾਂਦੇ ਸਨ। ਅਤੇ ਉਹ ਸੋਲਾਂ ਆਨੇ ਬੁਰਜੁਆ ਰਾਹ ਸੀ। ਬੁਰਜੁਆ ਇਸ ਗੱਲ ਦੇ ਕਿ ਉਹ ਸਟੇਟ ਦੀ ਮਲਕੀਅਤ ਸਨ ਅਤੇ ਉਹ ਮਾਲ ਪੈਦਾ ਕਰਦੇ ਸਨ ਸਰਕਾਰ ਦੇ ਮਿਥੇ ਮਨੋਰਥਾਂ ਵਾਸਤੇ। ਸਨਅਤੀ ਪੈਦਾਵਾਰ ਦੇ ਹੋਰਨਾਂ ਕੇਂਦਰਾਂ ਵਿਚ ਵੀ ਪੈਦਾਵਾਰ

ਦੇ ਰਿਸ਼ਤਿਆਂ ਦਾ ਪੈਟਰਨ ਇਹ ਹੀ ਸੀ। ਉਹਨਾਂ ਦੇ ਵਿਚਲੇ ਬੁਰਜੂਆ ਰਿਸ਼ਤਿਆਂ ਨੂੰ ਸਮਾਜਵਾਦੀ ਰਿਸ਼ਤਿਆਂ ਵਿਚ ਬਦਲਣ ਦੀ ਕੋਈ ਖਾਸ ਕੋਸ਼ਿਸ਼ ਨਹੀਂ ਸੀ ਕੀਤੀ ਗਈ। ਉਹਨਾਂ ਦੇ ਪ੍ਰਬੰਧ ਦਾ ਪੈਟਰਨ ਵੀ ਬਹੁਤ ਹਦ ਤਕ, ਉਹੀ, ਬੁਰਜੂਆ ਲੀਹਾਂ 'ਤੇ ਹੀ ਸੀ। ਪਰ ਮਾਓ ਕਲਚਰਲ ਇਨਕਲਾਬ ਲਿਆਉਣ ਵਾਸਤੇ ਸੋਚ ਰਿਹਾ ਸੀ, ਵਿਉਂਤ ਰਿਹਾ ਸੀ। ਇਹੋ ਜਿਹੇ ਮਹਾਨ ਇਨਕਲਾਬ ਰਾਤੋ-ਰਾਤ ਨਹੀਂ ਵਿੱਢੇ ਜਾ ਸਕਦੇ। ਆਪਸ ਵਿਚ ਵਿਰੋਧੀ ਦੋਹਾਂ ਜਮਾਤੀ ਪੈਂਤੜਿਆਂ ਦੀ ਵਗਦੀ ਜਮਾਤੀ ਜਦੋ-ਜਹਿਦ ਦੀ ਹਨੇਰੀ ਵਿਚ ਇਹਨਾਂ ਵਾਸਤੇ ਵਡੇ ਪੈਮਾਨੇ ਉਤੇ ਲੰਮੀ ਤਿਆਰੀ ਦੀ ਲੋੜ ਹੁਦੀ ਹੈ। (ਚਲਦਾ)

---

1. Lenin said that "small production engenders capitalism and bourgeoisie continuously, daily, hourly, spontaneously, and on a mass scale. They are also engendered among a part of the working class and of the party membership. Both within the ranks of the proletariat and among the personnel of state and other organs there are people who take to the bourgeois style of life."

2. The greatest productive power is the revolutionary class itself. MARX

3. Since there is no economic basis for economic reformism in colonial and semi-colonial China as there is in Europe, the whole proletariat with the exception of a few scabs, is most revolutionary. MAO, Selected Works, Vol.II,p. 324

3. Owing to the education and training received in the People's Army, millions of ordinary workers and peasants and many students and other intellectuals of petty bourgeois origin have gradually revolutionised themselves (in thinking and action) and become steadfast, politically conscious fighters and mainstays in revolution and construction.

The result was that China, on the morrow of the revolution, was much more richly endowed with revolutionary human material than Russia had been. HONGQI(No.5, 1964)

---

ਨੋਟ : ਡਾਇਰੈਕਟਰ, ਸਿਖਿਆ ਵਿਭਾਗ, ਪੰਜਾਬ ਦੀ ਚਿੱਠੀ ਨੰ: 3/63-72 ਐ: ਪੰ: ਮਿਤੀ 24.7.3 ਅਨੁਸਾਰ ਸੇਧ ਕਾਲਜਾਂ ਦੀਆਂ ਲਾਇਬ੍ਰੇਰੀਆਂ ਲਈ ਮੰਨਜ਼ੂਰ ਹੈ।



"I shall retain my disbelief in legislatures as an instrument for obtaining swaraj in terms of masses. But I see that I have failed to wean away some of the Congressmen from their faith in council-entry. The question therefore is whether they should or should not enforce their desire to enter legislatures as Congress representatives. I have no doubte that they must have the recognition they want. Not to give it, will be to refuse to make use of the talents we possess...The parliamentary work must be left to those who are so inclined. In its own place it will be useful. But the Congress will commit suicide if its attention is solely devoted to legislature work. Swaraj can only come through an act round consciousness of the masses."—GANDHI

ਭਗਵਾਨ ਸਿੰਘ ਜੋਸ਼

## ਮਾਰਕਸਵਾਦ, ਗਾਂਧੀ ਅਤੇ ਕੌਮੀ ਆਜ਼ਾਦੀ ਦੀ ਲਹਿਰ—3

ਜਦ 'ਕਾਂਗਰਸ ਲਹਿਰ' ਨੂੰ ਸੰਸਾਰ ਦੀਆਂ ਲਹਿਰਾਂ ਦੇ ਚੌਖਟੇ ਵਿਚ ਰੱਖਿਆ ਜਾਵੇ ਤਾਂ ਮੋਟੇ ਤੌਰ 'ਤੇ ਵੇਖਣ ਨੂੰ ਇਸ ਦੀ ਕੀ ਵਿਸ਼ੇਸ਼ਤਾ ਹੈ ? ਇਸ ਵਿਸ਼ੇਸ਼ਤਾ ਨੂੰ ਇੰਜ ਦਰਸਾਇਆ ਜਾ ਸਕਦਾ ਹੈ:

ਤੀਜੀ ਕੌਮਾਂਤਰੀ ਦੀ ਸਿਆਸਤ (ਭਾਵ ਬਾਲਸ਼ਵਿਕ ਟਾਈਪ ਕਮਿਊਨਿਸਟ ਪਾਰਟੀ ਦੀ ਸਿਆਸਤ) ਹੁਣ ਤੱਕ ਸੰਸਾਰ ਵਿਚ ਜਿਥੇ ਕਿਤੇ ਵੀ ਤਾਕਤ ਵਿਚ ਆਈ ਹੈ ਜਾਂ ਇੰਜ ਕਹੋ ਕਿ ਜਿਥੇ ਕਿਤੇ ਵੀ ਇਸ ਪਾਰਟੀ (Twentieth Century Jacobianism) ਨੇ ਲੋਟੂ ਸਟੇਟ ਨੂੰ ਢਾਹਿਆ ਹੈ, ਅਜਿਹਾ ਕੇਵਲ ਉਥੇ ਹੀ ਸੰਭਵ ਹੋ ਸਕਿਆ ਹੈ ਜਿਥੇ ਸਟੇਟ ਦਾ ਢਾਂਚਾ ਬੁਰਜਵਾ ਸੰਵਿਧਾਨਕ ਲੀਹਾਂ 'ਤੇ (bourgeois constitutional framework) ਨਹੀਂ ਸੀ, ਜਿਵੇਂ ਰੂਸ, ਚੀਨ, ਵੀਅਤਨਾਮ, ਕਿਊਬਾ, ਆਦਿ। ਇਸ ਨੂੰ ਇੰਜ ਵੀ ਕਿਹਾ ਜਾ ਸਕਦਾ ਹੈ ਕਿ ਜਿਥੇ ਕਿਤੇ ਵੀ ਸਟੇਟ ਦਾ ਬੁਰਜਵਾ ਸੰਵਿਧਾਨਕ ਢਾਂਚਾ ਸੀਮਤ ਹੁੰਦਾ ਜਾਂਦਾ ਹੈ, ਇਹ ਬਾਲਸ਼ਵਿਕ ਟਾਈਪ ਦੀਆਂ ਪਾਰਟੀਆਂ ਦੇ ਵਧਣ ਫੁਲਣ ਲਈ ਰਾਹ ਪਧਰਾ ਕਰਦਾ ਜਾਂਦਾ ਹੈ। ਪਰੰਤੂ ਜਿਥੇ ਕਿਤੇ ਵੀ ਸੰਸਾਰ ਵਿਚ ਬੁਰਜਵਾ ਸੰਵਿਧਾਨਕ ਢਾਂਚਾ ਕਿਸੇ ਨਾ ਕਿਸੇ ਰੂਪ ਵਿਚ ਕਾਇਮ ਸੀ, ਉਥੇ ਇਹ ਪਾਰਟੀਆਂ ਸਮਾਜੀ ਤੋਰ ਨੂੰ ਬਦਲ ਕੇ, ਨਵਾਂ ਦੌਰ ਸ਼ੁਰੂ ਕਰਨ ਵਿਚ ਅਸਮਰੱਥ ਰਹੀਆਂ ਹਨ। ਅੰਤਰ-ਰਾਸ਼ਟਰੀ ਕਮਿਊਨਿਸਟ ਲਹਿਰ ਦੇ ਪਿਛਲੇ ਸੱਠਾਂ ਸਾਲਾਂ ਦੇ ਇਤਿਹਾਸ ਤੋਂ ਇਹ ਗੱਲ ਬਿਲਕੁਲ ਸਪੱਸ਼ਟ ਹੋ ਜਾਂਦੀ ਹੈ। ਅੱਜ ਯੂਰਪ ਵਿਚ ਉਠ ਰਹੀ ਯੂਰੋ-ਕਮਿਊਨਿਜ਼ਮ ਦੀ ਲਹਿਰ ਨੂੰ ਵੀ ਇਸੇ ਪ੍ਰਸੰਗ ਵਿਚ ਹੀ ਵੇਖਣਾ ਚਾਹੀਦਾ ਹੈ। ਸਮੱਸਿਆ ਸਪੱਸ਼ਟ ਹੈ; ਜਾਂ ਤਾਂ ਅਜਿਹੀ

ਸਿਆਸਤ (ਯੁਧ-ਨੀਤੀ ਤੇ ਦਾਅ-ਪੇਚ) ਵਿਕਸਤ ਕੀਤੀ ਜਾਵੇ, ਜਿਸ ਨਾਲ ਕਮਿਊਨਿਸਟ ਲਹਿਰ ਬੁਰਜਵਾ ਸੰਵਿਧਾਨਕ ਢਾਂਚੇ ਦੀ ਵਰਤੋਂ ਕਰ ਕੇ, ਇਸੇ ਢਾਂਚੇ ਨੂੰ ਢਾਹੁਣ (transcend) ਵਾਲੀ ਸਾਮੱਗਰੀ ਦੀ ਤਿਆਰੀ ਲਈ ਅੱਗੇ ਵਧ ਸਕੇ (ਇਸ ਲਈ ਮਾਰਕਸਵਾਦੀ ਸਿਧਾਂਤਕ ਸਮਝ ਨੂੰ ਅਜੋਕੇ ਸਮੇਂ ਦੀਆਂ ਸੰਵਿਧਾਨਕ ਢਾਂਚੇ ਤੋਂ ਉਠੀਆਂ ਸਮੱਸਿਆਵਾਂ ਦੇ ਹਾਣ ਦਾ ਹੋਣ ਲਈ ਵਿਕਸਤ ਕਰਨਾ ਪਵੇਗਾ) ਤੇ ਜਾਂ ਦੂਸਰਾ ਰਾਹ ਇਹ ਕਿ ਬਾਲਸ਼ਵਿਜ਼ਮ ਜਾਂ 'ਲੈਨਿਨਵਾਦ' ਦੇ ਸੰਕਲਪਾਂ ਨੂੰ ਉਂਜ ਹੀ ਦ੍ਰਿੜ੍ਹਾਉਂਦੇ ਹੋਏ ਤੇ ਉਨ੍ਹਾਂ ਦੀ ਸ਼ੁੱਧਤਾ ਨੂੰ ਬਣਾਈ ਰੱਖਣ ਲਈ ਵਿਚਾਰ-ਧਾਰਕ ਘੋਲ ਕਰਦੇ ਹੋਏ ਉਸ ਵੇਲੇ ਦੀ ਆਸ ਕੀਤੀ ਜਾਵੇ ਜਦੋਂ ਸਰਮਾਏਦਾਰੀ ਆਪਣੇ ਐਨ 'ਆਖਰੀ-ਅੰਤਮ ਸੰਕਟ ਵਿਚ ਫਸ ਜਾਵੇਗੀ ਤੇ ਸੰਵਿਧਾਨਕ ਢਾਂਚਾ ਆਪਣਾ ਸਮੁੱਚਾ ਵਿਕਾਰ ਗੁਆ ਬੈਠੇਗਾ ਤੇ ਇੰਜ ਬਾਲਸ਼ਵਿਕਵਾਦੀ ਪਾਰਟੀਆਂ ਦੇ ਵਧਣ ਫੁਲਣ ਦਾ ਰਾਹ ਪੱਧਰਾ ਹੋ ਜਾਵੇਗਾ।

**ਇਸ ਦ੍ਰਿਸ਼ਟੀ ਤੋਂ ਵੇਖਿਆਂ 'ਕਾਂਗਰਸ ਲਹਿਰ' ਸੰਸਾਰ ਇਤਿਹਾਸ ਵਿਚ ਇਕੋ ਇਕ ਲਹਿਰ ਹੈ ਜਿਸ ਨੇ ਇਕ ਐਸੇ ਸਮਾਜੀ-ਪ੍ਰਬੰਧ ਦੀ ਛੱਟ ਲਾਹੀ ਜੋ ਸੀਮਤ ਤੇ ਬੇਢੱਬੇ 'ਬਸਤੀਵਾਦੀ ਸੰਵਿਧਾਨ' ਰਾਹੀਂ ਭਾਰਤੀ ਲੋਕਾਂ ਉਪਰ ਗਲਬਾ ਪਾਈ ਬੈਠਾ ਸੀ। ਇੰਜ ਕਾਂਗਰਸ ਲਹਿਰ ਦੇ ਤਜਰਬੇ ਦੀ ਆਪਣੀ ਵਿਲੱਖਣਤਾ (uniqueness) ਹੈ।** ਅੱਜ ਕਮਿਊਨਿਸਟ ਲਹਿਰ ਵਿਚ ਪਈ ਫੁੱਟ ਤੇ ਮੁੜ ਏਕਤਾ ਦੇ ਮਸਲਿਆਂ ਨੂੰ ਸਮਝਣ ਅਤੇ ਹੱਲ ਕਰਨ ਲਈ ਇਸ ਅਮੀਰ ਤਜਰਬੇ ਦੀ ਸਹੀ ਸਮਝ ਬਹੁਤ ਜ਼ਰੂਰੀ ਹੈ। ਅਸੀਂ ਇਸ ਗੱਲ ਵਲ ਇਸ ਲੇਖ ਦੇ ਅੰਤ ਵਿਚ ਮੁੜਾਂਗੇ।

ਇਸ ਲੇਖ ਦੀ ਦੂਜੀ ਕਿਸ਼ਤ ਵਿਚ ਅਸੀਂ ਵੇਖਿਆ ਹੈ ਕਿ ਭਾਰਤੀ ਕਮਿਊਨਿਸਟ ਸਮੇਂ ਸਮੇਂ ਭਾਰਤੀ ਸਟੇਟ ਅਤੇ ਸਮਾਜ ਦੀ ਕਦੀ ਤਾਂ ਰੂਸ ਅਤੇ ਕਦੀ ਚੀਨ ਨਾਲ ਤੁਲਨਾ ਕਰਦੇ ਰਹੇ ਹਨ। ਅਸੀਂ ਅਜਿਹੀ ਸੋਚਣੀ ਨੂੰ ਗਲਤ ਦੱਸਿਆ ਸੀ ਤੇ ਸਾਡੀ ਰਾਏ ਹੈ ਕਿ ਭਾਰਤੀ ਬਸਤੀਵਾਦੀ ਸਟੇਟ ਆਪਣੇ ਵਿਗੜੇ ਹੋਏ ਰੂਪ ਵਿਚ—ਬਸਤੀਵਾਦੀ ਸੰਵਿਧਾਨਕ ਸਟੇਟ—ਪੱਛਮ ਦੀਆਂ ਮਾਡਰਨ ਬੁਰਜਵਾ ਸਟੇਟਾਂ ਦੇ ਵਧੇਰੇ ਨੇੜੇ ਸੀ। ਸੋ ਰੂਸ ਤੇ ਚੀਨ ਵਿਚ ਇਨਕਲਾਬੀ ਸ਼ਕਤੀਆਂ ਨੂੰ ਤਕੜਿਆਂ ਕਰਨ ਵਾਲੇ ਦਾਅ-ਪੇਚ, ਯੁੱਧ-ਨੀਤੀ ਅਤੇ ਜਥੇਬੰਦੀ ਦੇ ਰੂਪਾਂ ਦਾ ਇੰਨ ਬਿੰਨ ਭਾਰਤੀ ਸਮਾਜ ਅੰਦਰ ਦਾਖ਼ਲ ਕਰਨਾ ਕਮਿਊਨਿਸਟਾਂ ਦੀ ਵੱਡੀ ਗ਼ਲਤੀ ਸੀ ਕਿਉਂਕਿ ਇਨ੍ਹਾਂ ਰਾਹੀਂ ਸਾਮਰਾਜ-ਵਿਰੁਧ ਉਠੀ ਭਾਰਤੀ ਲੋਕਾਂ ਦੀ ਲਹਿਰ ਨੂੰ ਨਾ ਤਾਂ ਵਡੀ ਪੱਧਰ 'ਤੇ ਪ੍ਰਭਾਵਤ ਕੀਤਾ ਜਾ ਸਕਦਾ ਸੀ ਤੇ ਨਾ ਹੀ ਸਮਝਿਆ ਜਾ ਸਕਦਾ ਸੀ।

ਮਾਓ ਨੇ ਆਪਣੀਆਂ ਲਿਖਤਾਂ ਵਿਚ ਇਸ ਸਿਧਾਂਤਕ ਤੱਥ ਉਪਰ ਬਹੁਤ ਜ਼ੋਰ ਦਿੱਤਾ ਹੈ ਕਿ ਬਸਤੀਵਾਦੀ ਦੇਸ਼ਾਂ ਵਿਚ ਮੁੱਖ ਵਿਰੋਧਤਾ ਸਾਮਰਾਜ ਦੇ ਖਿਲਾਫ਼ ਸੀ ਤੇ ਸਮਾਜ ਦੇ ਅੰਦਰ ਜਮਾਤਾਂ ਦੀਆਂ ਵਿਰੋਧਤਾਵਾਂ ਦਾ ਦਰਜਾ ਦੂਸਰਾ ਦਰਜਾ ਸੀ (Anti-imperialism or nation—primary contradiction; class contradiction—secondary)। ਨਾਲ ਹੀ ਉਸ ਨੇ ਇਸ ਗੱਲ ਉਪਰ ਜ਼ੋਰ ਦਿੱਤਾ ਕਿ ਦੂਸਰੇ ਦਰਜੇ ਦੀਆਂ ਵਿਰੋਧਤਾਵਾਂ ਦੇ ਹੱਲ ਦਾ ਰੂਪ ਕੀ ਹੋਵੇਗਾ—ਇਹ ਇਸ ਗੱਲ ਉਪਰ ਨਿਰਭਰ ਕਰਦਾ ਹੈ ਕਿ ਮੁੱਖ ਵਿਰੋਧਤਾ ਦਾ ਹੱਲ ਕਿਸ ਰੂਪ ਵਿਚ ਹੁੰਦਾ ਹੈ। ਅਜਿਹੀ ਸਾਮਰਾਜ-ਵਿਰੋਧੀ ਲਹਿਰ ਵਿਚ ਖੱਬੇ-ਪੱਖੀ, ਜਮਾਤੀ ਵਿਰੋਧਤਾਵਾਂ ਨੂੰ ਕੇਵਲ ਉਸ ਹੱਦ ਤੱਕ ਹੀ ਹੱਲ ਕਰ ਸਕਦੇ ਹਨ ਜਿਥੋਂ ਤੱਕ ਉਨ੍ਹਾਂ ਦੇ ਹੱਲ ਵਜੋਂ ਉਪਜੇ ਨਤੀਜੇ ਸਮੁੱਚੀ ਕੌਮ ਦੇ ਏਕੇ ਨੂੰ ਨਹੀਂ ਤੋੜਦੇ, ਸਗੋਂ ਮਜ਼ਬੂਤ ਕਰਦੇ ਹੋਣ, ਕਿਉਂਕਿ ਹਰ ਪ੍ਰਕਾਰ ਦੇ ਸਾਮਰਾਜ-ਵਿਰੋਧੀਆਂ



ਨੂੰ ਇਕ ਸਾਂਝੇ ਪ੍ਰੋਗਰਾਮ ਉਪਰ ਖੜ੍ਹਾ ਕਰ ਕੇ ਸਾਮਰਾਜ ਵਿਰੁਧ ਇਕ ਸ਼ਕਤੀਸ਼ਾਲੀ ਕੌਮੀ ਮੁਹਾਜ਼ ਬਣਾਉਣਾ ਖੱਬੇ-ਪੱਖੀਆਂ ਦਾ ਪਹਿਲਾ ਫ਼ਰਜ਼ ਹੈ। ਇਸ ਕਾਰਜ ਲਈ ਉਨ੍ਹਾਂ ਸਾਰੀਆਂ ਤੰਦਾਂ ਨੂੰ ਇਕ ਥਾਂ ਜੋੜਨਾ ਜ਼ਰੂਰੀ ਹੈ ਜੋ ਕਿਸੇ ਨਾ ਕਿਸੇ ਰੂਪ ਵਿਚ ਸਾਮਰਾਜ ਵਿਰੁਧ ਲੜਨ ਲਈ ਤਿਆਰ ਹੋਣ। ਸਪੱਸ਼ਟ ਹੈ ਅਜਿਹਾ ਕਰਨ ਲਈ ਕਮਿਊਨਿਸਟਾਂ ਨੂੰ ਨਾ ਕੇਵਲ ਫਰੰਟ ਵਿਚ ਆਪਣੇ ਮੁਕਾਬਲੇ ਦੀਆਂ ਸ਼ਕਤੀਆਂ ਨਾਲ ਘਟੋ-ਘੱਟ ਪ੍ਰੋਗਰਾਮ ਉਪਰ ਸਹਿਮਤ ਹੀ ਹੋਣਾ ਪਵੇਗਾ, ਬਲਕਿ ਨਾਲ ਹੀ ਇਸ ਸਾਰੇ ਫਰੰਟ ਨੂੰ ਸਾਮਰਾਜ ਵਿਰੁਧ ਬਲਵਾਨ ਬਣਾਉਣ ਲਈ ਇਕ ਅਜਿਹੀ ਯੁੱਧ-ਨੀਤੀ ਵੀ ਘੜਨੀ ਪਵੇਗੀ ਜਿਸ ਦੇ ਭਵਿਖ ਵਿਚ ਸਾਂਝੇ ਟੀਚੇ ਦੀ ਸਫ਼ਲਤਾ ਪਿਛੋਂ ਮੁਹਾਜ਼ ਵਿਚਲੀਆਂ ਸਾਰੀਆਂ ਸ਼ਕਤੀਆਂ ਆਪਣੀ ਹੋਂਦ ਵੇਖ ਸੱਕਣ। ਭਾਵ ਸਾਮਰਾਜ ਤੋਂ ਮੁਕਤੀ ਬਾਅਦ 'ਕੌਮੀ-ਸਰਕਾਰ' ਵਿਚ ਆਪਣੀ ਥਾਂ ਵੇਖ ਸੱਕਣ। ਜਦ ਇਹ ਸਾਂਝਾ ਮੁਹਾਜ਼ ਜਾਂ ਸਾਂਝਾ ਫਰੰਟ ਇਸ ਯੁਧ-ਨੀਤੀ ਦੀਆਂ ਹੱਦਾਂ ਅੰਦਰ ਘੱਟੋ ਘੱਟ ਪ੍ਰੋਗਰਾਮ ਉਪਰ ਅਮਲ ਕਰਦਾ ਹੋਇਆ ਆਪਣੇ ਨਿਸ਼ਾਨੇ ਵਲ ਪਹੁੰਚੇਗਾ ਤਾਂ ਰਸਤੇ ਦੇ ਦੌਰਾਨ ਜਾਂ ਨਿਸ਼ਾਨੇ ਉਪਰ ਪਹੁੰਚ ਕੇ ਇਸ ਸਮੁੱਚੇ ਸਾਂਝੇ ਮੁਹਾਜ਼ ਅੰਦਰ ਕਿਸ ਦਾ ਅਸਰ-ਰਸੂਖ ਜਾਂ ਸਰਦਾਰੀ (hegemony) ਹੋਵੇਗੀ, ਖੱਬੇ-ਪੱਖੀਆਂ ਦੀ ਜਾਂ ਸੱਜੇ-ਪੱਖੀਆਂ ਦੀ—ਇਸ ਨੇ ਤਾਂ ਇਸ ਗੱਲ ਉਪਰ ਨਿਰਭਰ ਹੋਣਾ ਹੈ ਕਿ ਇਸ ਸਾਂਝੇ ਮੁਹਾਜ਼ ਵਿਚ ਕੌਣ ਸਾਮਰਾਜ ਵਿਰੁਧ ਤਨੋ-ਮਨੋ ਲੜਦਾ ਹੈ, ਕਿਸਾਨ ਤੇ ਮਜ਼ਦੂਰ ਕਿਸ ਹੱਦ ਤੱਕ ਸ਼ਿਰਕਤ ਕਰਦੇ ਹਨ ਤੇ ਉਨ੍ਹਾਂ ਦੀ ਚੇਤਨਤਾ ਦਾ ਪੱਧਰ ਕੀ ਹੈ।

ਇਸ ਮੁੱਖ-ਵਿਰੋਧਤਾਈ ਦੇ ਸੰਕਲਪ ਦੀ ਸਮਝ ਤੋਂ ਮਾਓ ਨੇ ਨਵੀਂ ਯੁਧ-ਨੀਤੀ—ਨਵਾਂ ਜਮਹੂਰੀ ਇਨਕਲਾਬ—ਵਿਕਸਤ ਕੀਤੀ, ਜਿਸ ਦੇ ਢਾਂਚੇ (framework) ਦੇ ਅੰਦਰ ਇਕ ਅਜਿਹੀ ਸਾਂਝੇ-ਮੁਹਾਜ਼-ਦੀ-ਕੌਮੀ-ਲਹਿਰ ਖੜ੍ਹੀ ਕਰਨਾ ਸੀ ਜਿਸ ਦਾ ਫੌਰੀ ਨਿਸ਼ਾਨਾ ਸਾਰੀਆਂ ਸਾਮਰਾਜ-ਵਿਰੋਧੀ ਸ਼ਕਤੀਆਂ ਦੀ 'ਕੌਮੀ-ਸਰਕਾਰ' ਬਣਾਉਣਾ ਸੀ। ਇਸ ਸਾਂਝੇ ਫਰੰਟ ਦੇ ਦੌਰਾਨ ਮਾਓ ਨੇ ਪਾਰਟੀ ਵਲੋਂ ਲਾਗੂ ਕੀਤਾ ਜਾ ਰਿਹਾ ਪਹਿਲਾਂ ਦਾ ਜ਼ਰਈ ਪ੍ਰੋਗਰਾਮ ਵੀ ਕੁਝ ਦੇਰ ਲਈ ਅਗੇ ਪਾ ਦਿਤਾ ਤੇ ਕਈ ਦੇਸ਼-ਭਗਤ ਲੈਂਡ-ਲਾਰਡਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਵਾਪਸ ਕਰ ਦਿੱਤੀਆਂ। ਪਰ ਜਿਥੋਂ ਤਕ ਭਾਰਤੀ ਕਮਿਊਨਿਸਟਾਂ ਦਾ ਸੰਬੰਧ ਹੈ ਉਨ੍ਹਾਂ ਨੂੰ 1950 ਤੱਕ ਬਸਤੀਵਾਦੀ ਹਾਲਤਾਂ ਹੇਠ ਇਸ ਮੁਖ-ਵਿਰੋਧਤਾਈ ਦੇ ਸੰਕਲਪ ਨੂੰ ਸਾਹਮਣੇ ਰੱਖ ਕੇ ਸਾਂਝਾ ਫਰੰਟ ਉਸਾਰਨ ਦੇ ਦਾਅ-ਪੇਚਾਂ ਅਤੇ ਯੁਧ-ਨੀਤੀ ਬਾਰੇ ਉੱਕਾ ਹੀ ਸਮਝ ਨਹੀਂ ਆਈ। ਉਹ ਸਾਮਰਾਜ ਵਿਰੁਧ ਵਿਰੋਧਤਾਈ (national contradiction) ਅਤੇ ਜਮਾਤੀ ਵਿਰੋਧਤਾਈ (class contradiction) ਨੂੰ ਇਕੋ ਹੀ ਪੱਧਰ 'ਤੇ ਰੱਖ ਕੇ ਵੇਖਦੇ ਰਹੇ।

ਇਥੇ ਜੋ ਸਵਾਲ ਪੈਦਾ ਹੁੰਦਾ ਹੈ ਉਹ ਇਹ ਹੈ : ਮੁੱਖ ਵਿਰੋਧਤਾਈ ਦੇ ਇਕੋ ਜੇਹਾ ਹੋਣ ਦੇ ਬਾਵਜੂਦ ਵੀ ਕੀ ਭਾਰਤ ਦੀ ਕੌਮੀ ਸਿਆਸਤ ਅਤੇ ਚੀਨ ਦੀ ਕੌਮੀ ਸਿਆਸਤ ਇਕ ਦੂਸਰੇ ਤੋਂ ਭਿੰਨ ਨਹੀਂ ਸਨ ? ਜਿਵੇਂ ਅਸੀਂ ਉਪਰ ਵੀ ਜ਼ਿਕਰ ਕੀਤਾ ਹੈ : **ਸਿਆਸਤ ਦੇ ਰੂਪਾਂ ਦਾ ਸਿੱਧਾ ਸਬੰਧ ਸਟੇਟ ਦੇ ਖਾਸੇ ਨਾਲ ਹੁੰਦਾ ਹੈ।** ਸਿਆਸਤ ਹੁੰਦੀ ਹੀ ਹੈ ਸਟੇਟ ਦੇ ਮਾਮਲਿਆਂ ਵਿਚ ਲੋਕਾਂ ਦੀ ਦਖ਼ਲ-ਅੰਦਾਜ਼ੀ। ਇਸ ਕਾਰਨ ਵਿਰੋਧਤਾਈ ਉਪਰੋਂ ਇਕੋ ਹੋਣ ਦੇ ਬਾਵਜੂਦ ਉਸ ਦੇ ਪਿੱਛੇ ਕੰਮ ਕਰ ਰਹੀ ਸਿਆਸਤ ਦਾ ਰੂਪ ਵੱਖਰਾ ਵੱਖਰਾ ਸੀ। ਸਟੇਟ ਦੇ ਵਖਰੇਵੇਂ ਕਾਰਨ, ਉਸੇ ਵਿਰੋਧਤਾਈ ਕਾਰਨ ਚੀਨ ਦੀਆਂ ਸਾਹਿਬੇ-ਜਾਇਦਾਦ ਜਮਾਤਾਂ ਦੀ ਸਿਆਸਤ ਦਾ ਰੂਪ ਹਥਿਆਰਬੰਦ ਸੀ, ਜਦੋਂ ਕਿ ਹਿੰਦੁਸਤਾਨ ਵਿਚ ਇਥੋਂ ਦੀਆਂ ਸਾਹਿਬੇ-ਜਾਇਦਾਦ ਜਮਾਤਾਂ ਦਾ ਸਾਮਰਾਜ ਦਾ ਵਿਰੋਧ ਵਧੇਰੇ

ਕਰਕੇ ਸੰਵਿਧਾਨਕ ਹੱਦਾਂ ਦੇ ਅੰਦਰ ਅੰਦਰ ਹੀ ਸੀ । ਹਾਲਾਂਕਿ 1926-27 ਦੇ ਚੀਨੀ ਇਨਕਲਾਬ ਦੀ ਕਤਲੇਆਮ ਤੋਂ ਬਾਅਦ ਭਾਰਤੀ ਕਮਿਊਨਿਸਟ ਇਸ ਗੱਲ ਦਾ ਪ੍ਰਚਾਰ ਕਰਦੇ ਰਹੇ ਕਿ ਭਾਰਤੀ ਬੁਰਜੁਆਜ਼ੀ ਵੀ ਚੀਨ ਵਾਂਗ ਹੀ ਵਰਤਾਉ ਕਰੇਗੀ, ਭਾਰਤੀ ਲੋਕਾਂ ਦੇ ਖਿਲਾਫ਼ ਸਾਮਰਾਜ ਨਾਲ ਹੱਥ ਜਾ ਜੋੜੇਗੀ, ਪਰ ਪਤਾ ਉਦੋਂ ਹੀ ਲੱਗਿਆ ਜਦ ਗਾਂਧੀ ਨੇ 1930 ਦੀ ਨਾ-ਮਿਲਵਰਤੋਂ ਦੀ ਲਹਿਰ ਸ਼ੁਰੂ ਕਰ ਦਿੱਤੀ ਤੇ 1934 ਤਕ ਪੁਜਦੇ ਪੁਜਦੇ ਕਮਿਊਨਿਸਟਾਂ ਨੇ ਹੁਣ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਭਾਵੇਂ ਵਿਗੜੇ ਹੋਏ ਰੂਪ ਵਿਚ ਹੀ ਸਹੀ ਪਰ ਕਾਂਗਰਸ ਤਾਂ ਪਹਿਲਾਂ ਹੀ ਸਾਮਰਾਜ-ਵਿਰੁਧ ਭਾਰਤੀ ਲੋਕਾਂ ਦਾ ਸਾਂਝਾ ਫਰੰਟ ਹੈ ।

ਭਾਰਤ ਵਿਚ ਸਟੇਟ ਦੇ ਵੱਖਰੇ ਖਾਸੇ ਕਾਰਨ ਮੁਖ ਵਿਰੋਧਤਾਈ ਨੇ ਸਿਆਸਤ ਦੇ ਦੋ ਕਿਸਮ ਦੇ ਸਾਮਰਾਜ-ਵਿਰੋਧੀ ਸਕੂਲਾਂ ਨੂੰ ਜਨਮ ਦਿਤਾ : ਸੰਵਿਧਾਨਕ ਅਤੇ ਗੈਰ-ਸੰਵਿਧਾਨਕ । ਕਿਸੇ ਬੇਗਾਨੇ ਦੇਸ਼ ਵਿਚ, ਲੰਮੇ ਸਮੇਂ ਤਕ ਮੁੱਠੀ ਭਰ ਲੋਕਾਂ ਨਾਲ ਐਨੀ ਵੱਡੀ ਬੇਗਾਨੀ ਕੌਮ ਦੀ ਲੁੱਟ ਕਿਵੇਂ ਬਣਾਈ ਰਖੀ ਜਾ ਸਕਦੀ ਹੈ ? ਇਸ ਸਮੱਸਿਆ ਨੂੰ ਅੰਗ੍ਰੇਜ਼ਾਂ ਨੇ ਵਿਗੜੇ ਹੋਏ ਸੰਵਿਧਾਨਕ ਪ੍ਰਬੰਧ ਨਾਲ ਹਲ ਕਰ ਲਿਆ ਸੀ ਜਿਸ ਨਾਲ ਸਾਹਿਬੇ-ਜਾਇਦਾਦ ਜਮਾਤਾਂ ਨੂੰ ਸੀਮਤ ਪ੍ਰਤੀਨਿਧਤਾ ਦੇ ਕੇ ਉਨ੍ਹਾਂ ਦੀ ਸਾਮਰਾਜੀ ਰਾਜ ਲਈ ਸਹਿਮਤੀ ਪ੍ਰਾਪਤ ਕੀਤੀ ਜਾਂਦੀ ਸੀ ਤੇ ਜਿਸ ਤੋਂ ਬਿਨਾਂ ਮੁੱਠੀ-ਭਰ ਗੋਰੀ ਅਫ਼ਸਰਸ਼ਾਹੀ ਦੁਆਰਾ ਸਮੁਚੀ ਕੌਮ 'ਤੇ ਰਾਜ ਕਰਨਾ ਮੁਸ਼ਕਲ ਹੋਣਾ ਸੀ । ਦੂਸਰੇ ਪਾਸੇ ਸੰਵਿਧਾਨਕ ਹੱਦਾਂ ਤੋਂ ਪਰਾਂਹ ਜਾਣ ਵਾਲਿਆਂ ਨੂੰ ਪੂਰੀ ਤਾਕਤ ਨਾਲ ਨਸ਼ਟ ਕੀਤਾ ਜਾਂਦਾ ਸੀ । ਗੈਰ-ਸੰਵਿਧਾਨਕ ਲਹਿਰ ਨੂੰ ਕਿੰਨੇ ਕੁ ਤਸ਼ੱਦਦ ਨਾਲ ਦਬਾਇਆ ਜਾਵੇ—ਇਹ ਇਸ ਗੱਲ 'ਤੇ ਨਿਰਭਰ ਹੁੰਦਾ ਸੀ ਕਿ ਇਸ ਬਦਲੇ ਸੰਵਿਧਾਨਕ ਲੀਹਾਂ ਦੇ ਅੰਦਰ ਵਿਰੋਧੀਆਂ ਨੂੰ ਕਿੰਨੀਆਂ ਰਿਆਇਤਾਂ ਦੇਣੀਆਂ ਪੈਣਗੀਆਂ ਤਾਕਿ ਉਹ ਵੀ ਗੈਰ-ਸੰਵਿਧਾਨਕ ਸ਼ਕਤੀਆਂ ਨਾਲ ਹੱਥ ਨਾ ਜਾ ਜੋੜਨ ਤੇ ਇਕ ਸਮੁਚੀ ਕੌਮ ਵਜੋਂ ਇਕ ਬੇਗਾਨੀ ਕੌਮ ਦੇ ਰਾਜ ਲਈ ਚੈਲੰਜ ਨਾ ਬਣ ਜਾਣ । ਇਹ ਸੀ ਦੋ ਪਰਕਾਰ ਦੀਆਂ ਸਰਦਾਰੀਆਂ (hegemonies) ਦਾ ਟਕਰਾ । ਅੰਗਰੇਜ਼ ਸਾਮਰਾਜੀਆਂ ਦੀ ਸਰਦਾਰੀ ਦੀ ਕਾਇਮੀ ਇਸ ਵਿਚ ਸੀ ਕਿ ਕਿਹੜੇ ਢੰਗਾਂ ਤਰੀਕਿਆਂ ਨਾਲ ਵਿਰੋਧੀਆਂ ਨੂੰ ਆਪਣੇ ਆਪ ਨੂੰ ਇਕ ਲੜੀ ਵਿਚ ਪ੍ਰੋਣ ਤੋਂ ਰੋਕ ਕੇ ਰਖਿਆ ਜਾਵੇ (hegemony of the dominant forces means stopping the opponents from totalising all opposition threads) ਟਾਕਰੇ ਦੀ ਸਰਦਾਰੀ ਖੜ੍ਹੀ ਕਰਨ ਤੋਂ ਭਾਵ ਸੀ ਸਾਰੀਆਂ ਵਿਰੋਧੀ ਤੰਦਾਂ ਨੂੰ ਇਕ ਥਾਂ ਇਕੱਠਾ ਕਰਨ ਲਈ ਢੰਗ ਤਰੀਕੇ ਵਰਤਣਾ (attempt to build counter hegemony means to make efforts to totalise all forms of opposition)

ਸਾਮਰਾਜ ਵਿਰੁਧ ਸ਼ਕਤੀਸ਼ਾਲੀ ਲਹਿਰ ਤਦ ਹੀ ਖੜੀ ਹੋ ਸਕਦੀ ਸੀ ਜੇਕਰ ਇਨ੍ਹਾਂ ਦੋਵਾਂ ਸਕੂਲਾਂ ਨੂੰ ਇਕ ਗੈਰ-ਸੰਵਿਧਾਨਕ ਪਲੈਟਫਾਰਮ ਉਪਰ ਘਟੋ-ਘੱਟ ਪਰੋਗਰਾਮ ਦੇ ਆਧਾਰ 'ਤੇ ਲਿਆਂਦਾ ਜਾਂਦਾ । ਪਰ ਸੰਵਿਧਾਨਵਾਦੀਆਂ ਨੂੰ ਕਿਵੇਂ ਗ਼ੈਰ-ਸੰਵਿਧਾਨਕ ਪਲੈਟ ਫਾਰਮ 'ਤੇ ਲਿਆ ਕੇ ਉਨ੍ਹਾਂ ਨਾਲ ਸਾਂਝਾ ਫਰੰਟ ਬਣਾਇਆ ਜਾਂਦਾ ? ਅਜਿਹਾ ਹੋਣਾ ਤਦ ਤਕ ਸੰਭਵ ਨਹੀਂ ਸੀ ਜਦੋਂ ਤਕ ਉਨ੍ਹਾਂ ਦਾ ਉਸ ਰਾਹ ਦੀ ਸਿਆਸਤ ਵਿਚੋਂ ਵਿਸ਼ਵਾਸ ਨਾ ਉਠ ਜਾਵੇ ਤੇ ਉਹ ਉਸ ਨਾਲ ਨਿਰਾਸ਼ ਨਾ ਹੋ ਜਾਣ । ਇਹ ਮਸਲਾ ਸੀ ਗਾਂਧੀ ਅੱਗੇ, ਜਿਸ ਨੂੰ ਹੱਲ ਕਰਨ ਦੇ ਢੰਗ ਤੇ ਤੌਰ ਤਰੀਕੇ ਸਾਰੀ ਕਾਂਗਰਸ ਅੰਦਰ ਕੇਵਲ ਗਾਂਧੀ ਨੇ ਘੜੇ ਤੇ ਉਹ ਸਮੁਚੀ ਕਾਂਗਰਸ ਲਹਿਰ ਲਈ ਦੁਰਲਭ ਨੇਤਾ ਬਣ ਗਿਆ । ਨੇਤਾ ਉਸ ਨੂੰ ਉਸ ਦੀ ਇਸ ਯੋਗਤਾ ਨੇ ਬਣਾਇਆ, ਸਰਮਾਏਦਾਰੀ ਦੀ



ਚਾਲਾਕੀ ਨੇ ਨਹੀਂ । ਕਿਹੋ ਜਿਹੇ ਦਾਅ-ਪੇਚ ਅਪਣਾਏ ਜਾਣ ਕਿ ਕਾਂਗਰਸ ਅੰਦਰ ਸੰਵਿਧਾਨਵਾਦੀ
ਸ਼ਕਤੀਆਂ ਦਾ ਭਰੋਸਾ ਸਰਕਾਰ ਦੀ ਰਿਆਇਤਾਂ ਦੇਣ ਦੀ ਸਮਰੱਥਾ ਵਿਚੋਂ ਉਡ ਜਾਵੇ ਤੇ ਉਹ
ਮਹਿਸੂਸ ਕਰਨ ਲੱਗ ਪੈਣ ਕਿ ਹੁਣ ਤਾਂ ਗੈਰ-ਸੰਵਿਧਾਨਕ ਰਾਹ ਹੀ ਪੈਣਾ ਪਵੇਗਾ । ਇਸ ਲਈ
ਗਾਂਧੀ ਨੇ ਉਨ੍ਹਾਂ ਦੀ ਸਿਆਸਤ ਦੇ ਰੂਪ ਨੂੰ ਲੈ ਕੇ, ਪਹਿਲਾਂ ਆਪ ਹੀ, ਉਨ੍ਹਾਂ ਵਾਂਗ ਸਾਮਰਾਜੀ ਅਫ਼ਸਰ-
ਸ਼ਾਹੀ ਅੱਗੇ ਉਨ੍ਹਾਂ ਨਾਲੋਂ ਵੀ ਸਖ਼ਤ ਮੰਗਾਂ ਰਖੀਆਂ ਜਿਹਨਾਂ ਉਪਰ ਅੰਗਰੇਜ਼ ਅਫ਼ਸਰਸ਼ਾਹੀ ਲੜਾਈ
ਕਰੇ ਬਿਨਾਂ ਕਦੀ ਵੀ ਸਹਿਮਤ ਨਹੀਂ ਸੀ ਹੋਣ ਵਾਲੀ । ਇੰਜ ਉਹ ਸੰਵਿਧਾਨਵਾਦੀਆਂ ਦਾ ਨੇਤਾ ਵੀ
ਬਣ ਜਾਂਦਾ ਤੇ ਉਨ੍ਹਾਂ ਨੂੰ ਆਖਰ ਵਿਚ ਆਪਣੀਆਂ ਗੈਰ-ਸੰਵਿਧਾਨਕ ਸਿਆਸੀ ਪੁਜ਼ੀਸ਼ਨਾਂ ਲਈ ਜਿੱਤ
ਲੈਂਦਾ । ਇੰਜ ਕਾਫੀ ਜਦੋ-ਜਹਿਦ ਤੋਂ ਬਾਅਦ ਗਾਂਧੀ ਕੌਮ ਨੂੰ ਗੈਰ-ਸੰਵਿਧਾਨਕ ਜਨਤਕ ਲਹਿਰ
ਚਲਾਉਣ ਲਈ ਰਜ਼ਾਮੰਦ ਕਰ ਲੈਂਦਾ । ਇਥੇ ਗਾਂਧੀ ਦੇ ਇਨ੍ਹਾਂ ਦਾਅ-ਪੇਚਾਂ ਨੂੰ ਇਕ ਮਿਸਾਲ ਦੇ ਕੇ
ਸਪਸ਼ਟ ਕੀਤਾ ਜਾ ਸਕਦਾ ਹੈ । 1930 ਵਿਚ ਉਸ ਨੇ ਇਕ ਪਾਸੇ ਤਾਂ ਪੂਰਨ ਆਜ਼ਾਦੀ ਦੇ ਮਤੇ ਨੂੰ
ਸਵੀਕਾਰ ਕਰ ਲਿਆ ਸੀ ਜੋ ਲਾਹੌਰ ਕਾਂਗਰਸ ਨੇ ਪਾਸ ਕਰ ਦਿੱਤਾ ਸੀ ਤੇ ਜਿਸ ਰਾਹੀਂ ਉਸ ਨੂੰ
ਜਲਦੀ ਹੀ ਨਾਮਿਲਵਰਤੋਂ ਦੀ ਲਹਿਰ ਸ਼ੁਰੂ ਕਰਨ ਦੇ ਅਧਿਕਾਰ ਦੇ ਦਿਤੇ ਗਏ ਸਨ ਜਿਸ ਦਾ
ਸੰਵਿਧਾਨਵਾਦੀਆਂ ਵਲੋਂ ਬਹੁਤ ਵਿਰੋਧ ਹੋਇਆ ਸੀ । ਕੀ ਲਹਿਰ ਨੂੰ ਇਸ ਮਾਹੌਲ ਵਿਚ ਸ਼ੁਰੂ
ਕਰਨਾ ਠੀਕ ਸੀ ਜਦ ਗੈਰ-ਸੰਵਿਧਾਨਵਾਦੀਆਂ ਨਾਲ ਸਾਰੀ ਕੌਮ ਦੀਆਂ ਹਮਦਰਦੀਆਂ ਵੀ ਨਹੀਂ
ਸਨ ? ਠੀਕ ਹੈ ਸਾਰੇ ਸੰਵਿਧਾਨਕਾਰੀ ਇਹ ਰਾਹ ਨਹੀਂ ਅਪਣਾਉਣਗੇ ਪਰ ਇਸ ਤੋਂ ਪਹਿਲਾਂ
ਕਿ ਲਹਿਰ ਸ਼ੁਰੂ ਕੀਤੀ ਜਾਵੇ ਗਾਂਧੀ ਸੰਵਿਧਾਨਕਾਰੀਆਂ ਦੀਆਂ ਸਫਾਂ ਅੰਦਰ ਸਖ਼ਤ ਵਿਰੋਧੀਆਂ ਨੂੰ
ਉਦਾਸੀਨ (neutralise) ਕਰਨਾ ਚਾਹੁੰਦਾ ਸੀ ਤੇ ਬਾਕੀਆਂ ਦੀਆਂ ਹਮਦਰਦੀਆਂ ਜਿੱਤਣੀਆਂ
ਜ਼ਰੂਰੀ ਸਮਝਦਾ ਸੀ । 'ਪੂਰਨ ਆਜ਼ਾਦੀ' ਦੇ ਮਤੇ ਤੋਂ ਕੁਝ ਦੇਰ ਬਾਅਦ ਹੀ ਉਸ ਆਪਣੀਆਂ 11
ਮੰਗਾਂ ਦਾ ਐਲਾਨ ਕਰ ਦਿੱਤਾ ਤੇ ਕਿਹਾ ਕਿ ਸਰਕਾਰ ਜੇਕਰ ਇਹ ਮੰਗ ਲਵੇ ਤਾਂ ਲਹਿਰ ਦੀ ਲੋੜ
ਹੀ ਨਹੀਂ ਪਵੇਗੀ । ਗਾਂਧੀ ਨੂੰ ਪਤਾ ਸੀ ਕਿ ਸਰਕਾਰ ਇਹ ਮੰਗਾਂ ਮੰਨ ਕੇ ਆਪਣੀ ਕਬਰ ਨਹੀਂ ਸੀ
ਪੁਟ ਸਕਦੀ, ਆਪਣੀਆਂ ਜੜ੍ਹਾਂ 'ਤੇ ਕੁਹਾੜਾ ਨਹੀਂ ਸੀ ਮਾਰ ਸਕਦੀ । ਭਾਰਤੀਆਂ ਲਈ ਇਹ ਮੰਗਾਂ
ਭਾਵੇਂ ਨਿਗੂਣੀਆਂ ਸਨ ਪਰ ਸਾਮਰਾਜੀਆਂ ਦਾ ਉਨ੍ਹਾਂ ਨੂੰ ਮੰਨ ਲੈਣਾ ਤਾਂ ਕੌਮੀ ਲਹਿਰ ਦੀ ਸਮੁਚੀ
ਤਾਕਤ ਨੂੰ ਮੰਨ ਲੈਣ ਦੇ ਬਰਾਬਰ ਸੀ । ਮੰਗਾਂ ਤੋਂ ਬਾਅਦ ਇਕ ਦਮ ਸੰਵਿਧਾਨਕਾਰੀ ਲੱਗੇ ਸਰਕਾਰ
'ਤੇ ਦਬਾ ਪਾਉਣ ਕਿ ਸਰਕਾਰ ਇਹ ਮੰਗਾਂ ਮੰਨ ਕੇ ਦੇਸ਼ ਨੂੰ ਗੈਰ-ਸੰਵਿਧਾਨਕ ਲਹਿਰ ਦੀ 'ਦਹਿਸ਼ਤ'
ਤੋਂ ਬਚਾ ਸਕਦੀ ਹੈ ਤੇ ਉਸ ਨੂੰ ਬਚਾਉਣਾ ਚਾਹੀਦਾ ਹੈ । ਛੇਤੀ ਹੀ ਉਨ੍ਹਾਂ ਦੀਆਂ ਅੱਖਾਂ ਖੁਲ੍ਹ
ਗਈਆਂ ਕਿ ਸਰਕਾਰ ਐਨੀ ਪੋਲੀ ਚੀਜ਼ ਨਹੀਂ । ਉਹ ਹੁਣ ਲੱਗੇ ਗਾਂਧੀ ਵਲ ਸਰਕਣ ਤੇ ਕਹਿਣ
ਕਿ ਗਾਂਧੀ ਤਾਂ ਲਹਿਰ ਸ਼ੁਰੂ ਕਰਨ ਲਈ ਮਜਬੂਰ ਹੈ ਤੇ ਇਸ ਦੀ ਸਾਰੀ ਜ਼ਿੰਮੇਵਾਰੀ ਸਰਕਾਰ ਉਪਰ
ਹੈ । ਗਾਂਧੀ ਨੇ ਮੌਕਾ ਤਾੜ ਕੇ ਹੁਣ ਨਾ-ਮਿਲਵਰਤੋਂ ਦੀ ਲਹਿਰ ਸ਼ੁਰੂ ਕਰ ਦਿੱਤੀ ।

ਦਿਲਚਸਪ ਗੱਲ ਇਹ ਹੈ ਕਿ ਜਦ ਗਾਂਧੀ ਅਜਿਹੇ ਦਾਅ-ਪੇਚ ਅਪਣਾਉਂਦਾ ਸੀ ਤਾਂ ਕਮਿਊ-
ਨਿਸਟ ਉਸ ਨੂੰ ਕਿਵੇਂ ਸਮਝਦੇ ਸਨ ? ਉਹਨਾਂ ਦੀ ਵਿਆਖਿਆ ਇਸ ਪ੍ਰਕਾਰ ਹੁੰਦੀ ਸੀ : ਕਿਉਂਕਿ
ਗਾਂਧੀ ਕੌਮੀ ਬੁਰਜੁਆਜ਼ੀ ਦਾ ਨੇਤਾ ਹੈ ਤੇ ਕੌਮੀ ਬੁਰਜੁਆਜ਼ੀ ਦਾ ਕਿਰਦਾਰ ਦੂਹਰਾ ਹੈ ਇਸ ਲਈ
ਗਾਂਧੀ ਇਕ ਪਾਸੇ ਤਾਂ ਸਾਮਰਾਜ ਨਾਲ ਲੜਨਾ ਚਾਹੁੰਦਾ ਹੈ ਇਸ ਲਈ ਲਾਹੌਰ ਦਾ ਪੂਰਨ ਆਜ਼ਾਦੀ
ਦਾ ਮਤਾ ਪਾਸ ਕੀਤਾ ਗਿਆ ਹੈ ਤੇ ਦੂਸਰੇ ਪਾਸੇ ਬੁਰਜੁਆਜ਼ੀ ਲਹਿਰ ਤੋਂ ਡਰਦੀ ਹੈ ਤੇ ਡਾਵਾਂ-ਡੋਲ
ਹੁੰਦੀ ਹੈ । ਇਸ ਕਾਰਨ ਹੁਣ ਉਹ ਲੜਨ ਨੂੰ ਪਿੱਠ ਦੇ ਕੇ ਸੌਖੀਆਂ ਮੰਗਾਂ ਮੰਗ ਕੇ ਸਾਮਰਾਜ ਨਾਲ

ਸਮਝੌਤਾ ਕਰਨਾ ਚਾਹੁੰਦੀ ਹੈ ਤੇ ਇਹੀ ਕਾਰਨ ਹੈ ਗਾਂਧੀ 'ਪੂਰਨ ਆਜ਼ਾਦੀ' ਲਈ ਲੜਨ ਤੋਂ ਡਰਦਾ ਮਾਰਾ ਹੁਣ 11 ਮੰਗਾਂ ਉਪਰ ਉਤਰ ਆਇਆ ਹੈ। ਜਦ ਤਕ ਗਾਂਧੀ ਲਹਿਰ ਸ਼ੁਰੂ ਨਾ ਕਰ ਦਿੰਦਾ, ਇਹ ਦਲੀਲ ਬੜੀ ਵਿਆਖਿਆਕਾਰੀ ਜਾਪਦੀ ਸੀ ਪਰ ਉਸ ਤੋਂ ਬਾਅਦ !! ਸਟੇਟ ਦੇ ਖਾਸੇ ਨੂੰ ਮੁਖ ਰਖ ਕੇ ਸਾਰੀ ਕੌਮ ਦੀ ਲਹਿਰ ਖੜ੍ਹੀ ਕਰਨ ਲਈ (ਨਾ ਕਿ ਸੈਂਕੜੇ ਲੋਕਾਂ ਜਾਂ ਇਕ ਜਮਾਤ ਦੀ ਲਹਿਰ ਖੜੀ ਕਰਨ ਲਈ) ਗਾਂਧੀ ਅਜਿਹੇ ਦਾਅ-ਪੇਚ ਅਪਣਾਉਣ ਲਈ ਮਜਬੂਰ ਸੀ ਤੇ ਉਸ ਦੀ ਮਹਾਨਤਾ ਵੀ ਇਸੇ ਗੱਲ ਵਿਚ ਸੀ ਕਿ ਕਾਂਗਰਸ ਵਿਚ ਉਹ ਇਕੱਲਾ ਹੀ ਇਕ ਅਜਿਹਾ ਨੇਤਾ ਸੀ ਜੋ ਇੰਜ ਸਾਰੀ ਕੌਮ ਦੀ ਲਹਿਰ ਖੜੀ ਕਰਨ ਦੀ ਯੋਗਤਾ ਰਖਦਾ ਸੀ। ਨਹਿਰੂ ਨੇ ਉਸ ਦੀ ਇਸ ਯੋਗਤਾ ਨੂੰ 1928 ਤਕ ਚੰਗੀ ਤਰ੍ਹਾਂ ਸਮਝ ਲਿਆ ਸੀ ਤੇ 1936 ਵਿਚ ਉਸ ਨੇ ਕਮਿਊਨਿਸਟਾਂ ਨੂੰ ਇਸ ਬਾਰੇ ਸਮਝਾਉਣ ਦਾ ਕਾਫੀ ਯਤਨ ਵੀ ਕੀਤਾ ਸੀ। ਪਰ ਉਨ੍ਹਾਂ 'ਤੇ ਕੋਈ ਅਸਰ ਨਹੀਂ ਸੀ ਹੋਇਆ।

ਮੁਖ-ਵਿਰੋਧਤਾਈ ਅਤੇ ਜਮਾਤੀ-ਵਿਰੋਧਤਾਈ (ਵਿਚਾਰਧਾਰਕ ਪ੍ਰਭਾਵ) ਨੂੰ ਮੁਖ ਰਖ ਕੇ ਭਾਰਤ ਵਿਚ ਸਾਮਰਾਜ-ਵਿਰੋਧੀ ਸਿਆਸਤ ਦਾ ਨਕਸ਼ਾ ਇਸ ਪ੍ਰਕਾਰ ਖਿੱਚਿਆ ਜਾ ਸਕਦਾ ਹੈ :




ਇਸ ਗੁੰਝਲਦਾਰ ਸਿਆਸਤ ਤੋਂ ਸਪਸ਼ਟ ਹੈ ਕਿ ਜਿੰਨੀ ਦੇਰ ਤਕ ਹਿੰਦੋਸਤਾਨ ਵਿਚ ਸੰਵਿਧਾਨਵਾਦੀ ਸ਼ਕਤੀਆਂ (ਸਿਆਸਤ) ਗੈਰ-ਸੰਵਿਧਾਨਵਾਦੀ ਸ਼ਕਤੀਆਂ (ਸਿਆਸਤ) ਉਪਰ ਭਾਰੂ ਰਹਿਣ, ਉਨੀ ਦੇਰ ਤਕ ਹੀ ਬਸਤੀਵਾਦੀ ਰਾਜ ਦੀ ਮਿਆਦ ਭਾਰਤ ਵਿਚ ਵਧਾਈ ਜਾ ਸਕਦੀ ਹੈ।



ਸੋ ਅਫ਼ਸਰਸ਼ਾਹੀ ਆਪਣੀ ਯੁਧ-ਨੀਤੀ ਤੇ ਦਾਅ-ਪੇਚ ਹਮੇਸ਼ਾਂ ਇਸ ਢੰਗ ਨਾਲ ਘੜਦੀ ਸੀ ਕਿ ਕੌਮੀ ਲਹਿਰ ਨੂੰ ਸੰਵਿਧਾਨਵਾਦੀ ਲੀਹਾਂ ਉਪਰ ਹੀ ਰੱਖਿਆ ਜਾਵੇ ਤੇ ਕਾਂਗਰਸ ਅੰਦਰ ਸੰਵਿਧਾਨਵਾਦੀ ਸ਼ਕਤੀਆਂ ਦਾ ਪਲੜਾ ਹੀ ਭਾਰੀ ਰਹੇ। ਇਹੀ ਕਾਰਨ ਸੀ ਕਿ ਅੰਗਰੇਜ਼ਾਂ ਦੀ ਸਾਰੀ ਸਿਆਸਤ ਦਾ ਸਾਰ ਅੰਸ਼ ਹੀ ਇਹ ਹੁੰਦਾ ਸੀ ਕਿ ਇਕ ਬਾਅਦ ਦੂਸਰਾ ਆਸਾਂ ਬੱਝਾਉਣ ਵਾਲਾ ਬਿਆਨ ਜਾਰੀ ਕੀਤਾ ਜਾਵੇ, ਗੋਲ ਮੇਜ਼ ਕਾਨਫਰੰਸਾਂ ਰਖੀਆਂ ਜਾਣ, ਗੱਲਬਾਤ ਦੀਆਂ ਸ਼ਰਤਾਂ ਲਮਕਾਈਆਂ ਜਾਣ, ਆਦਿ। ਜਦ ਅੰਗਰੇਜ਼ ਅਫ਼ਸਰਸ਼ਾਹੀ ਇਹ ਚਾਲਾਂ ਚਲ ਰਹੀ ਹੁੰਦੀ ਤਾਂ ਗਾਂਧੀ ਉਨ੍ਹਾਂ 'ਤੇ ਪਰਤਵਾਂ ਵਾਰ ਕਰਨ ਲਈ ਤੇ ਸੰਵਿਧਾਨਵਾਦੀਆਂ ਨੂੰ ਅਫ਼ਸਰਸ਼ਾਹੀ ਤੋਂ ਲਾਂਭੇ ਲੈ ਜਾਣ ਦੇ ਦਾਅ-ਪੇਚ ਘੜਦਾ ਰਹਿੰਦਾ। ਕਈ ਵੇਰ ਉਹ ਇਸ ਵਿਚ ਇਥੋਂ ਤਕ ਗਲਤਾਨ ਹੋ ਜਾਂਦਾ ਕਿ ਖੱਬੀ ਸਿਆਸਤ ਵਾਲਿਆਂ ਨੂੰ ਇਹ ਲੱਗਦਾ ਕਿ ਉਹ ਵੀ ਉਨ੍ਹਾਂ ਤੋਂ ਵੱਖ ਨਹੀਂ। ਜਿਵੇਂ ਕਿ ਸਿਰਲੇਖ ਉਪਰ ਦਿੱਤੀ ਟੂਕ ਤੋਂ ਸਪਸ਼ਟ ਹੈ ਤੇ ਇਹ ਸਪਸ਼ਟ ਕਰ ਦੇਣਾ ਅਤਿਅੰਤ ਜ਼ਰੂਰੀ ਹੈ (ਤੇ ਇਸ ਉਪਰ ਹੀ ਮੇਰੀ ਮੁੱਖ ਦਲੀਲ ਨਿਰਭਰ ਹੈ) ਕਿ ਗਾਂਧੀ ਨੇ ਕਦੇ ਵੀ ਇਸ ਗੱਲ ਵਿਚ ਯਕੀਨ ਨਹੀਂ ਕੀਤਾ ਕਿ ਸੰਵਿਧਾਨਵਾਦੀ ਢੰਗ ਨਾਲ ਆਜ਼ਾਦੀ ਪ੍ਰਾਪਤ ਹੋ ਸਕਦੀ ਹੈ। ਅਹਿੰਸਾ ਦਾ ਰਾਹ ਜਿਵੇਂ ਕਿ ਕਮਿਊਨਿਸਟ ਸਮਝਦੇ ਤੇ ਭੁਲੇਖਾ ਖਾਂਦੇ ਰਹੇ, ਸੰਵਿਧਾਨਵਾਦੀ ਲਹਿਰ ਦਾ ਰਾਹ ਨਹੀਂ ਹੈ। ਗਾਂਧੀ ਕਹਿੰਦਾ ਹੁੰਦਾ ਸੀ ਕਿ ਕੌਮੀ ਲਹਿਰ ਦੇ ਇਤਿਹਾਸ ਵਿਚ ਉਹ ਦਿਨ ਬਹੁਤ ਬਦਸ਼ਗਨ ਹੋਵੇਗਾ ਜਦ ਸਾਰੇ ਕਾਂਗਰਸੀ ਸੰਵਿਧਾਨਵਾਦੀ ਹੋ ਜਾਣਗੇ। ਪਰ ਉਸ ਦਾ ਵਿਚਾਰ ਸੀ ਕਿ ਸੰਵਿਧਾਨਵਾਦ ਚਾਲਾਕ ਲੋਕਾਂ ਦੀ ਕਾਢ ਨਹੀਂ, ਸਟੇਟ ਦੇ ਖਾਸ ਕਿਸਮ ਦੇ ਰਾਜ ਦੀ ਪੈਦਾਵਾਰ ਹੈ ਤੇ ਇਸ ਵੱਲ ਨਾ-ਪੱਖੀ ਵਤੀਰੇ ਨਾਲ ਸਾਮਰਾਜ ਨੂੰ ਹਮਸਫ਼ਰ ਮਿਲ ਜਾਣਗੇ, ਹਾਲਾਂਕਿ ਕੌਮੀ-ਲਹਿਰ ਦਾ ਟੀਚਾ ਉਨ੍ਹਾਂ ਨੂੰ ਭਾਰਤੀਆਂ ਤੋਂ ਬਿਲਕੁਲ ਨਿਖੇੜ ਕੇ ਲੋਕਾਂ ਅੱਗੇ ਪੇਸ਼ ਕਰਨਾ ਹੈ। ਇਸ ਲਈ ਸਾਨੂੰ ਅਜਿਹਾ ਢੰਗ ਅਪਣਾਉਣਾ ਚਾਹੀਦਾ ਹੈ ਜਿਸ ਨਾਲ ਸੰਵਿਧਾਨਵਾਦੀ ਸ਼ਕਤੀਆਂ ਨੂੰ ਨਾਲ ਰਖ ਕੇ ਉਨ੍ਹਾਂ ਨੂੰ ਗੈਰ-ਸੰਵਿਧਾਨਵਾਦੀ ਸ਼ਕਤੀਆਂ ਦੇ ਤਕੜਿਆਂ ਕਰਨ ਲਈ ਵਰਤਿਆ ਜਾਵੇ। 17 ਮਈ, 1934 ਨੂੰ ਉਸ ਦੇ ਸੈਕਟਰੀ ਨੇ ਇਕ ਅਮਰੀਕਨ ਮਿੱਤਰ ਨੂੰ ਖ਼ਤ ਵਿਚ ਇਹ ਲਿਖਿਆ :

**"Bapu's view was that since the parliamentary group has come to stay, it is no use dissipating our energy in combating it; it should be given recognition and support and made to serve the national interest as much as possible. At the same time his own views on council entry remain unchanged and he would consider it a calamity if all our national workers went swarajists. He feels very strongly that the Swarajiya Party would be able to serve the country only to the extent to which it is backed by constructive work outside the council. It is expected the council-goers would themselves help the constructive work outside through their council activity by removing the obstacle which today impedes its progress."**

ਅੰਗਰੇਜ਼ ਸਾਮਰਾਜ ਲਈ ਤੇ ਭਾਰਤੀ ਸਰਮਾਏਦਾਰੀ ਲਈ ਗੈਰ-ਸੰਵਿਧਾਨਕ ਜਨਤਕ ਲਹਿਰ ਖਤਰੇ ਦੀ ਘੰਟੀ ਹੁੰਦੀ ਸੀ ਤੇ ਇਸ ਲਈ ਉਹ ਸਦਾ ਇਸ ਦਾ ਵਿਰੋਧ ਕਰਦੀਆਂ ਸਨ ਤੇ ਕੌਮੀ ਲਹਿਰ ਨੂੰ ਸੰਵਿਧਾਨਕ ਹੱਦਾਂ ਅੰਦਰ ਰਖਣਾ ਚਾਹੁੰਦੀਆਂ ਸਨ। ਲੇਖ ਦੀਆਂ ਅਗਲੀਆਂ ਕਿਸ਼ਤਾਂ

ਵਿਚ ਅਸੀਂ ਵੇਖਾਂਗੇ ਕਿਵੇਂ ਭਾਰਤੀ ਸਰਮਾਏਦਾਰੀ ਦੇ ਆਗੂ ਬਿਰਲਾ ਅਤੇ ਪ੍ਰਸ਼ੋਤਮਦਾਸ, ਗਾਂਧੀ ਉਪਰ ਜਨਤਕ ਲਹਿਰ ਨੂੰ ਨਾ ਸ਼ੁਰੂ ਕਰਨ ਉਪਰ ਜ਼ੋਰ ਦਿੰਦੇ ਸਨ, ਪਰ ਉਹ ਉਨ੍ਹਾਂ ਦਾ ਵਿਰੋਧ ਕਰ ਕੇ ਲਹਿਰ ਸ਼ੁਰੂ ਕਰਦਾ ਸੀ। ਜੇਕਰ ਲਾਹੌਰ ਕਾਂਗਰਸ (1929) ਬਾਰੇ ਸਰਕਾਰ ਦੀਆਂ ਰੀਪੋਰਟਾਂ ਨੂੰ ਧਿਆਨ ਨਾਲ ਪੜ੍ਹਿਆ ਜਾਵੇ ਤਾਂ ਪਤਾ ਚਲੇਗਾ ਕਿ ਗਾਂਧੀ ਦੀ ਲਹਿਰ ਸੰਬੰਧੀ ਸੋਚ ਅਤੇ ਸਾਮਰਾਜੀਆਂ ਤੇ ਕਮਿਊਨਿਸਟਾਂ ਦੀ ਸੋਚ ਵਿਚ ਕਿਤਨਾ ਅੰਤਰ ਸੀ। ਇਕ ਰੀਪੋਰਟ ਵਿਚ ਤਾਂ ਅਫ਼ਸਰ ਇਥੋਂ ਤਕ ਚਲੇ ਗਏ ਹਨ ਕਿ ਗਾਂਧੀ ਸਮੁਚੀ ਲਹਿਰ ਨੂੰ ਕਮਿਊਨਿਸਟਾਂ ਦੇ ਹੱਥ ਦੇਣਾ ਚਾਹੁੰਦਾ ਹੈ। ਉਨ੍ਹਾਂ ਦਾ ਤਰਕ ਸਪਸ਼ਟ ਸੀ : ਜਦ ਜਨਤਕ ਲਹਿਰ ਹੋਰ ਵਧੇਗੀ, ਮਜ਼ਦੂਰਾਂ ਕਿਸਾਨਾਂ ਨੂੰ ਆਪਣੇ ਕਲਾਵੇ ਵਿਚ ਲਵੇਗੀ ਤਾਂ ਲਹਿਰ ਦੀ ਅਗਵਾਈ ਵੀ ਹੌਲੀ ਹੌਲੀ ਕਾਂਗਰਸ ਵਿਚ ਵਧੇਰੇ ਰੈਡੀਕਲ ਅਨਸਰਾਂ ਦੇ ਹੱਥਾਂ ਵਲ ਸਿਰਕ ਜਾਵੇਗੀ। ਤੇ ਉਸ ਵੇਲੇ ਇਹ ਰੈਡੀਕਲ ਅਨਸਰ ਕਾਂਗਰਸ ਵਿਚ ਕੌਣ ਸਨ ? ਨਹਿਰੂ ਤੇ ਕਮਿਊਨਿਸਟ । ਨਹਿਰੂ ਆਲ-ਇੰਡੀਆ ਟਰੇਡ ਯੂਨੀਅਨ ਕਾਂਗਰਸ ਦਾ ਪ੍ਰਧਾਨ ਵੀ ਸੀ। ਇੰਜ ਸਾਮਰਾਜੀ ਗਾਂਧੀ ਨੂੰ ਆਪਣਾ ਸਭ ਤੋਂ ਵੱਡਾ ਦੁਸ਼ਮਣ ਕਰਾਰ ਦਿੰਦੇ ਸਨ ਤੇ ਕਹਿੰਦੇ ਸਨ : ਠੀਕ ਹੈ ਉਹ ਕਮਿਊਨਿਸਟ ਨਹੀਂ, ਪਰ ਕਮਿਊਨਿਸਟਾਂ ਦੇ ਲਹਿਰ ਅੰਦਰ ਦਾਖਲ ਹੋਣ ਦਾ ਰਾਹ ਉਹੀ ਪੱਧਰਾ ਕਰਦਾ ਹੈ। ਇਕ ਦਸਤਾਵੇਜ਼ ਵਿਚ ਇਕ ਸੀ. ਆਈ. ਡੀ. ਅਫਸਰ ਉਸ ਨੂੰ 'ਚਲਾਕ ਬਾਣੀਆ' ਦੀ ਗਾਲ੍ਹ ਵੀ ਕੱਢਦਾ ਹੈ ਜੋ ਅਹਿੰਸਾ ਦੇ ਪਰਦੇ ਉਹਲੇ 'ਸਾਨੂੰ' ਭਾਵ ਸਾਮਰਾਜੀ ਅਫ਼ਸਰਸ਼ਾਹੀ ਨੂੰ ਧੋਖਾ ਦੇ ਕੇ ਲਹਿਰ ਕਮਿਊਨਿਸਟਾਂ ਦੇ ਹੱਥ ਫੜਾਉਣਾ ਚਾਹੁੰਦਾ ਹੈ। ਅੰਗਰੇਜ਼ ਅਫ਼ਸਰਸ਼ਾਹੀ ਇਹ ਗੱਲ ਚੰਗੀ ਤਰ੍ਹਾਂ ਸਮਝ ਚੁਕੀ ਸੀ ਕਿ ਕੇਵਲ ਗੈਰ-ਸੰਵਿਧਾਨਕ ਜਨਤਕ ਲਹਿਰ ਦੇ ਸ਼ੁਰੂ ਹੋਣ ਅਤੇ ਜ਼ੋਰ ਫੜਨ ਨਾਲ ਹੀ ਖੱਬੇ-ਪੱਖੀ ਤਾਕਤਾਂ ਦੀਆ ਜੜ੍ਹਾਂ ਲਗਣ ਦੇ ਦਰ ਖੁਲ੍ਹਦੇ ਹਨ ਕਿਉਂਕਿ ਇਨ੍ਹਾਂ ਤਾਕਤਾਂ ਵਿਚੋਂ ਹੀ ਅੱਗੇ ਵਧੇਰੀ ਚੇਤਨਤਾ ਗ੍ਰਹਿਣ ਕਰ ਕੇ ਲੋਕ ਸਮਾਜਵਾਦੀ ਵਿਚਾਰਧਾਰਾ ਗ੍ਰਹਿਣ ਕਰਨ ਵਲ ਵਧਣਗੇ। ਜੇਕਰ ਲਹਿਰ ਉਥੋਂ ਤਕ ਪੁੱਜੇ ਹੀ ਨਾ ਤੇ ਰਹੇ ਹੀ ਸੰਵਿਧਾਨਕਾਰੀ ਤਾਂ ਕਮਿਊਨਿਸਟ ਸਰਕਾਰ ਦੇ ਖਿਲਾਫ਼ ਜਿਤਨਾ ਮਰਜ਼ੀ ਪ੍ਰਚਾਰ ਕਰੀ ਜਾਣ, ਸੰਵਿਧਾਨਕ ਚੇਤਨਤਾ ਦੀਆਂ ਹੱਦਾਂ ਅੰਦਰ ਵਿਚਰਦੇ ਲੋਕਾਂ ਉਪਰ ਉਨ੍ਹਾਂ ਦਾ ਕੋਈ ਅਸਰ ਨਹੀਂ ਹੋਵੇਗਾ।

ਗੋਲਮੇਜ਼ ਕਾਨਫਰੰਸ ਦੀ ਨਾਕਾਮਯਾਬੀ ਤੋਂ ਬਾਅਦ 1932 ਵਿਚ ਜਦ ਸਰਕਾਰ ਸਿਵਲ-ਨਾ-ਫਰਮਾਨੀ ਦੀ ਲਹਿਰ ਦਬਾਉਣ ਉਪਰ ਤੁਲੀ ਹੋਈ ਸੀ ਤਾਂ ਹੋਮ ਮੈਂਬਰ ਐਮਰਸਨ ਨੇ ਲਿਖਿਆ :

"The real issue before the country is whether to proceed with constitutional advance by constitutional, peaceful and orderly steps along lines agreed at Round Table Conference or whether to plunge the country into a revolutionary struggle, the only excuse for which can be a refusal to trust the honesty of the intentions declared by the Prime Minister on behalf of the British people. Is Congress to decide the future of India or is that be settled in agreement between His Majesty's Government and all the very sections of the Indian people ? That is the question."

ਜਿਵੇਂ ਕਿ ਇਸ ਟੂਕ ਤੋਂ ਸਪੱਸ਼ਟ ਹੈ ਸਵਾਲ ਇਹ ਨਹੀਂ ਸੀ ਕਿ ਲਹਿਰ ਦੀ ਲੀਡਰਸ਼ਿਪ



ਕਿਸ ਦੇ ਅਧੀਨ ਹੈ! ਸਵਾਲ ਤਾਂ ਅਸਲ ਇਹ ਸੀ—ਲਹਿਰ ਨੇ ਰੂਪ ਕਿਹੜਾ ਧਾਰਨਾ
ਹੈ : ਸੰਵਿਧਾਨਕ ਜਾਂ ਗ਼ੈਰ-ਸੰਵਿਧਾਨਕ ? ਇਸ ਫੈਸਲੇ ਤੋਂ ਬਾਅਦ ਹੀ ਵਿਚਾਰਧਾਰਾ ਦਾ
ਸਵਾਲ ਉਠਣਾ ਸੀ। ਜੇਕਰ ਗ਼ੈਰ-ਸੰਵਿਧਾਨਕ ਤਾਂ ਕਿਹੜੀ ਵਿਚਾਰਧਾਰਾ ਅਜਿਹੇ ਰਾਹ ਨੂੰ
ਬਲਵਾਨ ਬਣਾਵੇਗੀ ? ਜੇਕਰ ਲਹਿਰ ਰਹੀ ਸੰਵਿਧਾਨਕ ਹੱਦਾਂ ਅੰਦਰ ਤਾਂ ਕਮਿਊਨਿਸਟਾਂ ਦੀ
ਹਾਰ ਦਾ ਫੈਸਲਾ ਤਾਂ ਹੋਇਆ ਹੀ ਹੋਇਆ ਸੀ।

ਹੁਣ ਅੱਗੇ ਸਵਾਲ ਉਠਦਾ ਹੈ ਗਾਂਧੀ ਦੀ ਵਿਚਾਰਧਾਰਕ ਪੱਧਰ 'ਤੇ ਸਿਆਸਤ ਦੇ ਕਿਰਦਾਰ
ਦਾ ਤੇ ਉਸ ਦੀ 'ਗਲਬਾਤਵਾਦੀ ਤੇ ਸਮਝੌਤੇਵਾਦੀ' ਸਿਆਸਤ-ਵਿਧੀ ਦਾ। ਸਵਾਲ ਉਠਦਾ ਹੈ :
ਠੀਕ ਹੈ ਗਾਂਧੀ ਗੈਰ-ਸੰਵਿਧਾਨਵਾਦੀ ਤਾਂ ਸੀ, ਪਰ ਕੀ ਉਹ ਪਟੇਲ, ਰਾਜਾ ਜੀ ਅਤੇ ਰਾਜਿੰਦਰ
ਪ੍ਰਸ਼ਾਦ ਵਾਂਗ ਸੱਜ-ਪੱਖੀ ਸੀ ਜਿਵੇਂ ਕਿ ਆਮ ਤੌਰ 'ਤੇ ਉਸ ਨੂੰ ਕਮਿਊਨਿਸਟ ਸਮਝਦੇ ਰਹੇ ?

ਸਾਡਾ ਵਿਚਾਰ ਹੈ ਕਿ ਗਾਂਧੀ ਗੈਰ-ਸੰਵਿਧਾਨਵਾਦੀ ਸੱਜ-ਪੱਖੀ ਨਹੀਂ ਸੀ ਕਿਉਂ ? ਕਾਂਗਰਸ
ਵਿਚ ਸੱਜੇ ਪੱਖੀਆਂ ਤੇ ਗੈਰ-ਸੱਜੇ-ਪੱਖੀਆਂ ਵਿਚ ਅੰਤਰ ਦੀ ਕਸੌਟੀ ਕੀ ਹੈ ? ਇਸ ਦੀ ਕਸੌਟੀ
ਇਹ ਹੈ ਕਿ ਉਹ ਸੱਜੇ-ਪੱਖੀਆਂ ਵਾਂਗ ਸਮਾਜਵਾਦ ਦੇ ਹਾਮੀਆਂ ਨੂੰ ਕਾਂਗਰਸ ਅੰਦਰ ਆਪਣਾ
ਪਲੇਟਫਾਰਮ ਅਲੱਗ ਖੜ੍ਹਾ ਕਰਨ ਤੇ ਕਾਂਗਰਸ ਲਹਿਰ ਅੰਦਰ ਸਮਾਜਵਾਦੀ ਵਿਚਾਰ ਫੈਲਾਉਣ ਦੇ
ਉਨ੍ਹਾਂ ਦੇ ਯਤਨਾਂ ਦਾ ਵਿਰੋਧ ਨਹੀਂ ਸੀ ਕਰਦਾ। ਇਸ ਨੁਕਤੇ ਉਪਰ ਉਸ 1934 ਵਿਚ ਕਾਂਗਰਸ
ਦਾ ਵਿਧਾਨ ਵੀ ਇੰਜ ਬਦਲਿਆ ਤਾਕਿ ਸਮਾਜਵਾਦੀ ਵੀ ਆਲ ਇੰਡੀਆ ਕਾਂਗਰਸ ਲਈ
ਚੁਣੇ ਜਾ ਸਕਣ। ਇਕ ਵੇਰ ਉਸ ਨੇ ਇਥੋਂ ਤਕ ਵੀ ਕਿਹਾ ਕਿ ਸਮਾਜਵਾਦੀਆਂ ਨੂੰ ਆਪਣੇ
ਵਿਚਾਰਾਂ ਦਾ ਪ੍ਰਚਾਰ ਕਰ ਕੇ, ਕਾਂਗਰਸ ਦੀ ਅਗਵਾਈ ਜਿੱਤਣ ਦਾ ਉਤਨਾ ਹੀ ਹੱਕ ਹੈ ਜਿਤਨਾ
ਕਿ ਦੂਸਰਿਆਂ ਨੂੰ।

ਉਪਰਲੇ ਖ਼ਾਕੇ ਵਿਚ ਅਸੀਂ ਉਸ ਦੀਆਂ ਸਿਆਸੀ ਪੁਜ਼ੀਸ਼ਨਾਂ ਨੂੰ ਸਜੇ-ਪੱਖੀਆਂ ਤੋਂ ਵੱਖ
ਕਰ ਕੇ ਦਰਸਾਇਆ ਹੈ ਤੇ ਇਹ ਦੋ ਸਿਆਸੀ ਪੁਜ਼ੀਸ਼ਨਾਂ ਹਨ : ਸੱਜ-ਕੇਂਦਰੀ (centre right)
ਅਤੇ ਖੱਬ-ਕੇਂਦਰੀ (centre left) ਜਦ ਅਸੀਂ ਗਾਂਧੀ ਦੀ ਸਮੁੱਚੀ ਸਿਆਸਤ ਨੂੰ ਲਹਿਰਾਂ ਦੇ
ਉਤਰਾ-ਚੜ੍ਹਾਅ ਵਿਚ ਵੇਖਦੇ ਹਾਂ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਹਰ ਵਾਰ ਉਹ ਸੰਵਿਧਾਨ-
ਵਾਦੀ ਸ਼ਕਤੀਆਂ ਨੂੰ ਆਪਣੇ ਵਲ ਖਿੱਚਣ ਤੋਂ ਬਾਅਦ ਲਹਿਰ ਸ਼ੁਰੂ ਕਰਦਾ ਹੈ ਤੇ ਉਸ ਵੇਲੇ
ਉਸ ਦੀ ਸਿਆਸੀ ਪੁਜ਼ੀਸ਼ਨ ਖੱਬ-ਕੇਂਦਰੀ ਹੁੰਦੀ ਹੈ। ਇਥੇ ਉਹ ਖੱਬੇ-ਪੱਖੀਆਂ ਦੇ ਪ੍ਰਭਾਵ ਥਲੇ
ਜਾਂ ਵਧੇਰੇ ਨਜ਼ਦੀਕ ਹੁੰਦੀ ਹੈ। ਮਿਸਾਲ ਵਜੋਂ 1927-29 ਦੇ ਚੜ੍ਹਾਅ ਵੇਲੇ ਨਹਿਰੂ ਨਾਲ
ਖੜਦਾ ਹੈ ਤੇ ਉਸ ਨੂੰ ਕਾਂਗਰਸ ਦਾ ਪ੍ਰਧਾਨ ਬਣਾਉਂਦਾ ਹੈ ਜਦੋਂ ਕਿ ਕੇਵਲ ਦੋ ਸੂਬਿਆਂ ਦੀਆਂ
ਕਾਂਗਰਸ ਕਮੇਟੀਆਂ ਨੇ ਹੀ ਉਸ ਦੀ ਪ੍ਰਧਾਨ ਬਣਨ ਲਈ ਸਿਫ਼ਾਰਸ਼ ਕੀਤੀ ਸੀ। ਗਾਂਧੀ ਦੇ
ਪ੍ਰਧਾਨ ਬਣਨ ਦੀ ਸਿਫ਼ਾਰਸ਼ 9 ਕਮੇਟੀਆਂ ਤੇ ਪਟੇਲ ਦੀ 4 ਜਾਂ 5 ਨੇ ਕੀਤੀ ਸੀ। ਇੰਜ ਹੀ
1942-44 ਵੇਲੇ ਉਹ ਕਾਂਗਰਸ ਸੋਸ਼ਲਿਸਟਾਂ ਦੇ ਵਧੇਰੇ ਨੇੜੇ ਸੀ। ਜਦ ਲਹਿਰ ਉਤਰਦੀ ਹੈ ਤਾਂ
ਉਹ ਵੀ ਲਹਿਰ ਦੇ ਨਾਲ ਪਿਛਾਂਹ ਵਲ ਮੁੜਦਾ ਹੈ ਤੇ ਹੁਣ ਉਸ ਦੀ ਪੁਜ਼ੀਸ਼ਨ ਸੱਜ-ਕੇਂਦਰੀ
ਹੁੰਦੀ ਹੈ। ਉਹ ਸੱਜੇ-ਪੱਖੀਆਂ ਦਾ ਪ੍ਰਭਾਵ ਕਬੂਲਦਾ ਹੈ ਤੇ ਉਨ੍ਹਾਂ ਦੇ ਵਧੇਰੇ ਨੇੜੇ ਹੁੰਦਾ ਹੈ।
ਉਨ੍ਹਾਂ ਦੀ ਕੌਂਸਿਲਾਂ ਵਿਚ ਜਾਣ ਲਈ ਡੱਟ ਕੇ ਮਦਦ ਕਰਦਾ ਹੈ। ਇਹ ਗੱਲ ਨਾ-ਮਿਲਵਰਤੋਂ
ਦੀ ਲਹਿਰ ਦੇ ਉਤਰਨ ਤੋਂ ਬਾਅਦ 1924 ਵਿਚ ਤੇ ਸਿਵਲ-ਨਾ-ਫੁਰਮਾਨੀ ਲਹਿਰ ਦੇ ਉਤਰਾ
ਤੋਂ ਬਾਅਦ 1934 ਵਿਚ ਗਾਂਧੀ ਵਲੋਂ ਲਈਆਂ ਗਈਆਂ ਸਿਆਸੀ ਪੁਜ਼ੀਸ਼ਨਾਂ ਤੋਂ ਸਪਸ਼ਟ ਹੋ

ਜਾਂਦੀ ਹੈ।

ਜਦ ਲਹਿਰ ਉਤਰਾ ਵਿਚ ਹੁੰਦੀ ਹੈ ਤਾਂ ਹੁਣ ਉਸ ਲਈ ਸਿਆਸਤ ਦਾ ਮਤਲਬ ਤਿਆਰ ਲੋਕਾਂ ਨੂੰ ਸਾਮਰਾਜ ਦੇ ਵਿਰੁਧ ਖੜਾ ਕਰਨਾ ਤੇ ਲੜਾਨਾ ਨਹੀਂ ਹੁੰਦਾ। ਹੁਣ ਉਸ ਲਈ ਸਿਆਸਤ ਦਾ ਮਤਲਬ ਹੁੰਦਾ ਹੈ—ਆਪਣੀਆਂ ਹਾਰੀਆਂ ਹੁੱਟੀਆਂ 'ਫੌਜਾਂ' ਨੂੰ ਮੁੜ ਤੋਂ ਜਥੇਬੰਦ ਕਰਨਾ, ਉਨ੍ਹਾਂ ਦਾ ਘੇਰਾ ਵਧਾਉਣਾ ਤੇ ਆਉਣ ਵਾਲੀ ਲੜਾਈ ਲਈ ਰਾਹ ਪੱਧਰਾ ਕਰਨਾ। ਇਸ ਤਿਆਰੀ ਲਈ ਉਹ ਕੌਂਸਲਾਂ ਨੂੰ ਵਰਤਣਾ ਚਾਹੁੰਦਾ ਹੈ। ਇਹੀ ਕਾਰਨ ਹੈ ਕਿ ਹਰ ਜਨਤਕ ਲਹਿਰ ਸ਼ੁਰੂ ਹੋਣ ਤੋਂ ਪਹਿਲਾਂ ਨਾਹਰਾ ਹੁੰਦਾ ਸੀ 'ਕੌਂਸਲਾਂ ਛੱਡ ਕੇ ਮੈਦਾਨ ਵਿਚ ਨਿਤਰੋ'। ਅਜਿਹਾ 1922, 1929-30 ਵਿਚ ਹੋਇਆ ਤੇ ਇਥੋਂ ਤੱਕ 1939 ਵਿਚ ਉਸ ਨੇ ਕਾਂਗਰਸੀਆਂ ਨੂੰ ਮਨਿਸਟਰੀਆਂ ਛਡ ਕੇ ਘੋਲ ਲਾਮਬੰਦ ਕਰਨ ਲਈ ਕਿਹਾ। ਪਰ ਹਰ ਜਨਤਕ ਲਹਿਰ ਦੇ ਉਤਰਾ ਤੋਂ ਬਾਅਦ ਨਾਹਰ ਹੁੰਦਾ ਸੀ ਜਿੰਨ੍ਹਾਂ ਨੇ ਕੌਂਸਿਲਾਂ ਵਿਚ ਜਾਣਾ ਹੈ ਜਾਉ, ਭਾਵੇਂ "ਮੈਂ ਆਪ ਕਦੇ ਵੀ ਇਸ ਰਾਹ ਨਹੀਂ ਪਵਾਂਗਾ"। ਅਜਿਹਾ 1924 ਵਿਚ ਤੇ ਫੇਰ 1934 ਵਿਚ ਤੇ ਫਿਰ 1946 ਵਿਚ ਹੋਇਆ।

ਗੱਲ ਇਥੇ ਹੀ ਬਸ ਨਹੀਂ ਹੋ ਜਾਂਦੀ। ਇਸ ਤੋਂ ਅੱਗੇ ਵੀ ਜਾਂਦੀ ਹੈ। ਜਦ ਸਰਕਾਰ ਨੇ ਲਹਿਰ ਦਬਾਉਣੀ ਹੁੰਦੀ ਤਾਂ ਇਕ ਪਾਸੇ ਉਹ 'ਸਮਝੌਤੇ ਤੇ ਗੱਲਬਾਤ' ਦਾ ਲਾਲਚ ਦੇਂਦੀ ਤੇ ਨਾਲ ਹੀ ਲਹਿਰ ਦੇ ਖੱਬੇ-ਪੱਖ ਉਪਰ ਤਸ਼ੱਦਦ ਕਰਦੀ। ਜਦ ਇਸ ਲਾਲਚ ਦੇ ਕਾਰਨ ਕਾਂਗਰਸ ਦੇ ਅੰਦਰ ਦੀਆਂ ਸੰਵਿਧਾਨਵਾਦੀ ਸਫ਼ਾਂ ਡੋਲਣ ਲੱਗ ਜਾਂਦੀਆਂ ਤਾਂ ਗਾਂਧੀ ਵੇਰ ਦੁਬਿੱਧਾ ਵਿਚ ਫਸ ਜਾਂਦਾ : ਕੀ ਉਹ ਅੱਗੇ ਹੋ ਕੇ ਆਪ ਹੁਣ ਗੱਲਬਾਤ ਤੇ ਸਮਝੌਤਾ ਉੱਚੀ ਤੋਂ ਉੱਚੀ ਕੀਮਤ ਲੈ ਕੇ ਕਰੇ ਜਾਂ ਅਜਿਹਾ ਕਾਂਗਰਸ ਅੰਦਰਲੇ ਸੰਵਿਧਾਨਵਾਦੀਆਂ 'ਤੇ ਛੱਡ ਦੇਵੇ ਤੇ ਕਾਂਗਰਸ ਨੂੰ ਦੋ ਧੜਿਆਂ ਵਿਚ ਪਾਟ ਜਾਣ ਦੇਵੇ ? ਇੰਜ 'ਸਮਝੌਤੇ ਤੇ ਗੱਲਬਾਤ' ਦੀ ਸਿਆਸਤ ਗਾਂਧੀ ਦੀ ਆਪਣੀ ਇਛਾ ਦੀ ਕਾਢ ਨਹੀਂ ਸੀ। ਸਟੇਟ ਦੇ ਖਾਸੇ ਕਾਰਨ ਸਿਆਸਤ ਇਹ ਰੂਪ ਧਾਰ ਰਹੀ ਸੀ ਤੇ ਜੋ ਲੋਕ (ਕਮਿਊਨਿਸਟ) ਸਿਆਸਤ ਦੇ ਇਸ ਯਥਾਰਥ ਨੂੰ ਪਛਾਣ ਨਹੀਂ ਸਨ ਰਹੇ ਉਹ 'ਸਮਝੌਤੇ ਤੇ ਗੱਲਬਾਤ ਦੀ ਸਿਆਸਤ' ਦੀ ਨਿੰਦਿਆ ਕਰ ਸਕਦੇ ਸਨ ਪਰ ਸਿਆਸਤ ਨੂੰ ਪ੍ਰਭਾਵਤ ਨਹੀਂ ਸਨ ਕਰ ਸਕਦੇ। ਇੰਜ ਇਸ ਦੂਹਰੀ ਲੋੜ ਨੂੰ ਪੂਰਾ ਕਰਨ ਲਈ, ਸੰਵਿਧਾਨਵਾਦੀ ਸ਼ਕਤੀਆਂ ਤੇ ਗੈਰ-ਸੰਵਿਧਾਨਵਾਦੀ ਸ਼ਕਤੀਆਂ ਨੂੰ ਇਕੋ ਜਥੇਬੰਦੀ ਵਿਚ ਰੱਖਣ ਦੀ ਕੰਮੀ ਲੋੜ ਵਿਚੋਂ **ਕਾਂਗਰਸ ਪਾਰਟੀ ਦੇ ਖਾਸ ਜਥੇਬੰਦਕ ਰੂਪ ਦਾ ਨਿਕਾਸ ਹੋਇਆ**। ਅਜਿਹੀ ਜਥੇਬੰਦੀ ਨੂੰ ਸ਼ੁਰੂ ਤੋਂ ਇਕ ਜਮਾਤ ਦੀ ਜਥੇਬੰਦੀ ਕਹਿਣਾ ਗਲਤ ਹੋਵੇਗਾ। ਜੇਕਰ ਕਮਿਊਨਿਸਟਾਂ ਨੇ ਸਮੇਂ ਸਮੇਂ ਇਸ ਨਾਲੋਂ ਟੁੱਟ ਕੇ ਇਸ ਨੂੰ ਪ੍ਰਭਾਵਤ ਕਰਨ ਤੋਂ ਇਨਕਾਰ ਕੀਤਾ ਤੇ ਆਪਣੀਆਂ ਗਲਤੀਆਂ ਕਾਰਨ ਇਸ ਜਥੇਬੰਦਕ ਹਥਿਆਰ ਨੂੰ ਭਾਰੂ ਜਮਾਤਾਂ ਦੇ ਹੱਥਾਂ ਵਿਚ ਹੀ ਰਹਿਣ ਦਿਤਾ ਤਾਂ ਇਸ ਦਾ ਮਤਲਬ ਇਹ ਨਹੀਂ ਹੋ ਜਾਂਦਾ ਕਿ ਗਾਂਧੀ ਤੇ ਨਹਿਰੂ ਨੇ ਇਸ ਜਥੇਬੰਦੀ ਨੂੰ ਘੜਿਆ ਹੀ ਸਰਮਾਏਦਾਰਾਂ ਦੇ ਹਿੱਤਾਂ ਵਾਸਤੇ ਸੀ। ਇਹ ਲਾਜ਼ਮੀ ਨਹੀਂ ਸੀ ਕਿ ਇਤਿਹਾਸਕ ਤੌਰ 'ਤੇ ਇਸ ਜਥੇਬੰਦੀ ਦਾ ਜੋ ਰੂਪ ਉਘੜਿਆ ਉਹ ਪਹਿਲੋਂ ਹੀ ਨਿਸਚਿਤ ਸੀ (historically inevitale)। ਕਮਿਊਨਿਸਟਾਂ ਨੂੰ ਇਸ ਸਵਾਲ ਦਾ ਸਪਸ਼ਟ ਸਾਹਮਣਾ ਕਰਨਾ ਚਾਹੀਦਾ ਹੈ ਕਿ ਕੀ ਕਾਰਨ ਸਨ ਜਦ ਉਹ ਕਾਂਗਰਸ ਵਿਚ ਗਏ ਤਾਂ ਵਧੇ ਫੁੱਲੇ, ਜਨਤਕ ਆਧਾਰ ਕਾਇਮ ਕੀਤਾ, ਪਰ ਜਦ ਬਾਹਰ ਆਏ, ਤਾਂ ਨਾਲੇ ਆਪ ਅੰਨ੍ਹੀਆਂ ਸੱਟਾਂ ਖਾਧੀਆਂ ਤੇ ਨਾਲੇ ਸੁੰਗੜੇ।



ਇਥੇ "ਗਲਬਾਤ ਤੇ ਸਮਝੌਤੇਵਾਦੀ ਸਿਆਸਤ" ਦੇ ਸੰਬੰਧ ਵਿਚ ਇਕ ਬਹੁਤ ਮਹੱਤਵਪੂਰਨ ਤੱਥ ਦਾ ਜ਼ਿਕਰ ਕਰਨਾ ਜ਼ਰੂਰੀ ਹੈ ਜਿਸ ਨੂੰ ਆਮ ਤੌਰ 'ਤੇ ਖੱਬੇ-ਪੱਖੀ ਇਤਿਹਾਸਕਾਰਾਂ ਨੇ ਨਹੀਂ ਗੌਲਿਆ। 'ਗੱਲਬਾਤ ਤੇ ਸਮਝੌਤੇ' ਦਾ ਲੋਕਾਂ ਉਪਰ ਬਾਹਰਮੁੱਖੀ ਅਸਰ ਕੀ ਹੁੰਦਾ ਸੀ ? ਇਸ ਬਾਰੇ ਕਮਿਊਨਿਸਟਾਂ ਅਤੇ ਬਸਤੀਵਾਦੀ ਸਰਕਾਰ ਦੇ ਨਿਰਣੇ ਬਿਲਕੁਲ ਉਲਟ ਹਨ। ਕਮਿਊਨਿਸਟਾਂ ਅਨੁਸਾਰ ਗਲਬਾਤ ਤੇ ਸਮਝੌਤਾ ਗੋਡੇ-ਟੇਕੂ ਨੀਤੀ ਸੀ, ਜਿਸ ਰਾਹੀਂ ਭਾਰਤੀ ਬੁਰਜੁਆਜ਼ੀ ਦਾ ਦੋਗਲਾ ਕਿਰਦਾਰ ਉਘੜਦਾ ਸੀ, ਜਿਸ ਰਾਹੀਂ ਉਹ ਲੋਕਾਂ ਨੂੰ ਧੋਖਾ ਦੇ ਕੇ ਲਹਿਰ ਨੂੰ ਅੱਧ-ਵਿਚਕਾਰੋਂ ਤੋੜਨਾ ਚਾਹੁੰਦੀ ਸੀ। ਕਮਿਊਨਿਸਟ ਹਲਕਿਆਂ ਵਿਚ ਅਜ ਤਕ ਇਹੀ ਸਮਝ ਚਲੀ ਆਉਂਦੀ ਹੈ। **ਪਰ ਇਤਿਹਾਸਕ ਸਾਮੱਗਰੀ ਇਸ ਵਿਚਾਰ ਨੂੰ ਬਿਲਕੁਲ ਗਲਤ ਸਾਬਤ ਕਰਦੀ ਹੈ।** ਇਸ ਵਿਚਾਰ ਦੇ ਉਲਟ, ਅੰਗਰੇਜ਼ ਅਫ਼ਸਰਸ਼ਾਹੀ ਕਾਂਗਰਸ ਨਾਲ ਗੱਲਬਾਤ ਕਰਨ ਲਈ ਤਿਆਰ ਹੋ ਜਾਣ ਨੂੰ ਹੀ ਆਪਣੀ ਪਹਿਲੀ ਹਾਰ ਸਮਝਦੀ ਸੀ, ਕਿਉਂਕਿ ਗੱਲਬਾਤ ਦਾ ਭਾਵ ਸੀ ਕਾਂਗਰਸ ਨੂੰ ਭਾਰਤੀ ਕੌਮਵਾਦ ਦੀ ਸ਼ਕਤੀ ਵਜੋਂ ਸਵੀਕਾਰ ਕਰਨਾ ਤੇ ਇਹ ਮੰਨਣਾ ਕਿ ਉਸ ਨਾਲ ਸਮਝੌਤੇ ਬਿਨਾਂ ਅਫ਼ਸਰਸ਼ਾਹੀ ਰਾਜ ਨਹੀਂ ਕਰ ਸਕਦੀ। ਗੱਲਬਾਤ ਦਾ ਰਾਹ ਫੜਨ ਨਾਲ ਅਫ਼ਸਰਸ਼ਾਹੀ ਦੇ ਆਪਣੇ ਹਿਮਾਇਤੀਆਂ ਉਪਰ ਉਸ ਦੇ ਪ੍ਰਭਾਵ ਤੇ ਰੋਹਬ ਵਿਚ ਤ੍ਰੇੜ ਪੈਂਦੀ ਸੀ ਤੇ ਇਹ ਅਹਿਸਾਸ ਪੈਦਾ ਹੁੰਦਾ ਤੇ ਵਧਦਾ ਸੀ ਕਿ ਠੀਕ ਹੈ ਕਾਂਗਰਸ ਕਮਜ਼ੋਰ ਹੈ ਪਰ ਇਕ ਦਿਨ ਜ਼ਰੂਰ ਤਾਕਤ ਹਾਸਿਲ ਕਰੇਗੀ। ਭਵਿੱਖ ਕਾਂਗਰਸ ਵਲ ਹੈ—ਇਸ ਵਿਸ਼ਵਾਸ ਦਾ ਫੈਲਣਾ ਸਾਮਰਾਜੀ ਰਾਜ ਦੀਆਂ ਜੜ੍ਹਾਂ ਉਪਰ ਵੱਡਾ ਕੁਹਾੜਾ ਸੀ। ਅੰਗਰੇਜ਼ ਅਫ਼ਸਰਸ਼ਾਹੀ ਆਪਣੇ ਹਿਮਾਇਤੀਆਂ ਵਿਚ ਇਹ ਵਿਚਾਰ ਨਹੀਂ ਸੀ ਫੈਲਣ ਦੇਣਾ ਚਾਹੁੰਦੀ। ਇਹੀ ਕਾਰਨ ਸੀ ਕਿ ਜਦ ਲਹਿਰ ਆਪਣੇ ਪੂਰੇ ਚੜ੍ਹਾਅ 'ਤੇ ਹੁੰਦੀ ਤਾਂ ਅੰਗਰੇਜ਼ ਗੱਲਬਾਤ ਤੇ ਸਮਝੌਤੇ ਤੋਂ ਕੰਨੀ ਕਤਰਾਉਂਦੇ ਸਨ। 1931 ਵਿਚ ਗਾਂਧੀ-ਇਰਵਨ ਪੈਕਟ ਤੇ ਪੈਕਟ ਦੇ ਪਿਛੋਂ ਉਹ ਪਛਤਾਏ ਸਨ ਤੇ ਇਸੇ ਕਾਰਨ 1932-33 ਵਿਚ ਗਾਂਧੀ ਦੀਆਂ ਲੱਖ ਕੋਸ਼ਿਸ਼ਾਂ ਦੇ ਬਾਵਜੂਦ ਉਹਨਾਂ ਗੱਲਬਾਤ ਦਾ ਦਰਵਾਜ਼ਾ ਖੋਲ੍ਹਣ ਤੋਂ ਇਨਕਾਰ ਕਰ ਦਿੱਤਾ ਸੀ। ਅਪਰੈਲ 1932 ਵਿਚ ਹੋਮ-ਮੈਂਬਰ ਹੇਗ, ਵਾਈਸਰਾਏ ਨੂੰ ਇਕ ਖ਼ਤ ਵਿਚ ਲਿਖਦਾ ਹੈ :

"But while the movement is still active, we must, I feel, definitely avoid conversations with Gandhi which will inevitably be interpreted as negotiations and will on that account weaken our position very seriously."

'ਗੱਲਬਾਤ ਦੀ ਰਾਜਨੀਤੀ' ਦੇ ਪ੍ਰਭਾਵ ਕਿੰਨੇ ਭੈੜੇ ਹੋ ਸਕਦੇ ਸਨ, ਇਸ ਬਾਰੇ 25 ਜੂਨ 1937 ਨੂੰ ਵਾਈਸਰਾਏ ਵਲਿੰਗਡਨ ਲਿਖਦਾ ਹੈ :

"Anything that looks like negotiations will seriously upset those who support us and we simply cannot afford to shake the confidence of the army and the police."

ਇਸ ਤੱਥ ਦੇ ਸਬੂਤ ਲਈ ਮੈਂ ਇਥੇ ਟੂਕਾਂ ਦੀ ਭਰਮਾਰ ਨਹੀਂ ਦੇਣਾ ਚਾਹੁੰਦਾ ਕਿ ਲਹਿਰ ਜਦ ਚੜ੍ਹਾਅ 'ਤੇ ਹੁੰਦੀ ਸੀ ਤਾਂ ਗਾਂਧੀ ਦੀ ਸਮਝੌਤੇ ਦੀ ਤੇ ਗੱਲਬਾਤ ਚਲਾਉਣ ਦੀ ਨੀਤੀ ਕਿਵੇਂ ਅੰਗਰੇਜ਼ਾਂ ਲਈ ਬਹੁਤ ਮਾਰੂ ਹਥਿਆਰ ਸਾਬਤ ਹੁੰਦੀ ਸੀ।

ਇਸ ਸਾਰੀ ਚਰਚਾ ਤੋਂ ਬਾਅਦ ਅਸੀਂ ਇਸ ਨਤੀਜੇ ਉਪਰ ਪਹੁੰਚਦੇ ਹਾਂ ਕਿ ਖੱਬੇ-ਪੱਖੀ ਸਿਆਸਤ ਦੇ ਪ੍ਰਭਾਵ ਦੀਆਂ ਸੀਮਾਵਾਂ ਅਤੇ ਸੰਭਾਵਨਾਵਾਂ ਇਸ ਗੱਲ ਉਪਰ ਨਿਰਭਰ ਕਰਦੀਆਂ ਸਨ ਕਿ ਗੈਰ-ਸੰਵਿਧਾਨਵਾਦੀ ਸ਼ਕਤੀਆਂ ਦਾ ਘੇਰਾ ਕਿੰਨਾ ਵਿਸ਼ਾਲ ਹੈ। ਇਕੋ ਇਕ ਹਸਤੀ ਜੋ ਇਸ ਘੇਰੇ ਨੂੰ ਵਿਸ਼ਾਲ ਕਰਨ ਵਿਚ ਜੁਟੀ ਹੋਈ ਸੀ ਤੇ ਜੋ ਕਾਂਗਰਸ ਦੇ ਅੰਦਰ ਆਪ ਸਮਾਜਵਾਦੀ ਵਿਚਾਰਾਂ ਦੀ ਨਾ ਹੁੰਦੀ ਹੋਈ ਉਨ੍ਹਾਂ ਵਿਚਾਰਾਂ ਨੂੰ ਕਾਂਗਰਸ ਵਿਚ ਫੈਲਾਣ ਦਾ ਵਿਰੋਧ ਵੀ ਨਹੀਂ ਸੀ ਕਰਦੀ, ਉਹ ਸੀ ਗਾਂਧੀ। ਇਹ ਕਮਿਊਨਿਸਟਾਂ ਦੀ ਸਭ ਤੋਂ ਵੱਡੀ ਬਦ-ਕਿਸਮਤੀ ਸੀ ਕਿ ਉਹ ਆਦਮੀ ਜੋ ਉਨ੍ਹਾਂ ਦੇ ਦਾਖਲੇ ਲਈ ਲੋਕ ਚੇਤਨਤਾ ਦੇ ਦਰ ਖੋਲ੍ਹ ਰਿਹਾ ਸੀ, ਉਸੇ ਨੂੰ ਹੀ ਉਨ੍ਹਾਂ ਨੇ ਆਜ਼ਾਦੀ ਅਤੇ ਸਮਾਜਵਾਦ ਦੇ ਰਾਹ ਦਾ ਸਭ ਤੋਂ ਵੱਡਾ ਰੋੜਾ ਸਮਝਿਆ।

ਕੀ ਇਥੋਂ ਸਾਨੂੰ ਕਮਿਊਨਿਸਟ ਲਹਿਰ ਦੇ ਭੂਤ ਅਤੇ ਵਰਤਮਾਨ ਬਾਰੇ ਕੋਈ ਸੂਝ (insight) ਨਹੀਂ ਮਿਲਦੀ? ਮਿਲਦੀ ਹੈ। ਅਜ ਉਸੇ ਪ੍ਰਕਾਰ ਦੀ ਸਟੇਟ ਦਾ ਸਾਹਮਣਾ ਕਰਨ ਦੀ ਸਮੱਸਿਆ ਕਮਿਊਨਿਸਟਾਂ ਅੱਗੇ ਹੈ। ਇਹ ਸਮੱਸਿਆ ਨਾ ਚੀਨ ਵਿਚ ਸੀ ਤੇ ਨਾ ਰੂਸ ਵਿਚ। 1967 ਤਕ ਕਮਿਊਨਿਸਟ ਲਹਿਰ ਜਾਂ ਤਾ ਬਿਲਕੁਲ ਸੰਵਿਧਾਨਵਾਦੀ ਹੋ ਜਾਂਦੀ ਰਹੀ ਤੇ ਜਾਂ ਬਿਲਕੁਲ ਸੰਵਿਧਾਨ ਨੂੰ ਰੱਦ ਕਰ ਕੇ ਗੈਰ-ਸੰਵਿਧਾਨਵਾਦੀ। ਇਥੋਂ ਤਕ ਕਿ 1967 ਤੋਂ ਬਾਅਦ ਤਾਂ ਇਸੇ ਕਾਰਨ ਫੁੱਟ ਵੀ ਪੈ ਗਈ ਹੈ, ਜੋ ਗਾਂਧੀ ਨੇ ਕਾਂਗਰਸ ਵਿਚ ਨਹੀਂ ਸੀ ਪੈਣ ਦਿਤੀ। ਸਮੁਚੀ ਲਹਿਰ ਦੀ ਇਕ ਪਾਰਟੀ ਬਿਲਕੁਲ ਸੰਵਿਧਾਨਵਾਦੀ ਹੋ ਨਿਬੜੀ ਹੈ (ਸੀ. ਪੀ. ਆਈ.); ਦੂਸਰੀ ਬਿਲਕੁਲ ਗੈਰ-ਸੰਵਿਧਾਨਵਾਦੀ (ਨਕਸਲ ਪੰਥੀਆਂ ਦੇ ਵੱਖ ਵੱਖ ਗਰੁਪ) ਤੇ ਤੀਸਰੀ ਦੁਬਿਧਾ ਵਿਚ ਫਸੀ ਖੜਤੀ ਹੈ। ਸਵਾਲ ਉਹੀ ਹੈ : ਸੰਵਿਧਾਨਵਾਦੀ ਪ੍ਰਬੰਧ ਹੇਠ ਕਿਵੇਂ ਅਜਿਹੀਆਂ ਗੈਰ-ਸੰਵਿਧਾਨਵਾਦੀ ਇਨਕਲਾਬੀ ਸ਼ਕਤੀਆਂ ਨੂੰ ਪੈਦਾ ਤੇ ਜਥੇਬੰਦ ਕੀਤਾ ਜਾਵੇ ਜੋ ਇਸ ਨੂੰ ਪਰਾਂਹ ਕਰ ਕੇ ਲੋਕ ਹੱਕਾਂ ਲਈ ਅੱਗੇ ਵਧਣ? ਇਸ ਸਵਾਲ ਦਾ ਠੋਸ ਜਵਾਬ ਨਾ ਦੇ ਸਕਣ ਕਾਰਨ ਭਾਵ ਇਸ ਉਦੇਸ਼ ਲਈ ਯੋਗ ਯੁਧ-ਨੀਤੀ ਤੇ ਦਾਅ-ਪੇਚ ਨਾ ਭਾਲ ਸਕਣ ਕਾਰਨ ਅਜ ਕਮਿਊਨਿਸਟ ਲਹਿਰ ਤਿੰਨ ਧੜਿਆਂ ਵਿਚ ਵੰਡੀ ਹੋਈ ਹੈ। ਜਦ ਵੀ ਕਮਿਊਨਿਸਟ ਲਹਿਰ ਅੰਦਰ ਏਕਤਾ ਹੋਵੇਗੀ ਉਹ ਕੇਵਲ ਇਸ ਨਵੀਂ ਯੁਧ-ਨੀਤੀ ਤੇ ਦਾਅ-ਪੇਚਾਂ ਉਪਰ ਹੀ ਸੰਭਵ ਹੋਵੇਗੀ, ਨਹੀਂ ਤਾਂ ਕਮਿਊਨਿਸਟ ਲਹਿਰ ਅੰਦਰ ਕਦੀ ਵੀ ਏਕਤਾ ਨਹੀਂ ਹੋਵੇਗੀ। ਉਹ ਬੁਰਜਵਾ ਪਾਰਟੀਆਂ ਵਾਂਗ ਹੀ ਇਕ ਦੂਸਰੀ ਨੂੰ ਖਤਮ ਕਰਨ ਉਪਰ ਤੁਲੀਆਂ ਰਹਿਣਗੀਆਂ। (ਚਲਦਾ)

---

## ਗੁਰਬਾਣੀ ਦਾ ਸੱਚ


ਕਿਸ਼ਨ ਸਿੰਘ ਦੇ ਗੁਰਬਾਣੀ ਦੇ ਵੱਖ ਵੱਖ ਪੱਖਾਂ ਬਾਰੇ ਲਿਖੇ ਲੇਖਾਂ ਦਾ ਸੰਗ੍ਰਹਿ ਜਿਸ ਵਿਚ ਗੁਰਬਾਣੀ ਦੀ ਸਮਾਜਕ ਵਸਤੂ, ਗੁਰਬਾਣੀ ਵਿਚ ਹੁਕਮ ਦਾ ਸਿਧਾਂਤ, ਗੁਰਬਾਣੀ ਵਿਚ ਵਿਜੋਗ ਦਾ ਮਸਲਾ, ਗੁਰਬਾਣੀ ਵਿਚ ਬਦੀ ਦਾ ਸੰਕਲਪ, ਗੁਰਬਾਣੀ ਅਤੇ ਸਰਬੱਤ ਦੀ ਆਜ਼ਾਦੀ ਦਾ ਪੈਂਤੜਾ ਆਦਿ ਲੇਖਾਂ ਤੋਂ ਇਲਾਵਾ ਬਾਬਰਵਾਣੀ ਅਤੇ ਗੁਰੂ ਤੇਗ ਬਹਾਦਰ ਦੀ ਬਾਣੀ ਦੀ ਵਿਆਖਿਆ ਵਾਲੇ ਲੇਖ ਵੀ ਹਨ। ਸਫ਼ੇ 200, ਸੁੰਦਰ ਦਿੱਖ, ਲਾਇਬਰੇਰੀ ਐਡੀਸ਼ਨ, ਪੱਕੀ ਜਿਲਦ—ਮੁਲ : 15 ਰੁਪੈ, ਪੇਪਰ ਬੈਕ—ਮੁੱਲ : ਦਸ ਰੁਪੈ।

(10 ਰੁਪੈ ਜਾਂ 1 ਪੌਂਡ ਜਾਂ 1.50 ਡਾਲਰ; 15 ਰੁਪੈ ਜਾਂ 1.50 ਪੌਂਡ ਜਾਂ 2.75 ਡਾਲਰ)






ਸੁੱਚਾ ਸਿੰਘ ਗਿੱਲ

## ਭਾਰਤ ਦੀ ਆਰਥਕਤਾ 'ਤੇ ਵਿਦੇਸ਼ੀ ਗਲਬਾ

1958 ਤੋਂ ਬਾਅਦ ਵਿਦੇਸ਼ੀ ਸਰਮਾਏ ਦੇ ਭਾਰਤ ਵਿਚ ਤੇਜ਼ੀ ਨਾਲ ਆਉਣ 'ਤੇ ਇਸ ਦਾ ਭਾਰਤ ਦੀ ਆਰਥਕਤਾ ਵਿਚ ਰੋਲ ਵਧ ਗਿਆ ਹੈ ਅਤੇ ਆਰਥਕਤਾ ਦੇ ਆਧੁਨਿਕ ਖੇਤਰ ਵਿਚ ਵਿਦੇਸ਼ੀ ਸਰਮਾਏ ਦਾ ਕਬਜ਼ਾ ਕਾਫੀ ਵਧ ਗਿਆ ਹੈ। 1971 ਦੇ ਅੰਕੜਿਆਂ ਅਨੁਸਾਰ ਭਾਰਤ ਵਿਚ 1679.6 ਕਰੋੜ ਰੁਪਏ ਦਾ ਵਿਦੇਸ਼ੀ ਸਰਮਾਇਆ ਸਿੱਧੇ ਰੂਪ ਵਿਚ ਲਗਾ ਹੋਇਆ ਸੀ।[1] (ਇਸ ਲੇਖ ਦੀ ਪੰਜਵੀਂ ਕਿਸ਼ਤ ਵਿਚ (ਅਕਤੂਬਰ ਅੰਕ) ਵਿਦੇਸ਼ੀ ਸਰਮਾਏ ਦੇ ਭਾਰਤ ਵਿਚ 1972 ਤਕ ਲਗੇ ਹੋਣ ਬਾਰੇ 912.6 ਕਰੋੜ ਦੇ ਜੋ ਅੰਕੜੇ ਦਿਤੇ ਗਏ ਸਨ, ਉਹਨਾਂ ਵਿਚ ਬਾਗਬਾਨੀ, ਖਾਣਾਂ, ਪਟਰੋਲ ਅਤੇ ਸੇਵਾਵਾਂ ਦੇ ਖੇਤਰਾਂ ਦੇ ਅੰਕੜੇ ਸ਼ਾਮਲ ਨਹੀਂ ਸਨ। ਉਹ ਸਿਰਫ਼ ਸਨਅਤੀ ਖੇਤਰ ਵਿਚ ਵਿਦੇਸ਼ੀ ਸਰਮਾਏ ਬਾਰੇ ਹੀ ਸਨ) ਇਹ ਭਾਰਤ ਵਿਚ ਨਿਜੀ ਖੇਤਰ ਵਿਚ ਸਰਮਾਏ ਦਾ ਪੰਜਵਾਂ ਹਿੱਸਾ ਸੀ। ਇਹ ਸਰਮਾਇਆ ਮੁਖ-ਤੌਰ 'ਤੇ ਵਿਦੇਸ਼ੀ ਬਹੁ-ਕੌਮੀ ਕਾਰਪੋਰੇਸ਼ਨਾਂ ਦਾ ਹੈ। ਇਸ ਸਰਮਾਏ ਨਾਲ ਕਈ ਉਦਯੋਗ ਤਾਂ ਸਿੱਧੇ ਰੂਪ ਵਿਚ ਵਿਦੇਸ਼ੀ ਗ਼ਲਬੇ ਹੇਠ ਹਨ ਅਤੇ ਕੁਝ ਉਪਰ ਕੰਟਰੋਲ ਅਸਿੱਧੇ ਢੰਗ ਨਾਲ ਹੈ। ਵਿਦੇਸ਼ੀ ਸਰਮਾਏ ਨੇ ਕਈ ਭਾਰਤੀ ਕੰਪਨੀਆਂ ਨਾਲ ਭਿਆਲੀ ਪਾਈ ਹੋਈ ਹੈ ਅਤੇ ਉਨ੍ਹਾਂ ਦੇ ਹਿੱਸੇ ਖਰੀਦੇ ਹੋਏ ਹਨ ਅਤੇ ਕਈਆਂ ਨਾਲ ਸਿਰਫ਼ ਤਕਨੀਕੀ ਭਿਆਲੀ ਹੀ ਹੈ। ਅਗਰ ਅਸਿੱਧੇ ਢੰਗ ਨਾਲ ਕੰਟਰੋਲ ਹੇਠ ਕੰਪਨੀਆਂ ਨੂੰ ਵੀ ਗਿਣਿਆ ਜਾਵੇ ਤਾਂ ਵਿਦੇਸ਼ੀ ਸਰਮਾਏ ਦੇ ਕੰਟਰੋਲ ਵਿਚ ਭਾਰਤ ਦੇ ਆਧੁਨਿਕ ਨਿਜੀ ਖੇਤਰ ਦਾ 49 ਤੋਂ 59 ਫੀ ਸਦੀ ਸਰਮਾਇਆ ਹੈ।

ਭਾਰਤ ਵਿਚ ਵਿਦੇਸ਼ੀ ਕੰਟਰੋਲ ਅਧੀਨ ਕੰਪਨੀਆਂ ਦੇ ਉਤਪਾਦਨ ਦੇ ਅਧਿਅਨ ਤੋਂ ਇਹ ਪਤਾ ਚਲਦਾ ਹੈ ਕਿ ਵਿਦੇਸ਼ੀ ਆਪਣੇ ਥੋੜੇ ਸਰਮਾਏ ਨਾਲ ਉਤਪਾਦਨ ਦੇ ਵੱਡੇ ਹਿੱਸੇ 'ਤੇ ਕਾਬਜ਼ ਹਨ। 1972-73 ਵਿਚ ਨਿਜੀ-ਕੰਪਨੀ-ਖੇਤਰ ਦੇ ਉਤਪਾਦਨ ਦਾ 29.8 ਫੀ ਸਦੀ ਅਤੇ ਕੁਲ ਕੰਪਨੀ-ਖੇਤਰ ਦਾ 24.4 ਫੀ ਸਦੀ ਉਤਪਾਦਨ ਇਨ੍ਹਾਂ ਕੰਪਨੀਆਂ ਦੁਆਰਾ ਕੀਤਾ ਗਿਆ। ਇਸ ਆਧਾਰ 'ਤੇ ਇਹ ਕੰਪਨੀਆਂ ਭਾਰਤ ਵਿਚੋਂ ਅਥਾਹ ਲਾਭ ਕਮਾ ਰਹੀਆਂ ਹਨ। ਭਾਰਤ ਵਿਚ ਕੰਪਨੀਆਂ ਦੇ ਕੁਲ ਮੁਨਾਫੇ ਦਾ 46.5 ਫੀ ਸਦੀ ਅਤੇ ਨਿਜੀ-ਕੰਪਨੀ-ਖੇਤਰ ਦੇ ਮੁਨਾਫੇ ਦਾ 50 ਫ਼ੀ ਸਦੀ ਹਿੱਸਾ ਵਿਦੇਸ਼ੀ ਕੰਟਰੋਲ ਹੇਠ ਕੰਪਨੀਆਂ ਨੇ ਕਮਾਇਆ।[2] ਵਿਦੇਸ਼ੀ ਸਰਮਾਇਆ ਮੁਖ ਰੂਪ ਵਿਚ ਭਾਰਤ ਦੇ ਨਿਜੀ ਖੇਤਰ ਵਿਚ ਲਗਾ ਹੋਇਆ ਹੈ। ਇਸ ਨਾਲ ਭਾਰਤ ਦੀ ਆਰਥਕਤਾ ਦਾ ਆਧੁਨਿਕ ਖੇਤਰ ਵਿਦੇਸ਼ੀ ਸਰਮਾਏ ਦੇ ਕੰਟਰੋਲ ਅਧੀਨ ਹੁੰਦਾ ਜਾ ਰਿਹਾ ਹੈ। ਕੁਲ ਵਿਦੇਸ਼ੀ ਸਰਮਾਏ ਦਾ 57 ਫੀ ਸਦੀ ਉਦਯੋਗਿਕ ਉਤਪਾਦਨ ਵਿਚ, 20.3 ਫੀ ਸਦੀ ਰਸਾਇਣ ਨਾਲ ਸਬੰਧਤ ਕੰਮ ਕਾਰ ਵਿਚ, 23.6 ਫੀ ਸਦੀ ਸੇਵਾਵਾਂ ਦੇ ਖੇਤਰ ਵਿਚ ਅਤੇ ਬਾਕੀ ਬਾਗਵਾਨੀ, ਖਾਣਾਂ ਖਾਣ ਪੀਣ ਦੇ ਸਾਮਾਨ ਦੀ ਢੁਆ ਢੁਆਈ, ਔਜ਼ਾਰਾਂ, ਮਸ਼ੀਨਾਂ ਅਤੇ ਧਾਤਾਂ ਵਿਚ ਲਗਿਆ ਹੋਇਆ ਹੈ।[3]

ਇਸ ਨਾਲ ਵਿਦੇਸ਼ੀ ਸਿੱਕਾ ਕਮਾਉਣ ਵਾਲੇ ਭਾਰਤ ਦੇ ਰਵਾਇਤੀ ਖੇਤਰ ਵਿਚ ਵਿਦੇਸ਼ੀ ਕੰਟਰੋਲ ਕਾਫੀ ਜ਼ਿਆਦਾ ਹੈ । ਚਾਹ ਦੀ 40 ਫੀ ਸਦੀ ਉਪਜ ਅਤੇ 95 ਫੀ ਸਦੀ ਬਰਾਮਦ ਵਿਦੇਸ਼ੀ ਕੰਟਰੋਲ ਹੇਠ ਹੈ । ਭਾਰਤ ਵਿਚ ਤਬਾਕੂ ਦਾ ਉਤਪਾਦਨ ਦੋ ਵਿਦੇਸ਼ੀ ਕੰਪਨੀਆਂ ਦੀ ਖਰੀਦ 'ਤੇ ਨਿਰਭਰ ਹੈ । ਇਹ ਕੰਪਨੀਆਂ ਬਰਤਾਨਵੀ ਅਮਰੀਕਨ ਤਬਾਕੂ ਕੰਪਨੀਆਂ ਦੀਆਂ ਮੁਥਾਜ ਹਨ । ਇਸੇ ਤਰ੍ਹਾਂ ਰਬੜ ਉਤਪਾਦਨ ਚਾਰ ਵਿਦੇਸ਼ੀ ਕੰਪਨੀਆਂ—ਗੁਡਈਅਰ, ਡਨਲੱਪ, ਸੀਏਟ ਅਤੇ ਫਾਇਰ ਸਟੋਨ ਉਪਰ ਨਿਰਭਰ ਕਰਦਾ ਹੈ । ਇਸ ਦੇ ਇਲਾਵਾ ਭਾਰਤ ਦੇ ਪਟਸਨ ਉਦਯੋਗ ਉਪਰ ਵੀ ਵਿਦੇਸ਼ੀ ਸਰਮਾਇਆ ਹਾਵੀ ਹੈ ।

ਯੋਜਨਾਬੰਦੀ ਨਾਲ ਜੋ ਥੋੜਾ ਬਹੁਤ ਵਿਕਾਸ ਹੋਇਆ ਹੈ ਉਸ ਨਾਲ ਮੁਨਾਫੇ ਅਤੇ ਤਨਖਾਹਾਂ ਦਾ ਹਿੱਸਾ ਵਧਣ ਕਾਰਨ, ਭਾਰਤ ਵਿਚ ਖਪਤ ਮੰਡੀ ਦਾ ਵਿਕਾਸ ਹੋਇਆ ਹੈ । ਜਿਸ ਨਾਲ ਹੰਢਣਸਾਰ ਖਪਤ ਵਸਤਾਂ ਜਿਵੇਂ ਕਾਰਾਂ, ਸਕੂਟਰ, ਏਅਰ ਕੰਡੀਸ਼ਨਰ, ਫਰਿਜ ਆਦਿ ਅਤੇ ਆਮ ਖਪਤ ਦੀਆਂ ਵਸਤਾਂ ਜਿਵੇਂ ਨਹਾਉਣ ਦਾ ਸਾਬਣ, ਕਪੜੇ ਸਾਫ਼ ਕਰਨ ਦੇ ਪਾਊਡਰ, ਬਨਸਪਤੀ ਤੇਲ, ਸੁਕਾ ਦੁੱਧ ਅਤੇ ਦੂਜੇ ਖਾਣ ਪੀਣ ਦੇ ਤਿਆਰ ਮਾਲ ਦੀ ਮੰਗ ਵਧ ਗਈ ਹੈ । ਪਰ ਇਸ ਮੰਡੀ ਉਪਰ ਵਿਦੇਸ਼ੀ ਕੰਪਨੀਆਂ ਨੇ ਆਪਣੇ ਸਰਮਾਏ ਦੀ ਮਦਦ ਨਾਲ ਕਬਜ਼ਾ ਕਰ ਰਖਿਆ ਹੈ । ਭਾਰਤ ਦੀ ਖੱਪਤ ਮੰਡੀ ਵਿਚ ਵਿਦੇਸ਼ੀ ਕੰਪਨੀਆਂ ਦਾ ਭਾਰਤੀ ਮਾਰਕਾ ਮਾਲ ਬਹੁਤ ਵੱਡੀ ਪੱਧਰ 'ਤੇ ਵਿਕਦਾ ਹੈ । ਭਾਰਤ ਦੇ ਮਧ-ਵਰਗੀ ਸ਼ਹਿਰੀ ਦੀ ਜ਼ਿੰਦਗੀ ਵਿਚ ਇਨ੍ਹਾਂ ਕੰਪਨੀਆਂ ਦੇ ਮਾਲ ਦਾ ਪੂਰਾ ਜਾਲ ਵਿਛਿਆ ਹੋਇਆ ਹੈ ਅਤੇ ਉਹ ਸਾਰਾ ਦਿਨ ਇਸ ਜਾਲ ਵਿਚ ਹੀ ਫਸਿਆ ਰਹਿੰਦਾ ਹੈ । ਆਮ ਵਰਤੇ ਜਾਣ ਵਾਲੇ ਦੰਦਾਂ ਦੇ ਬੁਰਸ਼, ਪੇਸਟ, ਚਾਹ, ਕਾਹਵਾ, ਬਲੇਡ, ਸ਼ੇਵਿੰਗ ਕਰੀਮ, ਜੁਤੀਆਂ, ਸਾਬਣ, ਪਾਊਡਰ, ਡਬਲ ਰੋਟੀ, ਬਿਸਕੁਟ, ਸਿਗਰੇਟ, ਕੁਕਰ, ਕਪੜੇ ਸੀਉਣ ਦੀਆਂ ਮਸ਼ੀਨਾਂ, ਰੇਡੀਓ, ਟੈਲੀਵੀਜ਼ਨ ਆਦਿ ਵਿਦੇਸ਼ੀ ਕੰਪਨੀਆਂ ਦੇ ਹੀ ਬਣੇ ਹੋਏ ਹਨ । ਇਸ ਦੇ ਇਲਾਵਾ ਜਦ ਕੋਈ ਆਦਮੀ ਬੀਮਾਰ ਪੈ ਜਾਂਦਾ ਹੈ ਅਤੇ ਹਸਪਤਾਲ ਜਾਂ ਕਿਸੇ ਡਾਕਟਰ ਪਾਸ ਜਾਂਦਾ ਹੈ ਤਾਂ ਉਹ ਜੋ ਦਵਾਈ ਲਿਖਦਾ ਹੈ ਉਹ ਵੀ ਵਿਦੇਸ਼ੀ ਕੰਪਨੀਆਂ ਦੀ ਬਣੀ ਹੁੰਦੀ ਹੈ । ਇਕ ਅਨੁਮਾਨ ਮੁਤਾਬਕ 70 ਫੀ ਸਦੀ ਤੋਂ ਵੱਧ ਦਵਾਈਆਂ ਦੀ ਉਪਜ ਅਤੇ ਵਿਕਰੀ ਵਿਦੇਸ਼ੀ ਕੰਪਨੀਆਂ ਦੁਆਰਾ ਹੀ ਹੁੰਦੀ ਹੈ ।[4]

ਸ਼ੁਰੂ ਵਿਚ ਵਿਦੇਸ਼ੀ ਸਰਮਾਏ ਦਾ ਧਿਆਨ ਆਮ ਖਪਤ ਦੀਆਂ ਵਸਤੂਆਂ ਵਲ ਸੀ ਪਰ ਪਿਛਲੇ ਕੁਝ ਸਮੇਂ ਤੋਂ ਭਾਰਤ ਦੇ ਬੁਨਿਆਦੀ ਉਦਯੋਗਾਂ ਉਪਰ ਵੀ ਇਹ ਸਰਮਾਇਆ ਆਪਣਾ ਕੰਟਰੋਲ ਵਧਾਉਣ ਦੀ ਕੋਸ਼ਿਸ਼ ਕਰ ਰਿਹਾ ਹੈ । ਇਸ ਸਬੰਧ ਵਿਚ ਪਬਲਿਕ ਖੇਤਰ ਦੇ ਅਦਾਰਿਆਂ ਨਾਲ ਵਿਦੇਸ਼ੀ ਕੰਪਨੀਆਂ ਨੇ ਸਮਝੌਤੇ ਕੀਤੇ ਹਨ ।[5] ਇਥੇ ਨੋਟ ਕਰਨ ਵਾਲੀ ਗੱਲ ਇਹ ਹੈ ਕਿ ਵਿਦੇਸ਼ੀ ਕੰਪਨੀਆਂ ਜੋ ਭਾਰਤ ਦੀ ਆਰਥਕਤਾ ਉਪਰ ਕੰਟਰੋਲ ਕਰ ਰਹੀਆਂ ਹਨ, ਇਹ ਮੁਖ ਤੌਰ 'ਤੇ ਬਰਤਾਨੀਆ, ਅਮਰੀਕਾ, ਪਛਮੀ ਜਰਮਨੀ, ਜਾਪਾਨ, ਇਟਲੀ ਅਤੇ ਦੂਜੇ ਪਛਮੀ ਦੇਸ਼ਾਂ ਦੀਆਂ ਹਨ । ਰੂਸ ਜਾਂ ਪੂਰਬੀ ਯੂਰਪ ਦੇ ਦੇਸ਼ਾਂ ਵਲੋਂ ਭਾਰਤ ਨੂੰ ਸਿਰਫ਼ ਕਰਜ਼ੇ ਹੀ ਦਿਤੇ ਜਾਂਦੇ ਹਨ । ਸਿੱਧੇ ਰੂਪ ਵਿਚ ਇਹ ਦੇਸ਼ ਇਥੇ ਸਰਮਾਇਆ ਨਹੀਂ ਲਗਾਉਂਦੇ ।

**ਵਾਧੂ ਕਦਰ ਦਾ ਬਾਹਰ ਜਾਣਾ :** ਯੋਜਨਾਬੰਦੀ ਦੇ ਸਮੇਂ ਭਾਰਤ ਨੇ ਵਿਦੇਸ਼ਾਂ ਤੋਂ ਕਾਫੀ ਕਰਜ਼ੇ ਲਏ ਹਨ । ਇਸ ਕਾਰਨ ਕਰਜ਼ਾ ਵਾਪਸ ਕਰਨ ਅਤੇ ਉਸ ਉਪਰ ਵਿਆਜ ਭਰਨ ਨਾਲ ਦੇਸ਼ ਵਿਚੋਂ ਬਹੁਤ ਸਾਰਾ ਧਨ ਬਾਹਰ ਜਾ ਰਿਹਾ ਹੈ । ਪੰਜਵੀਂ ਯੋਜਨਾ ਦੇ ਚਾਰ ਸਾਲਾਂ ਦੇ ਦੌਰਾਨ ਸਿਰਫ਼



ਵਿਆਜ ਚੁਕਾਣ ਵਾਸਤੇ ਭਾਰਤ ਨੂੰ 935 ਕਰੋੜ ਰੁਪਏ ਦੇਣੇ ਪਏ ।[6] ਇਸ ਦਾ ਅਰਥ ਇਹ ਹੈ ਕਿ ਹਰ ਸਾਲ ਔਸਤਨ 233.75 ਕਰੋੜ ਰੁਪਏ ਦੀ ਰਕਮ ਵਿਆਜ ਦੇ ਰੂਪ ਵਿਚ ਵਿਦੇਸ਼ਾਂ ਨੂੰ ਜਾ ਰਹੀ ਹੈ । ਇਸ ਸਮੇਂ ਤਾਂ ਹਾਲਤ ਇਹ ਬਣੀ ਪਈ ਹੈ ਕਿ ਕਰਜ਼ੇ ਚੁਕਾਣ ਵਾਸਤੇ ਵਿਦੇਸ਼ਾਂ ਤੋਂ ਕਰਜ਼ੇ ਲੈਣੇ ਪੈ ਰਹੇ ਹਨ । ਇਸ ਦੇ ਇਲਾਵਾ ਵਿਦੇਸ਼ੀ ਦਬਾਅ ਹੇਠ ਕਈ ਵਾਰ ਭਾਰਤ ਦੀ ਕਰੰਸੀ ਦੀ ਵਿਦੇਸ਼ੀ ਕੀਮਤ ਘਟਾ ਦਿੱਤੀ ਜਾਂਦੀ ਹੈ ਜਿਸ ਨਾਲ ਵਿਦੇਸ਼ੀ ਕਰਜ਼ੇ ਦਾ ਭਾਰ ਹੋਰ ਵਧ ਜਾਂਦਾ ਹੈ । ਜੂਨ 1966 ਵਿਚ ਭਾਰਤ ਨੂੰ ਮਜਬੂਰਨ ਰੁਪਏ ਦਾ ਵਿਦੇਸ਼ੀ ਮੁਲ 66 ਫੀ ਸਦੀ ਘਟਾਉਣਾ ਪਿਆ ਜਿਸ ਨਾਲ ਭਾਰਤ ਸਿਰ ਕਰਜ਼ਿਆਂ ਦਾ ਭਾਰ ਵੀ 66 ਫੀ ਸਦੀ ਵਧ ਗਿਆ ।

ਵਿਦੇਸ਼ੀ ਸਰਮਾਇਆ ਜੋ ਸਿੱਧੇ ਰੂਪ ਵਿਚ ਭਾਰਤ ਵਿਚ ਲਗਿਆ ਹੋਇਆ ਹੈ ਅਤੇ ਜਿਸ ਦੀ ਭਾਰਤ ਦੇ ਸਰਮਾਏ ਨਾਲ ਭਿਆਲੀ ਹੈ ਉਸ ਰਾਹੀਂ ਵਾਧੂ ਕਦਰ ਭਾਰਤ ਤੋਂ ਵਿਦੇਸ਼ਾਂ ਨੂੰ ਜਾਂਦੀ ਹੈ । ਉਹ ਕਈ ਰੂਪਾਂ ਵਿਚ ਜਾਂਦੀ ਹੈ ਜਿਵੇਂ ਮੁਨਾਫੇ ਦਾ ਵਾਪਸ ਜਾਣਾ, ਤਕਨੀਕੀ ਫੀਸ, ਅਤੇ ਵਪਾਰ ਦਾ ਘਾਟਾ ਆਦਿ । ਰਿਜ਼ਰਵ ਬੈਂਕ ਦੇ ਇਕ ਅਧਿਅਨ ਅਨੁਸਾਰ 1964-70 ਦੇ ਛੇ ਸਾਲਾਂ ਵਿਚ 1261.82 ਕਰੋੜ ਰੁਪਏ ਭਾਰਤ ਵਿਚੋਂ ਵਿਦੇਸ਼ੀ ਕੰਪਨੀਆਂ ਇਸ ਰੂਪ ਵਿਚ ਬਾਹਰ ਲੈ ਗਈਆਂ ਹਨ ।[7] ਇਸ ਤਰ੍ਹਾਂ ਔਸਤਨ ਵਿਦੇਸ਼ੀ ਕੰਪਨੀਆਂ 210.3 ਕਰੋੜ ਰੁਪਏ ਤੋਂ ਵਧ ਦੀ ਰਕਮ ਹਰ ਸਾਲ ਵਿਦੇਸ਼ਾਂ ਨੂੰ ਲੈ ਜਾਂਦੀਆਂ ਹਨ, ਜਿਸ ਨਾਲ ਭਾਰਤ ਵਿਚ ਪੂੰਜੀ ਨਿਵੇਸ਼ ਵਾਸਤੇ ਸਰਮਾਇਆ ਘਟ ਰਹਿ ਜਾਂਦਾ ਹੈ । ਇਨ੍ਹਾਂ ਕੰਪਨੀਆਂ ਬਾਰੇ ਦੂਜੀ ਗੱਲ ਇਹ ਹੈ ਕਿ ਇਹ ਆਪਣੇ ਮੁਨਾਫੇ ਦਾ ਕਾਫੀ ਵੱਡਾ ਹਿੱਸਾ ਭਾਰਤ ਵਿਚ ਲਗਾ ਕੇ ਇਥੋਂ ਦੇ ਸਨਅਤੀ ਢਾਂਚੇ ਉਪਰ ਕਾਬਜ਼ ਹੋ ਰਹੀਆਂ ਹਨ । ਜਿਤਨਾ ਸਰਮਾਇਆ ਸ਼ੁਰੂ ਵਿਚ ਇਨ੍ਹਾਂ ਇਥੇ ਲਗਾਇਆ, ਉਸ ਤੋਂ ਕਈ ਗੁਣਾ ਵਧ ਇਹ ਇਥੋਂ ਵਾਪਸ ਲੈ ਜਾ ਚੁਕੀਆਂ ਹਨ ਅਤੇ ਕਈਆਂ ਨੇ ਆਪਣੇ ਕਾਰੋਬਾਰ ਨੂੰ ਵੀ ਇਥੇ ਬਹੁਤ ਵਧਾ ਲਿਆ ਹੈ । ਵਿਦੇਸ਼ੀ ਵਪਾਰ ਤੀਸਰਾ ਤਰੀਕਾ ਹੈ ਜਿਸ ਨਾਲ ਵਾਧੂ ਕਦਰ ਭਾਰਤ ਤੋਂ ਬਾਹਰ ਜਾਂਦੀ ਹੈ । ਭਾਰਤ ਦੇ ਵਿਦੇਸ਼ੀ ਵਪਾਰ ਦੀ ਬਣਤਰ ਨਵਬਸਤੀਵਾਦੀ ਹੈ । ਇਸ ਨਾਲ ਨਾ-ਬਰਾਬਰ ਵਟਾਂਦਰੇ ਦੇ ਢੰਗ ਨਾਲ ਕਾਫੀ ਵਾਧੂ ਕਦਰ ਬਾਹਰ ਜਾ ਰਹੀ ਹੈ ।

ਭਾਰਤ ਤੋਂ ਵਾਧੂ ਕਦਰ ਬਾਹਰ ਜਾਣ ਨਾਲ ਭਾਰਤ ਵਿਚ ਸਰਮਾਏ ਦੇ ਵਿਕਾਸ ਦੀ ਦਰ ਘਟ ਹੈ ਅਤੇ ਇਸ ਨਾਲ ਵਿਦੇਸ਼ਾਂ ਉਪਰ ਨਿਰਭਰਤਾ ਲਗਾਤਾਰ ਬਣੀ ਰਹੀ ਹੈ ਜਿਸ ਨਾਲ ਵਿਦੇਸ਼ੀ ਤਾਕਤਾਂ ਨੂੰ ਭਾਰਤ ਦੇ ਅੰਦਰੂਨੀ ਢਾਂਚੇ ਵਿਚ ਦਖਲ ਦੇਣ ਦਾ ਮੌਕਾ ਮਿਲਦਾ ਰਹਿੰਦਾ ਹੈ ।

**ਆਰਥਕ ਨੀਤੀਆਂ ਵਿਚ ਵਿਦੇਸ਼ੀ ਦਖ਼ਲ :** ਸਿਆਸੀ ਆਜ਼ਾਦੀ ਮਿਲਣ ਤੋਂ ਪਹਿਲਾਂ ਹੀ ਭਾਰਤੀ ਸਰਮਾਏਦਾਰਾਂ ਅਤੇ ਮੁਖ ਸਿਆਸੀ ਆਗੂਆਂ ਨੇ ਭਾਰਤ ਦੇ ਵਿਕਾਸ ਦੇ ਰਾਹ ਬਾਰੇ ਸੋਚਣਾ ਸ਼ੁਰੂ ਕਰ ਦਿਤਾ ਸੀ । ਬੰਬਈ ਯੋਜਨਾ[8] ਨੂੰ ਤਿਆਰ ਕਰਨ ਵਿਚ ਬਿਰਲਾ, ਟਾਟਾ ਅਤੇ ਹੋਰ ਕਈ ਵੱਡੇ ਭਾਰਤੀ ਸਨਅਤਕਾਰ ਸ਼ਾਮਲ ਹੋਏ ਸਨ । ਇਸ ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਕਿ ਭਾਰਤ ਦੇ ਵਿਕਾਸ ਵਾਸਤੇ ਸਨਅਤੀ ਵਿਕਾਸ ਕਰਨਾ ਬਹੁਤ ਜ਼ਰੂਰੀ ਹੈ ਅਤੇ ਨਾਲ ਹੀ ਇਹ ਵੀ ਲਿਖਿਆ ਗਿਆ ਕਿ ਆਰਥਕ ਆਜ਼ਾਦੀ ਵਾਸਤੇ ਜ਼ਰੂਰੀ ਹੈ ਕਿ ਬੁਨਿਆਦੀ ਉਦਯੋਗਾਂ ਦਾ ਵਿਕਾਸ ਕੀਤਾ ਜਾਵੇ । ਇਸ ਗੱਲ ਨੂੰ ਸਾਫ ਤੌਰ 'ਤੇ ਮੰਨਿਆ ਗਿਆ ਕਿ ਸਰਕਾਰ ਨੂੰ ਸਨਅਤਾਂ ਵਿਚ ਪਬਲਿਕ ਖੇਤਰ ਦਾ ਵਿਕਾਸ ਕਰਨਾ ਚਾਹੀਦਾ ਹੈ ।[9] ਪਬਲਿਕ ਖੇਤਰ ਦੀ ਲੋੜ ਦੋ ਕਾਰਨਾਂ ਕਰਕੇ ਮਹਿਸੂਸ ਕੀਤੀ ਗਈ : ਇਕ ਤਾਂ ਕਈ ਸਨਅਤਾਂ ਦੇ ਵਿਕਾਸ ਵਾਸਤੇ ਕਾਫੀ ਜ਼ਿਆਦਾ ਸਰਮਾਏ ਦੀ ਜ਼ਰੂਰਤ ਸੀ ਜੋ ਸਾਡੇ ਸਥਾਨਕ ਸਨਅਤਕਾਰਾਂ ਪਾਸ ਨਹੀਂ ਸੀ । ਇਸ ਘਾਟ ਨੂੰ ਸਰਕਾਰ ਪੂਰਾ ਕਰ ਸਕਦੀ

ਸੀ। ਦੂਜੇ, ਕਈਆਂ ਖੇਤਰਾਂ ਵਿਚ ਮੁਨਾਫੇ ਦੀ ਦਰ ਬਹੁਤ ਘਟ ਸੀ ਪਰ ਉਹ ਦੇਸ਼ ਦੇ ਆਰਥਕ ਵਿਕਾਸ ਦਾ ਧੁਰਾ ਹੋ ਸਕਦੇ ਸਨ। ਐਸੇ ਖੇਤਰਾਂ ਦਾ ਵਿਕਾਸ ਕਰਨਾ ਸਰਕਾਰ ਦੀ ਜ਼ਿਮੇਵਾਰੀ ਦਸੀ ਗਈ। ਇਸ ਤਰ੍ਹਾਂ ਦੇਸ਼ ਦੇ ਆਰਥਕ ਵਿਕਾਸ ਵਾਸਤੇ ਸਨਅਤੀ ਵਿਕਾਸ ਨੂੰ ਪਹਿਲ ਦਿੰਦਿਆ ਪਬਲਿਕ ਖੇਤਰ ਦੇ ਵਿਕਾਸ 'ਤੇ ਜ਼ੋਰ ਦਿੱਤਾ ਗਿਆ। ਭਾਰਤ ਨੂੰ ਆਜ਼ਾਦੀ ਮਿਲਣ 'ਤੇ ਹੀ ਵਿਦੇਸ਼ੀਆਂ ਨੇ (ਖਾਸ ਕਰ ਅਮਰੀਕਾ ਨੇ ਜੋ ਕਿ ਦੂਜੀ ਸੰਸਾਰ ਜੰਗ ਤੋਂ ਬਾਅਦ ਸਰਮਾਏਦਾਰ ਦੇਸ਼ਾਂ ਦਾ ਆਗੂ ਬਣ ਕੇ ਸਾਹਮਣੇ ਆਇਆ) ਭਾਰਤ ਦੇ ਆਰਥਕ ਵਿਕਾਸ ਦੀ ਰੂਪ ਰੇਖਾ ਬਾਰੇ ਸੋਚਣਾ ਸ਼ੁਰੂ ਕਰ ਦਿਤਾ ਸੀ।

ਅਮਰੀਕਾ ਨੇ ਇਸ ਗੱਲ 'ਤੇ ਜ਼ੋਰ ਦੇਣਾ ਸ਼ੁਰੂ ਕੀਤਾ ਕਿ ਭਾਰਤ ਵਿਚ ਸਨਅਤੀ ਵਿਕਾਸ ਦੀ ਥਾਂ 'ਤੇ ਖੇਤੀ ਦੇ ਵਿਕਾਸ 'ਤੇ ਜ਼ੋਰ ਦਿਤਾ ਜਾਣਾ ਚਾਹੀਦਾ ਹੈ। ਇਹ ਵੀ ਕਿਹਾ ਗਿਆ ਕਿ ਭਾਰਤ ਨੂੰ ਬੁਨਿਆਦੀ ਅਤੇ ਕੁੰਜੀਵਤ ਉਦਯੋਗਾਂ ਦੇ ਵਿਕਾਸ 'ਤੇ ਜ਼ੋਰ ਨਹੀਂ ਦੇਣਾ ਚਾਹੀਦਾ। ਇਸ ਦੇ ਇਲਾਵਾ ਅਮਰੀਕਾ ਨੇ ਭਾਰਤ ਵਿਚ ਪਬਲਿਕ ਖੇਤਰ ਦੇ ਵਿਕਾਸ ਦੀ ਨੰਗੇ ਚਿੱਟੇ ਰੂਪ ਵਿਚ ਵਿਰੋਧਤਾ ਕੀਤੀ। ਖੇਤੀ ਦੇ ਵਿਕਾਸ ਨੂੰ ਪਹਿਲ ਦੇਣ ਲਈ ਪਿੰਡਾਂ ਵਿਚ ਸਾਮੂਹਿਕ ਵਿਕਾਸ ਯੋਜਨਾ (community development project) ਸ਼ੁਰੂ ਕਰਵਾਈ ਗਈ। ਭਾਰਤ ਨੇ ਸ਼ੁਰੂ ਵਿਚ ਅਮਰੀਕਾ ਦੀ ਗੱਲ ਨਾ ਮੰਨਦਿਆਂ ਸਨਅਤੀ ਵਿਕਾਸ 'ਤੇ ਜ਼ੋਰ ਦੇਣਾ ਸ਼ੁਰੂ ਕਰ ਦਿਤਾ ਅਤੇ ਬੁਨਿਆਦੀ ਅਤੇ ਕੁੰਜੀਵਤ ਉਦਯੋਗਾਂ ਦਾ ਵਿਕਾਸ ਪਬਲਿਕ ਖੇਤਰ ਵਿਚ ਸ਼ੁਰੂ ਕਰ ਦਿਤਾ। ਦੂਜੀ ਪੰਜ-ਸਾਲਾ ਯੋਜਨਾ ਵਿਚ ਇਸ ਪਹਿਲੂ 'ਤੇ ਖਾਸ ਜ਼ੋਰ ਦਿੱਤਾ ਗਿਆ। ਇਸ ਨੂੰ ਪੂਰਾ ਕਰਨ ਵਾਸਤੇ ਭਾਰਤ ਸਰਕਾਰ ਨੇ ਅਮਰੀਕਨ ਸਰਕਾਰ ਨੂੰ ਮਦਦ ਵਾਸਤੇ ਕਿਹਾ ਪਰ ਅਮਰੀਕਨ ਸਰਕਾਰ ਨੇ ਪਬਲਿਕ ਖੇਤਰ ਦੇ ਪ੍ਰਾਜੈਕਟਾਂ ਵਾਸਤੇ ਕਰਜ਼ੇ ਦੇਣ ਤੋਂ ਨਾਂਹ ਕਰ ਦਿੱਤੀ। ਇਸ ਸਮੇਂ ਵਿਚ ਭਾਰਤ ਨੂੰ ਸੰਸਾਰ ਬੈਂਕ ਨੇ ਇਹ ਨਸੀਹਤ ਕੀਤੀ ਕਿ ਭਾਰਤ ਨੂੰ ਐਸੇ ਉਦਯੋਗਾਂ ਦਾ ਵਿਕਾਸ ਨਹੀਂ ਕਰਨਾ ਚਾਹੀਦਾ ਅਤੇ ਪਬਲਿਕ ਖੇਤਰ ਦੀ ਬਜਾਏ ਨਿਜੀ ਖੇਤਰਾਂ ਵਿਚ ਹੀ ਵਿਕਾਸ ਕਰਨਾ ਚਾਹੀਦਾ ਹੈ। ਇਸ ਤੋਂ ਬਾਅਦ ਭਾਰਤ ਸਰਕਾਰ ਨੇ ਇਕ ਪਾਸੇ ਤਾਂ ਜਰਮਨ ਅਤੇ ਬਰਤਾਨਵੀ ਕੰਪਨੀਆਂ ਨਾਲ ਸਮਝੌਤੇ ਕੀਤੇ ਅਤੇ ਦੂਜੇ ਪਾਸੇ ਰੂਸ ਨਾਲ ਸਮਝੌਤੇ ਕਰ ਕੇ ਭਾਰਤ ਵਿਚ ਭਾਰੀ ਉਦਯੋਗ ਨੂੰ ਪਬਲਿਕ ਖੇਤਰ ਵਿਚ ਸ਼ੁਰੂ ਕਰ ਦਿਤਾ।[10] ਇਸ ਸਮੇਂ ਵਿਚ ਭਾਰਤ ਵਿਚ ਵਿਦੇਸ਼ੀ ਸਰਮਾਏ ਦੇ ਖਿਲਾਫ ਦਾ ਮਾਹੌਲ ਬਣਿਆ ਹੋਇਆ ਸੀ। ਪਰ 1957-58 ਵਿਚ ਜਦ ਭਾਰਤ ਵਿਚ ਵਿਦੇਸ਼ੀ ਸਿੱਕੇ ਦਾ ਸੰਕਟ ਡੂੰਘਾ ਹੋਇਆ ਅਤੇ ਮੁਦਰਾ ਸਫੀਤੀ ਦੀ ਦਰ ਵਧ ਗਈ ਤਾਂ ਭਾਰਤ ਨੂੰ ਸੰਸਾਰ ਬੈਂਕ ਅਤੇ ਅਮਰੀਕਾ ਦੇ ਪਾਸ ਮਦਦ ਵਾਸਤੇ ਜਾਣਾ ਪਿਆ। ਇਸ ਸਮੇਂ ਉਨ੍ਹਾਂ ਨੇ ਭਾਰਤ ਸਰਕਾਰ 'ਤੇ ਦਬਾਅ ਪਾਇਆ ਕਿ ਭਾਰਤ ਵਿਦੇਸ਼ੀ ਸਰਮਾਏ ਬਾਰੇ ਆਪਣਾ ਵਤੀਰਾ ਬਦਲੇ। ਆਖਿਰ ਵਿਚ ਭਾਰਤ ਵਿਦੇਸ਼ੀ ਸਰਮਾਏ ਨੂੰ ਜ਼ਿਆਦਾ ਰਿਆਇਤਾਂ ਦੇਣ ਵਾਸਤੇ ਰਾਜ਼ੀ ਹੋ ਗਿਆ ਅਤੇ ਇਸ ਦੇ ਇਵਜ਼ਾਨੇ ਵਿਚ ਭਾਰਤ ਨੂੰ ਸੰਸਾਰ ਬੈਂਕ ਅਤੇ ਅਮਰੀਕਾ ਤੋਂ ਜ਼ਿਆਦਾ ਕਰਜ਼ੇ ਮਿਲਣੇ ਸ਼ੁਰੂ ਹੋ ਗਏ ਅਤੇ ਨਾਲ ਹੀ ਭਾਰਤ ਮਦਦ ਕਲੱਬ (Aid India Consortium) ਦੀ ਸਥਾਪਨਾ ਕਰ ਦਿੱਤੀ ਗਈ। ਇਸ ਨਾਲ ਵਿਦੇਸ਼ੀ ਕੰਪਨੀਆਂ ਦਾ ਭਾਰਤ ਵਿਚ ਰੋਲ ਵੱਧ ਗਿਆ। ਦੋ ਅਮਰੀਕਨ ਸੰਸਥਾਵਾਂ, ਰੌਕਫੈਲਰ ਅਤੇ ਫੋਰਡ ਫੌਂਡੇਸ਼ਨ, ਭਾਰਤ ਵਿਚ ਪੈਸੇ ਅਤੇ ਆਦਮੀ ਲੈ ਕੇ ਪਹੁੰਚ ਗਈਆਂ। ਇਨ੍ਹਾਂ ਨੇ ਭਾਰਤ ਸਰਕਾਰ ਦੀ ਮੰਜ਼ੂਰੀ ਨਾਲ ਭਾਰਤ ਵਿਚ ਜ਼ਿਲ੍ਹਾ ਘਣੀ—ਖੇਤੀ ਪ੍ਰੋਗਰਾਮ (intensive agriculture district programme) 1960 ਵਿਚ ਸ਼ੁਰੂ ਕੀਤਾ। ਇਹ ਪ੍ਰੋਗਰਾਮ



ਉਨ੍ਹਾਂ ਇਲਾਕਿਆਂ ਵਿਚ ਸ਼ੁਰੂ ਕੀਤਾ ਜਿਹੜੇ ਮੁਕਾਬਲਤਨ ਜ਼ਿਆਦਾ ਵਿਕਸਤ ਸਨ ਅਤੇ ਇਸ ਯੋਜਨਾ ਦਾ ਆਧਾਰ ਅਮੀਰ ਕਿਸਾਨਾਂ ਨੂੰ ਬਣਾਇਆ। ਇਹ ਇਕ ਐਸਾ ਪਰੋਗਰਾਮ ਸੀ ਜਿਹੜਾ ਬਾਅਦ ਵਿਚ "ਹਰੀ ਕ੍ਰਾਂਤੀ" ਦਾ ਆਧਾਰ ਬਣਿਆ। ਇਸ ਨੂੰ ਸ਼ੁਰੂ ਕਰਨ ਪਿਛੇ ਵਿਦੇਸ਼ੀ ਕੰਪਨੀਆਂ ਦਾ ਵਪਾਰਕ ਮੰਤਵ ਸੀ। ਉਹ ਭਾਰਤ ਵਿਚ ਖੇਤੀ ਨਾਲ ਸਬੰਧਤ ਸਾਮਾਨ ਜਿਵੇਂ ਖਾਦ, ਇੰਜਨ, ਮੋਟਰਾਂ, ਟਰੈਕਟਰ ਅਤੇ ਕੀੜੇ ਮਾਰ ਦੁਆਈਆਂ ਆਦਿ ਵੇਚਣਾ ਚਾਹੁੰਦੇ ਸਨ! ਵਿਦੇਸ਼ੀ ਨਿਜੀ ਕੰਪਨੀਆਂ ਦੀਆਂ ਕੋਸ਼ਿਸ਼ਾਂ ਦੀ ਮਦਦ ਅਮਰੀਕਨ ਸਰਕਾਰ ਨੇ ਕਰਨੀ ਸ਼ੁਰੂ ਕਰ ਦਿੱਤੀ ਅਤੇ 1966 ਵਿਚ ਅਮਰੀਕੀ ਪ੍ਰ ਾਨ ਜੋਨਸਨ ਨੇ ਇਸ ਗੱਲ ਦਾ ਐਲਾਨ ਕਰ ਦਿਤਾ ਕਿ ਭਵਿੱਖ ਵਿਚ "ਅਮਨ ਵਾਸਤੇ ਅਨਾਜ" ਪੀ. ਐਲ. 480 ਅਧੀਨ ਉਨ੍ਹਾਂ ਦੇਸ਼ਾਂ ਨੂੰ ਬਰਾਮਦ ਕੀਤਾ ਜਾਵੇਗਾ ਜੋ ਸਨਅਤੀ ਵਿਕਾਸ 'ਤੇ ਜ਼ੋਰ ਦੇਣ ਦੀ ਬਜਾਏ ਖੇਤੀ ਦੇ ਵਿਕਾਸ ਨੂੰ ਪਹਿਲ ਦੇਣਗੇ, ਵਸੋਂ ਦੇ ਵਾਧੇ ਨੂੰ ਰੋਕਣਗੇ ਅਤੇ ਅਮਰੀਕਨ ਸਰਮਾਏ ਨੂੰ ਲਗਣ ਵਿਚ ਖੁਲ੍ਹ ਦੇਣਗੇ। ਇਹ ਨੀਤੀ ਸਭ ਤੋਂ ਪਹਿਲਾਂ ਅਮਰੀਕਾ ਨੇ ਭਾਰਤ ਵਿਚ ਲਾਗੂ ਕੀਤੀ।[11] 1965-67 ਦੀ ਔੜ ਸਮੇਂ ਭਾਰਤ ਨੂੰ ਅਨਾਜ ਦੀ ਘਾਟ ਕਾਫੀ ਮਹਿਸੂਸ ਹੋਈ। ਇਸ ਘਾਟ ਨੂੰ ਪੂਰਾ ਕਰਨ ਵਾਸਤੇ ਭਾਰਤ ਪਾਸ ਵਿਦੇਸ਼ੀ ਸਿੱਕੇ ਦੀ ਕਮੀ ਸੀ। ਇਸ ਵਾਸਤੇ ਭਾਰਤ ਨੂੰ ਅਮਰੀਕਾ ਦੀਆਂ ਸ਼ਰਤਾਂ ਮੰਨਣੀਆਂ ਪਈਆਂ ਤਾਕਿ ਅਨਾਜ ਮੰਗਵਾਇਆ ਜਾ ਸਕੇ। ਭਾਰਤ ਨੇ ਚੌਥੀ ਪੰਜ-ਸਾਲਾਂ ਯੋਜਨਾ ਤਿੰਨ ਸਾਲ ਵਾਸਤੇ ਰੋਕ ਦਿਤੀ ਅਤੇ ਸਾਲਾਨਾ ਯੋਜਨਾਵਾਂ ਦੇ ਸਮੇਂ (1966-1969) ਖੇਤੀ ਦੇ ਵਿਕਾਸ ਨੂੰ ਪਹਿਲ ਦੇਣੀ ਸ਼ੁਰੂ ਕਰ ਦਿੱਤੀ।

ਦੂਜੇ ਪਾਸੇ ਭਾਰਤ ਵਿਚ ਕਿਸ ਕਿਸਮ ਦੀਆਂ ਸਨਅਤਾਂ ਲਗਾਈਆਂ ਜਾਣ—ਵਿਦੇਸ਼ੀ ਸਰਮਾਇਆ ਇਸ ਗੱਲ ਵਿਚ ਵੀ ਕਾਫੀ ਦਿਲਚਸਪੀ ਰਖਦਾ ਸੀ। ਸ਼ੁਰੂ ਤੋਂ ਹੀ ਭਾਰਤ ਦੀ ਇਹ ਕੋਸ਼ਿਸ਼ ਸੀ ਕਿ ਇਥੇ ਉਹ ਸਨਅਤਾਂ ਲਾਈਆਂ ਜਾਣ ਜਿਸ ਨਾਲ ਭਾਰਤ ਨੂੰ ਵਿਦੇਸ਼ਾਂ ਦੇ ਉਪਰ ਘਟ ਨਿਰਭਰ ਹੋਣਾ ਪਵੇ। ਪਰ ਵਿਦੇਸ਼ੀ ਸਰਮਾਇਆ ਇਸ ਦੇ ਉਲਟ ਸੀ। 1958 ਤੋਂ ਬਾਅਦ ਜਦ ਵਿਦੇਸ਼ੀ ਸਰਮਾਏ ਦਾ ਰੋਲ ਭਾਰਤ ਵਿਚ ਵਧਣਾ ਸ਼ੁਰੂ ਹੋਇਆ ਤਾਂ ਇਸ ਗੱਲ 'ਤੇ ਜ਼ੋਰ ਦਿੱਤਾ ਜਾਣ ਲਗਿਆ ਕਿ ਭਾਰਤ ਨੂੰ ਵਿਦੇਸ਼ੀ ਸਿੱਕੇ ਦਾ ਸੰਕਟ ਹਲ ਕਰਨ ਵਾਸਤੇ ਐਸੀਆਂ ਸਨਅਤਾਂ ਦਾ ਵਿਕਾਸ ਕਰਨਾ ਚਾਹੀਦਾ ਹੈ ਜੋ ਆਪਣਾ ਮਾਲ ਵਿਦੇਸ਼ਾਂ ਵਿਚ ਵੇਚ ਕੇ ਵਿਦੇਸ਼ੀ ਸਿੱਕਾ ਕਮਾਉਣ। ਇਸ ਨਾਲ ਵਿਦੇਸ਼ੀ ਸਰਮਾਏ ਦੇ ਦੋ ਮੰਤਵ ਪੂਰੇ ਹੁੰਦੇ ਸਨ। ਇਕ ਤਾਂ ਵਿਦੇਸ਼ੀ ਸਰਮਾਏ ਨੂੰ ਐਸੀਆਂ ਸਨਅਤਾਂ ਲਾਉਣ ਵਾਸਤੇ ਭਾਰਤ ਵਿਚ ਆਉਣ ਦੀ ਖੁਲ੍ਹ ਮਿਲਦੀ ਸੀ ਅਤੇ ਦੂਜੇ ਪਾਸੇ ਇਸ ਨਾਲ ਭਾਰਤ ਦੀ ਆਰਥਕਤਾ ਸੰਸਾਰ ਪੂੰਜੀਵਾਦੀ ਢਾਂਚੇ ਨਾਲ ਜ਼ਿਆਦਾ ਜੁੜਦੀ ਸੀ। ਤੀਜੀ ਪੰਜ-ਸਾਲਾ ਯੋਜਨਾ ਦੇ ਮਧ ਵਿਚ ਭਾਰਤ ਸਰਕਾਰ ਨੇ ਆਪਣੀ ਨੀਤੀ ਬਦਲਣੀ ਸ਼ੁਰੂ ਕਰ ਦਿਤੀ।[12] ਬਰਾਮਦਾਂ ਨੂੰ ਉਤਸ਼ਾਹ ਦੇਣ ਦੇ ਨਾਮ ਹੇਠ ਆਖਿਰ ਭਾਰਤ ਨੂੰ (ਸੰਸਾਰ ਬੈਂਕ ਅਤੇ ਅਮਰੀਕਾ ਨੇ) ਮਜਬੂਰ ਕੀਤਾ ਕਿ ਉਹ 1966 ਵਿਚ ਰੁਪਏ ਦੀ ਵਿਦੇਸ਼ੀ ਕੀਮਤ 66 ਫੀ ਸਦੀ ਘਟਾ ਦੇਵੇ।[13] ਇਸ ਦੇ ਇਲਾਵਾ ਭਾਰਤ ਵਿਚ ਸਨਅਤੀ ਸੰਕਟ ਨੂੰ ਹਲ ਕਰਨ ਵਾਸਤੇ ਅਤੇ ਬਾਅਦ ਵਿਚ ਸਨਅਤੀ ਵਿਕਾਸ ਵਾਸਤੇ ਸੰਸਾਰ ਬੈਂਕ ਨੇ ਭਾਰਤ ਨੂੰ ਬਰਾਮਦ-ਪੱਖੀ ਵਿਕਾਸ (export oriented development) ਦੀ ਨਸੀਹਤ ਦਿਤੀ ਅਤੇ ਅੰਤ ਵਿਚ ਇਸ ਨੂੰ ਲਾਗੂ ਕਰਾਉਣ ਵਿਚ ਸਫਲ ਹੋ ਗਿਆ।

ਸੰਸਾਰ ਬੈਂਕ ਦੀ ਰਾਇ ਵਿਚ ਆਬਾਦੀ ਦੀ ਸਮੱਸਿਆ ਭਾਰਤ ਦੀ ਸਭ ਤੋਂ ਗੰਭੀਰ ਸਮੱਸਿਆ ਹੈ ਅਤੇ ਇਸ ਨੂੰ ਹਲ ਕਰਨ ਵਾਸਤੇ ਸਭ ਤੋਂ ਵੱਧ ਪਹਿਲ ਦੇਣੀ ਚਾਹੀਦੀ ਹੈ। ਇਸ ਨੂੰ ਜਲਦੀ

ਹਲ ਕਰਨ ਦਾ ਤਰੀਕਾ ਪ੍ਰਵਾਰ ਨਿਯੋਜਨ ਨੂੰ ਅਪਣਾਉਣਾ ਹੈ। ਐਮਰਜੈਂਸੀ ਦੇ ਸਮੇਂ ਸੰਸਾਰ ਬੈਂਕ
ਇਸ ਪ੍ਰੋਗਰਾਮ ਨੂੰ ਪਹਿਲ ਦਵਾਉਣ ਵਿਚ ਕਾਮਯਾਬ ਹੋ ਗਿਆ ਅਤੇ ਇਸ ਨੇ ਜਬਰੀ ਔਪਰੇਸ਼ਨਾਂ
(ਨੱਸਬੰਦੀਆਂ) ਦਾ ਰੂਪ ਧਾਰਨ ਕਰ ਲਿਆ।[14] ਐਮਰਜੈਂਸੀ ਤੋਂ ਬਾਅਦ ਜਦ ਜਬਰੀ ਔਪਰੇਸ਼ਨ
ਬੰਦ ਕਰ ਦਿਤੇ ਗਏ ਤਾਂ ਭਾਰਤ ਮਦਦ ਕਲੱਬ ਦੀ ਮੀਟਿੰਗ ਵਿਚ ਸੰਸਾਰ ਬੈਂਕ ਦੇ ਮੀਤ ਪ੍ਰਧਾਨ
ਅਰਨੇਸਟ ਸਟਰਨ ਨੇ ਭਾਰਤੀ ਡੈਲੀਗੇਟਾਂ ਨਾਲ ਇਸ ਗੱਲ ਦਾ ਰੋਸ ਪ੍ਰਗਟ ਕੀਤਾ ਕਿ ਭਾਰਤ ਨੇ
ਵਸੋਂ ਦੇ ਕੰਟਰੋਲ ਪ੍ਰੋਗਰਾਮ ਨੂੰ ਪਹਿਲ ਦੇਣੀ ਬੰਦ ਕਰ ਦਿੱਤੀ ਹੈ।[15] ਇਸ ਤਰ੍ਹਾਂ ਸੰਸਾਰ ਬੈਂਕ (ਜੋ
ਸਮੂਹਿਕ ਨਵਬਸਤੀਵਾਦ ਦਾ ਪ੍ਰਤੀਕ ਹੈ) ਅਤੇ ਅਮਰੀਕਾ (ਜੋ ਵਿਕਸਤ ਪੂੰਜੀਵਾਦੀ ਦੇਸ਼ਾਂ ਦੀ
ਅਗਵਾਈ ਕਰਦਾ ਹੈ) ਨੇ ਰਲ ਕੇ ਭਾਰਤ ਦੇ ਆਰਥਕ ਵਿਕਾਸ ਦੇ ਪਰੋਗਰਾਮਾਂ ਨੂੰ ਸਿਰਫ਼ ਪ੍ਰਭਾਵਿਤ
ਹੀ ਨਹੀਂ ਕੀਤਾ ਸਗੋਂ ਭਾਰਤ ਨੂੰ ਮਜਬੂਰ ਵੀ ਕੀਤਾ ਕਿ ਉਹ ਇਨ੍ਹਾਂ ਪਰੋਗਰਾਮਾਂ ਨੂੰ ਵਿਦੇਸ਼ੀ ਹਿੱਤਾਂ
ਖਾਤਰ ਤਬਦੀਲ ਕਰੇ। ਰੂਸ ਅਤੇ ਪੂਰਬੀ ਯੂਰਪ ਦੇ ਦੇਸ਼ਾਂ ਨਾਲ ਆਰਥਕ ਸਬੰਧ ਇਸ ਤਬਦੀਲੀ
ਨੂੰ ਨਾ ਰੋਕ ਸਕੇ ਅਤੇ 1969-70 ਤੋਂ ਬਾਅਦ ਉਹ ਆਪ ਇਸ ਪਾਸੇ ਤਬਦੀਲ ਹੋ ਗਏ। (ਚਲਦਾ)

1. P.L. Sarkar, Transfer of Technology to Less Developed Countries, Indian Experience with Multinational Corporations, Indian Economic Journal, Oct.—Dec., 1978.
2. N.K. Chandra, Foreign Capital in India, Social Scientist, April, 1977.
3. P.L. Sarkar, op. cit.
4. V. Gauri Shanker, Performance of Transnational Corporation in India, Indian Quarterly, April-June, 1977.
5. M.R. Ravi, Public Sector and Socialism, Frontier, September, 16, 1978.
6. Draft Five Year Plan 1978—83, Govt. Of India, Planning Commission, p. 77.
7. Reserve Bank of India, Foreign Collaboration in Indian Industry, RBI Bulletin, June, 1974.
8. Bombay Plan, Penguin Edition, 1945.
9. Aditya Mukherjee, Indian Capitalist Class and the Public Sector, Economic and Political Weekly, January 17, 1976.
10. Asha L. Datar, India's Economic Relations with the USSR and Eastern Europe, 1953-1969, p.9.
11. Harry Clever, Contradictions of Green Revolution, Monthly Review, June, 1972.
12. Jagdish Bhagwati and Padma Desai, India : Planning for Industrialisation, pp. 400-430.
13. Amiya Kumar Bagchi, "Foreign Capital in India" in Hari P. Sharma and Kathlleen Gough (Ed.) Imperialism and Revolution in South Asia, p. 62.
14. Novok Jeremiah, The Role of the IMF, World Bank; The Times of India, July 1, 1977.
15. The Hindustan Times, July 6, 1977.



ਨਿਰਮਲ ਆਜ਼ਾਦ

## ਭਾਰਤੀ ਆਰਥਕਤਾ ਬਾਰੇ

⊙ ਖੇਤ-ਕਾਮੇ : ਸਮਾਜਕ ਤੇ ਆਰਥਕ ਜੀਵਨ ਵਿਚ ਪੈਦਾਵਾਰ ਦੇ ਸਰਮਾਏਦਾਰ ਰਿਸ਼ਤਿਆਂ
ਦੇ ਪਸਾਰੇ ਕਾਰਨ ਛੋਟੀ ਕਿਸਾਨੀ ਅਤੇ ਖੇਤ-ਕਾਮਿਆਂ ਦੇ ਜੀਵਨ ਵਿਚ ਪਰੋਲਤਾਰੀ ਜਮਾਤ ਦੇ
ਜਮਾਤੀ-ਲੱਛਣ ਪ੍ਰਤੱਖ ਰੂਪ ਵਿਚ ਨਜ਼ਰ ਆਉਣ ਲਗਦੇ ਹਨ। ਖੇਤ-ਕਾਮਿਆਂ ਦੀ ਗਿਣਤੀ ਵੀ
ਵਧਦੀ ਹੈ ਅਤੇ ਗਰੀਬੀ ਵੀ। ਇਸ ਤੋਂ ਇਲਾਵਾ ਕਾਫੀ ਵੱਡੀ ਗਿਣਤੀ ਵਿਚ ਛੋਟੇ-ਗਰੀਬ ਕਿਸਾਨ
ਇਕ ਜਾਂ ਦੂਜੀ ਸ਼ਕਲ 'ਚ ਪੇਂਡੂ ਪਰੋਲਤਾਰੀ ਬਣਨ ਲਗਦੇ ਹਨ। ਇਹਨਾਂ ਪੇਂਡੂ ਜਮਾਤਾਂ ਦੀ
ਵਧਦੀ ਗਰੀਬੀ ਦਾ ਪ੍ਰਗਟਾਵਾ ਇਹਨਾਂ ਵਲੋਂ ਜੀਵਨ-ਨਿਰਬਾਹ ਲਈ ਲਏ ਮਹਿੰਗੇ ਕਰਜ਼ਿਆਂ
ਦੀ ਸ਼ਕਲ ਵਿਚ ਹੁੰਦਾ ਹੈ। ਕਈ ਵਾਰ ਜ਼ਿਆਦਾ ਵਿਕਸਤ ਇਲਾਕਿਆਂ 'ਚ ਪੇਂਡੂ ਗਰੀਬ ਜਮਾਤਾਂ
ਦੀ ਮੁਕਾਬਲਤਨ ਗਰੀਬੀ ਪਹਿਲਾਂ ਤੋਂ ਵੀ ਜ਼ਿਆਦਾ ਵਧ ਜਾਂਦੀ ਹੈ। ਅਜਿਹੇ ਹੀ ਕੁਝ ਲੱਛਣ
ਭਾਰਤ ਦੀ ਪੇਂਡੂ ਆਰਥਕਤਾ ਉਪਰ ਪੈਦਾਵਾਰ ਦੇ ਸਰਮਾਏਦਾਰ ਰਿਸ਼ਤਿਆਂ ਦੀ ਵਧ ਰਹੀ ਜਕੜ
ਬਾਰੇ ਮਿਲਦੇ ਹਨ।

Rural Labour Enquiry ਦੀ 1974-75 ਦੀ ਰਿਪੋਰਟ ਅਨੁਸਾਰ 1964-65 ਤੋਂ
1974-75 ਦੇ ਇਕ ਦਹਾਕੇ 'ਚ ਸਮੁਚੇ ਪੇਂਡੂ ਟੱਬਰਾਂ ਦੀ ਗਿਣਤੀ ਵਿਚ 117 ਲੱਖ (704 ਲੱਖ
ਤੋਂ 821 ਲੱਖ ਤਕ) ਦਾ ਵਾਧਾ ਹੋਇਆ, ਪਰ ਇਸ ਵਿਚ 70 ਲੱਖ ਦਾ ਵਾਧਾ ਸਿਰਫ਼ ਪੇਂਡੂ ਕਾਮੇ
ਟੱਬਰਾਂ ਦੀ ਗਿਣਤੀ ਵਿਚ ਹੀ ਸੀ। ਦਿਵੇਂ ਇਹਨਾਂ ਦਸਾਂ ਸਾਲਾਂ 'ਚ ਸਾਰੇ ਪੇਂਡੂ ਟੱਬਰਾਂ ਦਾ 60
ਫੀ ਸਦੀ ਵਾਧਾ ਸਿਰਫ਼ ਪੇਂਡੂ ਕਾਮੇ ਟੱਬਰਾਂ 'ਚ ਹੀ ਹੋਇਆ। ਇਹਨਾਂ ਵਿਚੋਂ 70 ਫੀ ਸਦੀ ਖੇਤ
ਮਜ਼ਦੂਰ ਟੱਬਰ ਸਨ। ਇਸ ਅਹਿਮ ਵਾਧੇ ਦੇ ਦੋ ਮੁਖ ਕਾਰਨ ਸਨ : ਇਕ ਤਾਂ ਖੇਤ ਮਜ਼ਦੂਰ ਟੱਬਰਾਂ
ਦੀ ਵਸੋਂ 'ਚ ਵਾਧਾ ਅਤੇ ਦੂਜਾ ਖਾਸ ਕਾਰਨ ਇਹ ਸੀ ਕਿ ਛੋਟੇ ਛੋਟੇ ਕਿਸਾਨਾਂ 'ਚੋਂ ਅਨੇਕਾਂ ਖੇਤ-
ਕਾਮੇ ਵੀ ਬਣ ਗਏ। ਤਦ ਹੀ ਜ਼ਮੀਨ ਵਾਲੇ ਖੇਤ ਮਜ਼ਦੂਰ ਟੱਬਰਾਂ ਦੀ ਗਿਣਤੀ 1964-65 ਤੋਂ
1974-75 ਤਕ 43.9 ਫੀ ਸਦੀ ਤੋਂ ਵਧ ਕੇ 49.2 ਫੀ ਸਦੀ ਹੋ ਗਈ।

ਇਹਨਾਂ ਖੇਤ-ਕਾਮੇ ਟੱਬਰਾਂ ਦੀ ਵਧ ਰਹੀ ਗਰੀਬੀ ਦਾ ਅੰਦਾਜ਼ਾ ਇਹਨਾਂ ਦੇ ਕਰਜ਼ਈਪੁਣੇ
ਤੋਂ ਲਾਇਆ ਜਾ ਸਕਦਾ ਹੈ। ਸਮੁਚੇ ਭਾਰਤ ਦੇ ਖੇਤ-ਕਾਮੇ ਟੱਬਰਾਂ 'ਚੋਂ 60 ਫੀ ਸਦੀ 1964-65
'ਚ ਅਤੇ 66 ਫੀ ਸਦੀ 1974-75 'ਚ ਕਰਜ਼ਾਈ ਸਨ। ਕੁਝ ਰਾਜਾਂ 'ਚ, ਜਿਵੇਂ ਕਿ ਬਿਹਾਰ,
ਰਾਜਸਥਾਨ, ਪੰਜਾਬ, ਹਰਿਆਣੇ, ਆਂਧਰਾ ਪ੍ਰਦੇਸ਼, ਤਾਮਲ-ਨਾਡੂ ਅਤੇ ਕੇਰਲਾ ਵਿਚ ਖੇਤ-ਕਾਮੇ
ਟੱਬਰਾਂ ਦੀ 70 ਫੀ ਸਦੀ ਤੋਂ ਵਧ ਗਿਣਤੀ ਕਰਜ਼ੇ ਹੇਠ ਹੈ। ਖੇਤੀ ਦੀ ਪੈਦਾਵਾਰ ਦੇ ਪਖੋਂ
ਜ਼ਿਆਦਾ ਵਿਕਸਤ ਰਾਜਾਂ, ਪਜਾਬ ਤੇ ਹਰਿਆਣੇ ਵਿਚ ਇਹ ਸੰਖਿਆ ਸਭ ਤੋਂ ਵਧ, ਤਰਤੀਬ ਵਾਰ
75 ਅਤੇ 80 ਫੀ ਸਦੀ ਸੀ। ਇਹਨਾਂ ਦੋ ਰਾਜਾਂ 'ਚ ਸਰਕਾਰੀ ਕਰਜ਼ਾ ਸੰਸਥਾਵਾਂ (ਕੋਪਰੇਟਿਵ
ਸੁਸਾਇਟੀਆਂ, ਬੈਂਕਾਂ ਆਦਿ) ਤੋਂ ਖੇਤ-ਕਾਮਿਆਂ ਨੂੰ ਮਿਲਦੇ ਕਰਜ਼ੇ ਦੀ ਰਕਮ ਬਾਕੀ ਰਾਜਾਂ ਤੋਂ

ਵਧ ਨਹੀਂ ਅਤੇ ਖੇਤ-ਕਾਮਿਆਂ ਦੀ ਕਰਜ਼ੇ ਲਈ ਗੈਰ-ਸਰਕਾਰੀ ਸੰਸਥਾਵਾਂ ਉਪਰ ਨਿਰਭਰਤਾ ਦੂਜੇ ਰਾਜਾਂ ਤੋਂ ਘਟ ਨਹੀਂ। ਦੂਜੀ ਦਿਲਚਸਪ ਗੱਲ ਇਹ ਹੈ ਕਿ ਖੇਤ-ਕਾਮਿਆਂ ਦੇ ਟੱਬਰ ਜੋ ਕਰਜ਼ਾਈ ਹਨ ਉਹਨਾਂ ਵਿਚੋਂ ਬਹੁਤੇ ਥੋੜੀ-ਥੋੜੀ ਜ਼ਮੀਨ ਦੇ ਮਾਲਕ ਵੀ ਹਨ। ਸਮੁਚੇ ਭਾਰਤ 'ਚ ਬੇਜ਼ਮੀਨੇ ਖੇਤ-ਕਾਮਿਆਂ ਦੇ ਟੱਬਰ 62 ਫੀ ਸਦੀ ਅਤੇ ਜ਼ਮੀਨ ਵਾਲੇ ਖੇਤ-ਕਾਮਿਆਂ ਦੇ ਟੱਬਰ 71 ਫੀ ਸਦੀ ਦੀ ਗਿਣਤੀ ਵਿਚ ਕਰਜ਼ਾਈ ਹਨ। ਇਹਨਾਂ ਖੇਤ-ਕਾਮਿਆਂ ਨੂੰ ਸਰਕਾਰੀ ਕਰਜ਼ਾ ਸੰਸਥਾਵਾਂ ਤੋਂ ਮਿਲਦੇ ਕਰਜ਼ੇ ਨਿਗੂਣੇ ਹੀ ਹਨ, ਜ਼ਿਆਦਾਤਰ ਇਹ ਟੱਬਰ ਸ਼ਾਹੂਕਾਰਾਂ, ਸਰਮਾਏਦਾਰ ਕਿਸਾਨਾਂ ਅਤੇ ਜ਼ਿਮੀਂਦਾਰਾਂ ਤੋਂ ਭਾਰੇ ਸੂਦ 'ਤੇ ਕਰਜ਼ੇ ਲੈਂਦੇ ਹਨ। ਤੀਜੇ, ਹਰੀਜਨ ਖੇਤ-ਕਾਮੇ ਟੱਬਰਾਂ ਵਿਚ ਕਰਜ਼ਾਈ ਟੱਬਰਾਂ ਦੀ ਗਿਣਤੀ ਹੋਰ ਜਾਤ ਦੇ ਖੇਤ-ਕਾਮਿਆਂ ਨਾਲੋਂ ਜ਼ਿਆਦਾ ਹੈ।

ਸਮੁਚੇ ਦੇਸ 'ਚ ਹਰ ਕਰਜ਼ਾਈ ਖੇਤ-ਕਾਮੇ ਦੇ ਟੱਬਰ ਸਿਰ ਔਸਤਨ ਕਰਜ਼ਾ 1964-65 'ਚ 244 ਰੁਪਏ ਤੋਂ 1974-75 ਤਕ 584 ਰੁਪਏ ਹੋ ਗਿਆ (ਦਸਾਂ ਸਾਲਾਂ 'ਚ ਦੂਣੇ ਤੋਂ ਵੀ ਵਧ)। ਦੇਸ ਦੇ ਉਤਰੀ ਖੇਤਰ 'ਚ ਇਹਨਾਂ ਦਸ ਸਾਲਾ 'ਚ ਇਹ ਭਾਰ ਹੋਰ ਵੀ ਤੇਜ਼ੀ ਨਾਲ ਵਧਿਆ, ਜਿਵੇਂ ਕਿ ਰਾਜਸਥਾਨ 'ਚ ਇਹ 585 ਰੁਪਏ ਤੋਂ 1434 ਰੁਪਏ ਤਕ ਅਤੇ ਸਾਂਝੇ ਪੰਜਾਬ 'ਚ 629 ਰੁਪਏ ਤੋਂ ਪੰਜਾਬ 'ਚ 1201 ਰੁਪਏ ਅਤੇ ਹਰਿਆਣੇ 'ਚ 1648 ਰੁਪਏ ਤਕ ਵਧ ਗਿਆ। ਜਿਹੜੇ ਰਾਜਾਂ ਨੇ ਖੇਤੀ ਦੇ ਖੇਤਰ ਵਿਚ ਪਿਛਲੇ 10-15 ਸਾਲਾਂ 'ਚ ਮਾਅਰਕੇ ਦੀ ਤਰੱਕੀ ਕੀਤੀ ਹੈ, ਉਹਨਾਂ ਵਿਚ ਦੂਜੇ ਰਾਜਾਂ ਦੇ ਮੁਕਾਬਲੇ 'ਚ ਹਰ ਹਰੀਜਨ ਖੇਤ-ਕਾਮੇ ਟੱਬਰ ਸਿਰ ਔਸਤਨ ਕਰਜ਼ਾ ਵੀ ਜ਼ਿਆਦਾ ਹੈ। ਖੇਤ-ਕਾਮੇ ਟੱਬਰਾਂ ਸਿਰ 'ਜੱਦੀ-ਕਰਜ਼ਾ' ਇਹਨਾਂ ਦਸਾਂ ਸਾਲਾਂ 'ਚ ਔਸਤਨ ਦੂਣਾ ਹੋ ਗਿਆ ਅਤੇ ਇਹ ਉਤਰੀ ਖੇਤਰ 'ਚ ਸਭ ਤੋਂ ਵੱਧ 53 ਰੁਪਏ ਫੀ ਕਰਜ਼ਾਈ ਟੱਬਰ ਸੀ। ਸੋ 'ਜੱਦੀ-ਕਰਜ਼ਾ' ਵੀ ਕਾਮੇ ਟੱਬਰਾਂ ਸਿਰ ਵਿਕਸਤ ਰਾਜਾਂ 'ਚ ਹੋਰ ਰਾਜਾਂ ਦੇ ਮੁਕਾਬਲੇ 'ਚ ਜ਼ਿਆਦਾ ਹੈ।

ਇਸ ਪੇਂਡੂ ਜਮਾਤ ਦੇ ਕਰਜ਼ੇ 'ਚ ਘਰ ਦੀ ਵਰਤੋਂ ਲਈ ਲਏ ਕਰਜ਼ੇ ਦਾ ਹਿੱਸਾ ਜ਼ਿਆਦਾ ਹੈ। ਸ਼ਾਹੂਕਾਰ, ਮਹਾਜਨ, ਜ਼ਿਮੀਂਦਾਰ ਤੇ ਸਰਮਾਏਦਾਰ ਕਿਸਾਨ ਇਸ ਕਰਜ਼ੇ ਦੇ ਮੁਖ ਸਾਧਨ ਹਨ। ਖੇਤ-ਕਾਮੇ ਟੱਬਰਾਂ ਦੇ ਕਰਜ਼ ਲੈਣ 'ਚ ਅਜਿਹੇ ਕਰਜ਼ੇ 1964-65 ਤੋਂ 1974-75 ਤਕ 31 ਫੀ ਸਦੀ ਤੋਂ 48 ਫੀ ਸਦੀ ਵਧ ਗਏ। ਕੋਪਰੇਟਿਵ ਸੁਸਾਇਟੀਆਂ ਤੋਂ ਇਸ ਜਮਾਤ ਨੂੰ ਮਿਲਦੇ ਕਰਜ਼ੇ 'ਚ ਕੋਈ ਖਾਸ ਵਾਧਾ ਨਹੀਂ ਹੋਇਆ, ਸਗੋਂ ਅਜਿਹੇ ਕਰਜ਼ੇ ਦੀ ਰਕਮ ਹਰੀਜਨ ਟੱਬਰਾਂ ਵਿਚ ਪਹਿਲਾਂ ਤੋਂ ਵੀ ਘਟ ਗਈ ਹੈ।

⊙ **ਉਲਟ-ਸਨਅਤੀਕਰਨ ਲਈ ਬਦੇਸ਼ੀ ਮਦਦ :** ਜਨਤਾ ਪਾਰਟੀ ਦਾ ਇਹ ਦਾਹਵਾ ਕਿ ਉਹ ਪੇਂਡੂ ਵਿਕਾਸ ਦੇ ਪੱਖ ਵਿਚ ਅਤੇ ਅੰਨ੍ਹੇ-ਸਨਅਤੀਕਰਨ ਦੀ ਕਾਂਗਰਸ ਪਾਰਟੀ ਦੀ ਆਰਥਕ ਨੀਤੀ ਦੇ ਵਿਰੁਧ ਏ, ਇਕ ਅਜੀਬ ਦਾਹਵਾ ਸੀ। ਅਜ ਵੀ ਕਾਂਗਰਸ ਦੀਆਂ ਸਰਮਾਏਦਾਰ ਸਮਾਜਕ ਵਿਕਾਸ ਦੀਆਂ ਨੀਤੀਆਂ ਹੀ ਲਾਗੂ ਹਨ। ਇਹਨਾਂ ਵਿਚ ਸਿਰਫ਼ ਇਕ ਹੀ ਫਰਕ ਪਿਆ ਹੈ। ਇਹ ਮੁਲਕ ਦੇ ਸਨਅਤੀਕਰਨ ਨੂੰ ਘਟਾ ਕੇ ਬਦੇਸ਼ੀ ਮਾਲ ਉਪਰ ਨਿਰਭਰਤਾ ਵਧਾ ਦੇਣਾ, ਸੰਸਾਰ ਸਾਮਰਾਜੀ ਸਰਮਾਏ ਦਾ ਗ਼ਲਬਾ ਭਾਰਤੀ ਸਮਾਜ ਅਤੇ ਆਰਥਕਤਾ ਉਪਰ ਵਧਣ ਦੇਣਾ ਜਨਤਾ ਪਾਰਟੀ ਦਾ 'ਕ੍ਰਿਸ਼ਮਾ' ਹੈ। ਸਰਕਾਰ ਦੀ ਇਸ ਵਿਕਾਸ-ਨੀਤੀ ਦੀ ਏਸ਼ੀਆ ਲਈ



ਸੰਸਾਰ ਬੈਂਕ ਨੇ ਜੂਨ ਦੇ ਸ਼ੁਰੂ 'ਚ ਤਾਰੀਫ਼ ਕੀਤੀ ਅਤੇ ਇਸ ਨੂੰ ਪੂਰੀ ਦ੍ਰਿੜਤਾ ਨਾਲ ਲਾਗੂ ਕਰਨ ਲਈ 1979-80 ਦੇ ਸਾਲ ਵਿਚ ਭਾਰਤ ਨੂੰ ਤਿੰਨ ਬਿਲੀਅਨ ਡਾਲਰ ਮਦਦ ਦੇਣ ਦਾ ਵਿਸ਼ਵਾਸ ਦਿਵਾਇਆ। ਇੰਗਲੈਂਡ ਅਤੇ ਕਨੇਡਾ ਤੋਂ ਹੋਰ ਮਿਲਣ ਵਾਲੀ ਮਦਦ ਨਾਲ Aid-India Consortium ਤੋਂ ਪਿਛਲੇ ਸਾਲ ਦੀ 2.4 ਬਿਲੀਅਨ ਡਾਲਰ ਤੋਂ ਇਸ ਸਾਲ ਮਦਦ ਦੀ ਖੈਰ ਵਧ ਕੇ 3.4 ਬਿਲੀਅਨ ਡਾਲਰ ਹੋਵੇਗੀ।

ਭਾਰਤ ਵਿਚ ਇਸ ਸਮੇਂ ਬਦੇਸ਼ੀ ਵਟਾਂਦਰਾ-ਕਰੰਸੀ ਦਾ ਭੰਡਾਰ 6 ਹਜ਼ਾਰ ਕਰੋੜ ਰੁਪਏ ਤੋਂ ਵੀ ਵਧ ਦਾ ਹੋਣ ਦੇ ਬਾਵਜੂਦ ਵੀ ਇਸ ਸਹਾਇਤਾ ਦਾ ਲੈਣਾ ਤੇ ਦੇਣਾ ਭਾਰਤੀ ਹਾਕਮ ਜਮਾਤਾਂ ਦੀ ਸਾਮਰਾਜੀ ਸਰਮਾਏ ਉਪਰ ਨਿਰਭਰਤਾ ਅਤੇ ਇਸ ਬਦੇਸ਼ੀ ਸਰਮਾਏ ਦੀ ਭਾਰਤ 'ਚ ਪਸਰਨ ਦੀ ਲਾਲਸਾ ਦਾ ਇਕ ਸਬੂਤ ਹੈ। ਸਰਕਾਰੀ ਪਖੋਂ ਇਸ 'ਮੰਗਣ ਦੀ ਭੁਖ' ਦੇ ਕਾਰਨ ਹਨ : ਤੇਲ ਤੇ ਪਟਰੋਲ ਦੀਆਂ ਵਧੀਆਂ ਕੀਮਤਾਂ, ਬਦੇਸ਼ਾਂ 'ਚ ਵਸਦੇ ਤੇ ਕੰਮ ਕਰਦੇ ਭਾਰਤੀਆਂ ਵਲੋਂ ਦੇਸ਼ ਨੂੰ ਭੇਜੀ ਜਾਂਦੀ ਬਦੇਸ਼ੀ ਕਰੰਸੀ ਦੇ ਘਟ ਜਾਣ ਦੀ ਸੰਭਾਵਨਾ ਅਤੇ ਮੌਨਸੂਨ ਸਮੇਂ ਸਿਰ ਨਾ ਆਉਣ ਕਾਰਨ ਖੇਤੀ ਦੀ ਪੈਦਾਵਾਰ 'ਚ ਵਾਧਾ ਪਹਿਲੇ ਤੋਂ ਘਟ ਜਾਣ ਦਾ, ਡਰ ਆਦਿ।

ਪਰ ਭਾਰਤੀ ਸਮਾਜ ਅਤੇ ਆਰਥਕਤਾ ਦੇ ਅੰਦਰੂਨੀ ਜਮਾਤੀ ਰਿਸ਼ਤਿਆਂ ਦਾ ਤੋਲ ਅਜਿਹਾ ਹੈ ਕਿ ਬਦੇਸ਼ੀ 'ਮਦਦ' ਨੂੰ ਹਜ਼ਮ ਕਰਨ ਦੀ ਸਮਰੱਥਾ ਲਗਾਤਾਰ ਘਟਦੀ ਜਾ ਰਹੀ ਹੈ। ਨਾ ਵਰਤੀ ਜਾਣ ਵਾਲੀ ਬਦੇਸ਼ੀ ਰਕਮ ਪਿਛਲੇ ਵਿੱਤ-ਸਾਲ 'ਚ 2,878 ਕਰੋੜ ਰੁਪਏ ਤੋਂ ਵਧ ਕੇ ਐਤਕੀਂ 3,840 ਕਰੋੜ ਰੁਪਏ ਹੋ ਗਈ ਹੈ। ਇਥੇ ਹੀ ਬਸ ਨਹੀਂ। ਭਾਰਤ 'ਚ ਇਕੱਠੇ ਕੀਤੇ "ਫਾਲਤੂ" ਅਨਾਜ, ਸਨਅਤਾਂ ਦੀ ਸਥਾਪਤ ਪੈਦਾਵਾਰੀ ਸਮਰਥਾ ਅਤੇ ਵਧ ਰਹੇ ਬਦੇਸ਼ੀ ਵਟਾਂਦਰਾ-ਕਰੰਸੀ ਦੇ ਭੰਡਾਰ ਦੀ ਵਰਤੋਂ ਵੀ ਪੂਰੀ ਤਰ੍ਹਾਂ ਨਹੀਂ ਹੋ ਰਹੀ। ਵਿਕਾਸ ਦੇ ਕੰਮਾਂ 'ਚ ਲਗਾ ਪੈਸਾ ਵੀ ਵਧ ਨਹੀਂ ਰਿਹਾ। ਵਿਕਾਸ ਦੇ ਕੰਮਾਂ ਲਈ 1978-79 ਦੀ ਕੇਂਦਰੀ ਯੋਜਨਾ 'ਚ ਮਿਥੇ 5,664 ਕਰੋੜ ਰੁਪਏ ਵਿਚੋਂ 300 ਕਰੋੜ ਰੁਪਏ ਤੋਂ ਵਧ ਰਕਮ ਵਰਤੀ ਨਹੀਂ ਜਾ ਸਕੀ। ਵਧੇ ਅਤੇ ਵਧ ਰਹੇ ਬਦੇਸ਼ੀ ਵਟਾਂਦਰਾ-ਕਰੰਸੀ ਦੇ ਭੰਡਾਰ ਦੀ ਵਰਤੋਂ ਵੱਡੇ ਸਨਅਤਕਾਰਾਂ ਨੂੰ ਮਸ਼ੀਨਰੀ ਅਤੇ ਟੈਕਨਾਲੋਜੀ ਦਰਾਮਦ ਕਰਨ ਦੀਆਂ ਪੂਰੀਆਂ ਖੁਲ੍ਹਾਂ ਦੇ ਕੇ ਕੀਤੀ ਜਾ ਰਹੀ ਹੈ। ਦੇਸ਼ 'ਚ ਪਿਛਲੇ ਕੁਝ ਸਮੇਂ ਤੋਂ ਦਰਾਮਦ ਤਾਂ ਲਗਾਤਾਰ ਵਧ ਰਹੀ ਹੈ ਪਰ ਦੇਸ਼ ਦੀਆਂ ਕਈ ਅਹਿਮ ਸਨਅਤਾਂ, ਜਿਵੇਂ ਕਿ ਲੋਹਾ ਤੇ ਸਟੀਲ, ਸੀਮਿੰਟ ਆਦਿ, ਦੀ ਪੈਦਾਵਾਰ ਵਧ ਨਹੀਂ ਰਹੀ।

ਜਨਤਾ ਸਰਕਾਰ ਦੀ ਬਦੇਸ਼ੀ ਸਰਮਾਏ ਅਤੇ ਬਦੇਸ਼ਾਂ ਤੋਂ ਦਰਾਮਦ ਦੇ ਸਹਾਰੇ ਦੇਸ਼ ਦੀ ਆਰਥਕਤਾ ਨੂੰ ਪੈਰੀਂ ਖੜੇ ਕਰਨ ਦੀ ਇਹ ਨੀਤੀ ਨਾਕਾਮ ਹੀ ਰਹੇਗੀ, ਕਿਉਂਕਿ ਸਮਾਜ ਤੇ ਆਰਥਕਤਾ ਦੇ ਮੌਜੂਦਾ ਪੈਦਾਵਾਰੀ ਰਿਸ਼ਤਿਆਂ ਕਰਕੇ ਭਾਰਤ 'ਚ ਆਮਦਨ ਅਤੇ ਪੈਦਾਵਾਰ ਦੇ ਸਾਧਨਾਂ ਦੀ ਵੰਡ ਭਿਆਣਕ ਹੱਦ ਤਕ ਨਾਬਰਾਬਰ ਹੁੰਦੀ ਜਾ ਰਹੀ ਹੈ। ਇਸ ਕਰਕੇ ਦੇਸ਼ ਦੀ ਅੰਦਰੂਨੀ ਮੰਡੀ ਦਾ ਵਿਕਾਸ ਰੁਕ ਰਿਹਾ ਹੈ ਕਿਉਂਕਿ ਦੇਸ਼ ਦੇ ਬਹੁਤੇ ਗਰੀਬ ਕੀ ਖਰੀਦਣ ? ਪੈਦਾਵਾਰ ਦੇ ਸਾਧਨਾਂ ਅਤੇ ਆਮਦਨ ਦਾ ਕੁਝ ਕੁ ਹੱਥਾਂ ਵਿਚ ਅਤੇ ਸਨਅਤੀ ਘਰਾਣਿਆਂ ਪਾਸ ਵਧ ਰਿਹਾ ਕੇਂਦਰੀਕਰਨ ਅਤੇ ਇਹਨਾਂ ਅੰਸਰਾਂ ਦਾ ਅੰਦਰੂਨੀ ਮੰਡੀ ਉਪਰ ਅਜਾਰਾਦਾਰ ਕੰਟਰੋਲ ਮੁਲਕ ਦੀ ਅੰਦਰੂਨੀ ਸਨਅਤੀ ਪੈਦਾਵਾਰ ਦੇ ਵਾਧੇ 'ਚ ਇਕ ਜ਼ਬਰਦਸਤ ਰੋਕ ਬਣ ਰਿਹਾ ਹੈ ਅਤੇ ਦੂਜੇ ਪਾਸੇ ਬਦੇਸ਼ੀ ਸਰਮਾਇਆ ਜਿਸ ਨੂੰ ਭਾਰਤੀ ਆਰਥਕਤਾ 'ਚ ਸਾਰੀਆਂ ਸੰਭਵ ਖੁਲ੍ਹਾਂ ਦਿਤੀਆਂ ਜਾ ਰਹੀਆਂ ਹਨ, ਇਸ ਅਜਾਰਾਦਾਰ ਕੰਟਰੋਲ ਨੂੰ ਹੋਰ ਮਜ਼ਬੂਤ ਕਰ ਕੇ, ਭਾਰਤੀ ਜਨ-

ਸਾਧਾਰਨ ਦੀ ਸਾਮਰਾਜੀ ਲੁਟ-ਖਸੁਟ ਹੋਰ ਤੇਜ਼ ਕਰ ਰਿਹਾ ਹੈ।

ਪਿਛਲੇ ਤਿੰਨ ਦਹਾਕਿਆਂ ਦੇ ਯੋਜਨਾਬੱਧ ਸਰਮਾਏਦਾਰ ਵਿਕਾਸ ਕਰਕੇ ਭਾਰਤ 'ਚ ਇਕ ਸੀਮਤ ਸਨਅਤੀ ਢਾਂਚਾ ਖੜਾ ਹੋਇਆ ਹੈ। ਇਸ ਉਪਰ ਬਦੇਸ਼ੀ / ਸਾਮਰਾਜੀ ਸਰਮਾਏ ਦਾ ਖਾਸਾ ਗਲਬਾ ਹੈ ਅਤੇ ਇਹ ਬਦੇਸ਼ੀ ਟੈਕਨਾਲੋਜੀ ਉਪਰ ਪੂਰੀ ਤਰ੍ਹਾਂ ਨਿਰਭਰ ਹੈ। ਸੀਮਤ ਜਿਹੇ ਸਨਅਤੀ ਢਾਂਚੇ ਦੇ ਬਾਵਜੂਦ ਵੀ ਭਾਰਤ 'ਚ ਸਨਅਤੀ ਪੈਦਾਵਾਰ ਦੀਆਂ ਅਨੇਕਾਂ ਸੰਭਾਵਨਾਵਾਂ ਮੌਜੂਦ ਹਨ। ਇਸ ਕਰਕੇ ਅੰਨ੍ਹੇ ਢੰਗ ਨਾਲ ਬਾਹਰੋਂ ਮਾਲ ਮੰਗਵਾਉਣ ਅਤੇ ਉਸ ਨੂੰ ਭਾਰਤ ਦੀ ਸੀਮਤ ਅੰਦਰੂਨੀ ਮੰਡੀ 'ਚ ਖਪਾਉਣ ਦੀਆਂ ਸੰਭਾਵਨਾਵਾਂ ਵੀ ਸੀਮਤ ਹਨ। ਬਾਹਰੋਂ ਮਿਲਦਾ ਸਰਮਾਇਆ ਭਾਰਤ ਦੀ ਆਰਥਕਤਾ ਨੂੰ ਦਰਾਮਦ-ਬਰਾਮਦ ਦੇ ਚੱਕਰ ਰਾਹੀਂ ਸੰਸਾਰ ਸਾਮਰਾਜੀ ਮੰਡੀ ਨਾਲ ਪੱਕੀ ਤਰ੍ਹਾਂ ਗੰਢਦਾ ਹੈ।

ਭਵਿਖ ਦੀਆਂ ਸੰਭਾਵਨਾਵਾਂ ਇਹ ਹਨ ਕਿ ਦੇਸ਼ ਅੰਦਰ ਵਿਕਾਸ ਦੇ ਕੰਮਾਂ 'ਚ ਘਟ ਰਿਹਾ ਸਰਮਾਇਆ, ਸਨਅਤੀ ਪੈਦਾਵਾਰ ਦੀ ਸਮਰੱਥਾ 'ਚ ਰੁਕ ਰਿਹਾ ਵਾਧਾ, ਸਾਮਰਾਜੀ ਦੇਸ਼ਾਂ ਤੋਂ ਦਰਾਮਦ ਰਾਹੀਂ ਬਦੇਸ਼ੀ ਸਰਮਾਏ ਅਤੇ ਸਾਮਰਾਜੀ ਮੰਡੀ ਉਪਰ ਭਾਰਤ ਦੀ ਨਿਰਭਰਤਾ ਹੋਰ ਤੇਜ਼ੀ ਨਾਲ ਵਧਾਏਗਾ। ਇਵੇਂ ਭਾਰਤ ਨੂੰ ਮਿਲ ਰਹੀ ਬਦੇਸ਼ੀ ਮਦਦ (ਸਾਮਰਾਜੀ ਕੈਪੀਟਲ) ਦੇਸ਼ ਦੇ ਅੰਦਰੂਨੀ ਸਨਅਤੀਕਰਨ ਨੂੰ ਘਟਾਏਗੀ। ਲੰਮੇ ਸਮੇਂ 'ਚ ਇਸ ਦਾ ਮਤਲਬ ਹੈ ਉਲਟ-ਸਨਅਤੀਕਰਨ (de-industrialisation) ਇਸ ਉਲਟ-ਸਨਅਤੀਕਰਨ ਕਰਕੇ ਬਦੇਸ਼ੀ ਮਦਦ ਅਤੇ ਬਦੇਸ਼ੀ ਮੰਡੀ ਉਪਰ ਭਾਰਤ ਦੀ ਨਿਰਭਰਤਾ ਹੋਰ ਵਧੇਗੀ ਅਤੇ ਇਹੋ ਹੀ ਸਾਮਰਾਜੀ ਸਰਮਾਏ ਦਾ ਟੀਚਾ ਹੈ।

⊙ **ਹੋਰ ਅਸਾਵਾਂ ਵਿਕਾਸ :** ਵਿਚਾਰੀ ਸਰਕਾਰ ਚਾਹੁੰਦੀ ਕੁਝ ਹੋਰ ਹੈ ਅਤੇ ਹੋ ਕੁਝ ਹੋਰ ਹੀ ਜਾਂਦਾ ਹੈ। ਮੌਜੂਦਾ ਪੈਦਾਵਾਰੀ ਰਿਸ਼ਤਿਆਂ ਦਾ ਤਕਾਜ਼ਾ ਹੀ ਅਜਿਹਾ ਹੈ। ਸੱਠਵਿਆਂ ਦੇ ਅੱਧ ਤੋਂ ਸੱਤਰਵਿਆਂ ਤਕ ਪੰਜਾਬ, ਹਰਿਆਣੇ ਅਤੇ ਪੱਛਮੀ ਯੂ.ਪੀ. ਵਿਚ ਕਣਕ ਦੀ ਪੈਦਾਵਾਰ ਦੇਸ਼ ਦੇ ਹੋਰ ਇਲਾਕਿਆਂ ਦੇ ਮੁਕਾਬਲੇ ਵਿਚ ਬਹੁਤ ਤੇਜ਼ੀ ਨਾਲ ਵਧੀ। ਉਸੇ ਸਮੇਂ ਤੋਂ ਹੀ ਭਾਰਤ ਸਰਕਾਰ ਇਹ ਟਿੱਲ ਲਾਉਂਦੀ ਰਹੀ ਕਿ ਖੇਤੀ ਦੀ ਪੈਦਾਵਾਰ 'ਚ ਆਏ ਇਸ ਅਸਾਵੇਂਪਨ ਨੂੰ ਠੀਕ ਕੀਤਾ ਜਾਵੇ, ਪਰ ਇਹ ਹੋਇਆ ਨਹੀਂ। ਕਣਕ ਦੀ ਕਹਾਣੀ ਹੁਣ ਝੋਨੇ ਦੀ ਪੈਦਾਵਾਰ ਨੇ ਦੁਹਰਾ ਦਿਤੀ ਹੈ। ਪਿਛਲੇ ਕੁਝ ਸਮੇਂ ਤੋਂ ਝੋਨੇ ਦੀ ਪੈਦਾਵਾਰ 'ਚ ਹੋਇਆ ਬਹੁਤ ਸਾਰਾ ਵਾਧਾ 'ਹਰੇ ਇਨਕਲਾਬ' ਦੇ ਖੇਤਰ—ਪੰਜਾਬ ਤੇ ਹਰਿਆਣਾ—ਤਕ ਹੀ ਸੀਮਤ ਰਿਹਾ।

ਖੇਤੀ ਕੀਮਤ ਕਮਿਸ਼ਨ (Agricultural Prices Commission) ਦੀ ਹੁਣੇ ਜਿਹੇ ਤਿਆਰ ਹੋਈ ਇਕ ਰਿਪੋਰਟ ਅਨੁਸਾਰ 1970-71 ਤੋਂ 1977-78 ਤਕ ਝੋਨੇ ਦੀ ਪੈਦਾਵਾਰ 70 ਲੱਖ ਟਨ ਵਧੀ। ਇਸ ਵਾਧੇ 'ਚ 30 ਲੱਖ ਦਾ ਹਿੱਸਾ ਸਿਰਫ਼ ਪੰਜਾਬ, ਹਰਿਆਣੇ ਤੇ ਪੱਛਮੀ ਯੂ.ਪੀ. ਦਾ ਸੀ। ਨਤੀਜੇ ਵਜੋਂ, ਇਸ ਉਤਰੀ ਇਲਾਕੇ ਦੀ ਸਮੁਚੀ ਝੋਨੇ ਦੀ ਪੈਦਾਵਾਰ 'ਚ ਦੇਣ 10.6 ਤੋਂ 15.4 ਫੀ ਸਦੀ ਵਧ ਗਈ। ਆਂਧਰਾ ਪ੍ਰਦੇਸ਼, ਬਿਹਾਰ, ਉੜੀਸਾ, ਤਾਮਲ-ਨਾਡੂ ਤੇ ਪੱਛਮੀ ਬੰਗਾਲ ਜੋ ਮੁਖ ਤੌਰ 'ਤੇ ਝੋਨੇ ਦੀ ਫ਼ਸਲ ਦੇ ਇਲਾਕੇ ਹਨ ਅਤੇ ਜੋ ਕੁਲ ਮਿਲਾ ਕੇ 1970-71 'ਚ 60 ਫੀ ਸਦੀ ਝੋਨੇ ਦੀ ਫ਼ਸਲ ਪੈਦਾ ਕਰਦੇ ਸਨ, ਦਾ 1970-71 ਤੋਂ 1977-78 ਤਕ ਇਸ ਫ਼ਸਲ ਦੀ ਪੈਦਾਵਾਰ ਵਿਚ ਵਧਿਆ ਹਿੱਸਾ ਸਿਰਫ਼ 21 ਲੱਖ ਟਨ ਹੀ ਰਿਹਾ। ਪੰਜਾਬ ਅਤੇ ਹਰਿਆਣੇ ਵਿਚ



ਤਰਤੀਬਵਾਰ ਝੋਨੇ ਦੀ ਪੈਦਾਵਾਰ ਵਿਚ ਵਾਧਾ 250 ਫੀ ਸਦੀ ਅਤੇ 120 ਫੀ ਸਦੀ ਹੋਇਆ, ਜਦੋਂ ਕਿ ਸਮੁਚੇ ਭਾਰਤ ਦੀ ਔਸਤ ਇਸ ਸਮੇਂ ਸਿਰਫ਼ 17 ਫੀ ਸਦੀ ਵਾਧੇ ਦੀ ਹੀ ਹੈ।

ਪੈਦਾਵਾਰ 'ਚ ਅਜਿਹਾ ਅਸਾਵਾਂ ਵਾਧਾ ਸਰਮਾਏਦਾਰ ਸਮਾਜ ਵਿਚ ਹਮੇਸ਼ਾਂ ਹੀ ਅਵੱਸ਼ ਹੁੰਦਾ ਹੈ। ਇਸ ਦਾ ਨਤੀਜਾ ਕੀ ਹੋਵੇਗਾ ? ਪੰਜਾਬ, ਹਰਿਆਣਾ ਤੇ ਪੱਛਮੀ ਯੂ.ਪੀ. ਚਾਵਲਾਂ ਦੀ ਖ਼ੁਰਾਕ ਦੇ ਮੁਖ ਇਲਾਕੇ ਨਹੀਂ ਹਨ। ਦੇਸ਼ ਦੇ ਇਸ ਉਤਰੀ ਖੇਤਰ ਦੀ ਭਾਰਤ ਦੇ ਚਾਵਲ ਭੰਡਾਰ 'ਚ ਦੇਣ 1976-77 'ਚ 65 ਫੀ ਸਦੀ ਤੋਂ ਵਧ ਕੇ 1978-79 'ਚ 75 ਫੀ ਸਦੀ ਹੋ ਗਈ ਹੈ। ਇਕੱਲੇ ਪੰਜਾਬ 'ਚ ਚਾਵਲ ਦੀ ਪੈਦਾਵਾਰ ਦਾ 1977-78 'ਚ 78 ਫੀ ਸਦੀ ਅਤੇ ਇਕੱਲੇ ਹਰਿਆਣੇ 'ਚ 91 ਫੀ ਸਦੀ ਹਿੱਸਾ ਸਰਕਾਰੀ ਖਰੀਦ ਏਜੰਸੀਆਂ ਨੂੰ ਵੇਚਿਆ ਗਿਆ। ਕਣਕ ਦੀ ਤਰ੍ਹਾਂ ਹੁਣ ਸਰਕਾਰ ਨੂੰ ਝੋਨੇ ਦੀ ਵੀ ਸਹਾਈ ਕੀਮਤ (Supporting price) ਇਹਨਾਂ ਰਾਜਾਂ ਦੀ ਚਾਵਲ ਦੇ ਸਰਕਾਰੀ ਭੰਡਾਰ 'ਚ ਦੇਣ ਅਨੁਸਾਰ ਨਿਸ਼ਚਿਤ ਕਰਨੀ ਪਿਆ ਕਰੇਗੀ। ਇਸ ਸਬੰਧੀ ਪਹਿਲਾ ਪੈਟਰਨ ਨਹੀਂ ਚਲੇਗਾ। ਭਾਰਤ ਦੇ ਉਤਰੀ ਇਲਾਕੇ ਦੇ ਕੁਲਕ-ਹਿੱਤਾਂ ਨੂੰ ਪੱਠੇ ਪਾਇਆਂ ਬਗੈਰ ਹੁਣ ਸਰਨਾ ਨਹੀਂ।

---


## ਸਿੱਖ ਲਹਿਰ

ਲੇਖਕ : ਪ੍ਰੋ. ਕਿਸ਼ਨ ਸਿੰਘ

ਸਿੱਖ-ਲਹਿਰ ਦੇ ਇਤਿਹਾਸ ਅਤੇ ਉਸ ਦੇ ਜਮਾਤੀ ਪੈਂਤੜੇ ਤੇ ਅਸਲੇ ਨੂੰ ਸਮਝਣ ਲਈ ਇਕ ਅਦੁੱਤੀ ਪੁਸਤਕ। ਸਫ਼ੇ 210; ਮੁੱਲ : 10 ਰੁ:, ਪੱਕੀ ਜਿਲਦ

ਆਰਸੀ ਪਬਲਿਸ਼ਰਜ਼ ਦੀ ਇਹ ਪੁਸਤਕ ਸੇਧ ਤੋਂ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ।


---

## ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ

1978 ਦੀਆਂ ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ ਲਈ ਸਾਨੂੰ ਸਿਧਿਆਂ ਲਿਖੋ। ਕੀਮਤ ਫੀ ਫਾਈਲ ਵੀਹ ਰੁਪੈ। ਰਕਮ ਮਨੀਆਰਡਰ ਦੁਆਰਾ ਭੇਜੋ। ਡਾਕਖ਼ਰਚ ਸਾਡਾ ਹੋਵੇਗਾ।

o

ਨੋਟ : ਸੇਧ ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ। ਸੰਪਾਦਕ ਸੇਧ ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਬਾਬਾ ਫਰੀਦ ਸ਼ਕਰਗੰਜ

ਅੱਜ, ਬਿਨਾਂ ਕਿੰਤੂ, ਬਾਬਾ ਫ਼ਰੀਦ ਜੀ ਦੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇਕ ਅਨਿੱਖੜ ਅੰਗ ਮੰਨ ਕੇ ਅੱਗੇ ਤੁਰਿਆ ਜਾਂਦਾ ਹੈ, ਪਰ ਕੁਝ ਵਿਦਵਾਨ ਅਜੇਹੇ ਵੀ ਰਹੇ ਹਨ, ਬਲਕਿ ਹਨ, ਜਿਨ੍ਹਾਂ ਦਾ ਮਤ ਹੈ ਕਿ ਗੁਰੂ ਅਰਜਨ ਸਾਹਿਬ ਨੇ ਆਪਣੀ ਸੰਪਾਦਿਤ ਆਦਿ ਬੀੜ ਵਿਚ ਬਾਬਾ ਫ਼ਰੀਦ ਦਾ ਕਲਾਮ ਸ਼ਾਮਿਲ ਨਹੀਂ ਸੀ ਕੀਤਾ। ਇਹ ਵਿਦਵਾਨ ਬਾਬਾ ਫ਼ਰੀਦ ਦੀ ਬਾਣੀ ਨੂੰ ਹੀ ਨਹੀਂ, ਗੁਰੂ ਸਾਹਿਬਾਨ ਦੀ ਆਪਣੀ ਬਾਣੀ ਤੋਂ ਛੁੱਟ, ਗੁਰੂ ਗ੍ਰੰਥ ਸਾਹਿਬ ਵਿਚ ਸਮਿਲਿਤ ਹੋਰ ਤਕਰੀਬਨ ਸਾਰੀ ਬਾਣੀ ਨੂੰ, ਜਿਸ ਵਿਚ ਸਾਰੇ ਭਗਤਾਂ ਤੇ ਭੱਟਾਂ ਦੀ ਰਚਨਾ ਸ਼ਾਮਿਲ ਹੈ, ਅਣ-ਅਧਿਕਾਰੀਆਂ ਵੱਲੋਂ ਪਿਆ ਰਲਾ ਸਮਝਦੇ ਹਨ। ਸਵਰਗਵਾਸੀ ਗਿਆਨੀ ਲਾਲ ਸਿੰਘ ਸੰਗਰੂਰ ਵਾਲੇ, ਕਵੀਰਾਜ ਭਾਈ ਨਾਰਾਇਣ ਸਿੰਘ ਬੱਲਭ ਨਿਆਮਤਪੁਰੀ, ਬਾਬੂ ਹੀਰਾ ਸਿੰਘ, ਕਪਤਾਨ ਸ਼ਮਸ਼ੇਰ ਸਿੰਘ, ਆਦਿ ਇਸ ਵਿਚਾਰਧਾਰਾ ਦੇ ਮੋਹਰੀਆਂ ਵਿਚੋਂ ਰਹੇ ਹਨ। ਇਨ੍ਹਾਂ ਵਿਚੋਂ ਸਭ ਤੋਂ ਪਹਿਲਾਂ ਸ਼ਾਇਦ ਗਿਆਨੀ ਲਾਲ ਸਿੰਘ ਨੇ ਆਪਣੀ ਪੁਸਤਕ "ਭਗਤਿ ਮਤਿ ਤੇ ਗੁਰਮਤਿ" 1954 ਵਿਚ, ਪੰਚ ਖਾਲਸਾ ਦੀਵਾਨ, ਪੰਚ ਖੰਡ, ਭਸੌੜ, ਜ਼ਿਲ੍ਹਾ ਸੰਗਰੂਰ ਵਲੋਂ ਛਪਵਾਈ।[1] ਇਸ ਵਿਚ ਫ਼ਰੀਦ-ਬਾਣੀ ਨੂੰ, ਸਾਰੀ ਭਗਤ-ਬਾਣੀ ਸਮੇਤ ਗੁਰੂ ਅਰਜਨ ਸਾਹਿਬ ਵਲੋਂ ਸੰਪਾਦਿਤ ਮੂਲ ਪੋਥੀ ਦਾ ਅਧਿਕਾਰੀ ਭਾਗ ਮੰਨਣ ਤੋਂ ਇਨਕਾਰ ਕੀਤਾ ਗਿਆ ਸੀ। ਦਲੀਲ ਵਜੋਂ ਕੁਝ ਇਸ ਤਰ੍ਹਾਂ ਦੇ ਖ਼ਿਆਲ ਮਿਲਦੇ ਹਨ :

1) ਸ਼ੇਖ ਫ਼ਰੀਦ ਜੀ ਦੀ ਰਚਨਾ ਵਿਖੇ ਗੁਰਮਤਿ ਤੋਂ ਵਿਰੁਧ ਇਸਲਾਮ ਮਤਿ ਦਾ ਪ੍ਰਚਾਰ ਕਾਫੀ ਹੈ..." (ਸਫ਼ਾ 54)
2) "ਫਕੀਰੀ ਦੇ ਲਿਵਾਸ ਅਤੇ ਦਰਵੇਸ਼ੀ ਦੀ ਖੁਮਾਰੀ ਵਿਚ ਆਪ ਨੇ ਇਸਤ੍ਰੀ ਜਾਤੀ ਨੂੰ ਜ਼ਹਿਰ ਦੀਆਂ ਗੰਦਲਾਂ ਲਿਖਿਆ ਹੈ...ਜੇ ਇਹ ਇਸਤ੍ਰੀ-ਨਿੰਦਿਆ ਨਹੀਂ ਹੈ ਤਾਂ ਇਹ ਗੰਦਲਾਂ ਕੌਣ ਹਨ..." (ਸਫ਼ਾ 73)
3) ".. ਸ਼ੇਖ ਜੀ ਨੂੰ ਕੇਵਲ ਆਪਣਾ ਹੀ ਫਿਕਰ ਹੈ ਦੂਜੇ ਪਏ ਸੜਨ" (ਸਫ਼ਾ 100)

ਕਵੀਰਾਜ ਨਾਰਾਇਣ ਸਿੰਘ ਬੱਲਭ ਨੇ ਬੜੇ ਜੋਸ਼, ਬਲਕਿ ਗੁੱਸੇ ਨਾਲ, ਗੁਰੂ ਸਾਹਿਬਾਨ ਦੀ ਬਾਣੀ ਤੋਂ ਛੁੱਟ, ਬਾਕੀ ਸਾਰੀ ਦੀ ਸਾਰੀ ਬਾਣੀ ਨੂੰ ਦੁਰਕਾਰਨ ਦਾ ਕੰਮ ਆਪਣੀ ਪੁਸਤਕ "ਗੁਰਬਾਣੀ ਗੌਰਵਤਾ" ਰਾਹੀਂ, 1952 ਵਿਚ ਛੋਹਿਆ। ਬੱਲਭ ਜੀ ਅਨੁਸਾਰ 'ਕੱਚੀ ਬਾਣੀ' ਨੂੰ ਬੀੜ ਵਿਚ ਸ਼ਾਮਿਲ ਕਰਨ ਦਾ "ਪਾਪ" ਭਾਈ ਗੁਰਦਾਸ ਨੇ ਕੀਤਾ, ਜੋ ਅੰਦਰ-ਖਾਤੇ ਇਕ ਉਦਾਸੀ ਸੀ। ਇਸ ਲੇਖਕ ਦਾ ਵਿਸ਼ਵਾਸ ਹੈ ਕਿ ਭਾਈ ਗੁਰਦਾਸ ਜੀ ਨੇ, ਕੱਟੜ ਤੇ ਸ਼ਰਈ ਸ਼ੇਖ ਫ਼ਰੀਦ ਦਾ ਕਲਾਮ, ਆਦਿ ਬੀੜ ਵਿਚ, ਕੇਵਲ ਜਹਾਂਗੀਰ ਨੂੰ ਖੁਸ਼ ਕਰਨ ਦੀ ਨੀਅਤ ਨਾਲ ਸ਼ਾਮਿਲ ਕੀਤਾ ਸੀ :

ਜਹਾਂਗੀਰ ਕਹੀ, ਸੁ ਕਰੀ ਨਾ ਗੁਰੂ ਪੰਚਮ ਨੇ, ਸੋਈ ਗੁਰਦਾਸ ਕੀਤੀ, ਖੇਹ ਹੈ ਉਡਾਈ ਜੋ।
ਹਿੰਦੂ ਅਤੇ ਮੁਸਲਮਾਨ ਕੀਤੇ ਹੈਂ ਉਦਾਸੀ ਖੁਸ਼, ਜਹਾਂਗੀਰ ਨਾਲ ਤਾਂ ਪ੍ਰੀਤ ਖ਼ਾਸ ਲਾਈ ਜੋ।
ਪੱਕਾ ਥੀ ਉਦਾਸੀ ਗੁਰਦਾਸ ਪੰਥ ਧੋਖੇ ਵਿਚ, ਭੱਜ ਗਿਆ ਕਾਸ਼ੀ ਮੁਹਰਾਂ ਗੁਰੂ ਦੀ ਚੁਰਾਈ ਜੋ ॥3॥[2]



ਭਾਈ ਗੁਰਦਾਸ ਤੋਂ ਛੁੱਟ, ਲੇਖਕ ਨੇ, ਭਾਈ ਬੰਨੋ ਨੂੰ ਅਤੇ ਪ੍ਰਿਥੀ ਚੰਦ ਦੀ ਔਲਾਦ ਨੂੰ "ਖੰਡ ਵਿਚ ਰੇਤ ਮਿਲਾਉਣ" ਦਾ ਦੋਸ਼ੀ ਮੰਨਿਆ ਹੈ। ਬਾਬਾ ਫ਼ਰੀਦ ਬਾਰੇ, ਜੋ ਇਸ ਕਵੀ ਲਈ ਖੰਡ ਵਿਚ ਰੇਤ ਦੇ ਤੁੱਲ ਹੈ, ਇਸ ਪੁਸਤਕ ਵਿਚ ਬੜੇ ਸਖ਼ਤ ਸ਼ਬਦ ਵਰਤੇ ਗਏ ਹਨ ਤਾਂ ਜੋ ਸਿੱਖ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਵਿਚੋਂ ਇਕਦਮ ਛੇਕਣ ਦੀ ਨੀਤੀ ਅਪਣਾ ਲੈਣ :

ਬਾਣੀ ਸੇਖ ਫਰੀਦ ਦੀ, ਮੁਸਲਮਾਨ ਪਰਚਾਰ। ਗੁਰੂ ਗ੍ਰੰਥ ਵਿਚ ਏਸ ਦਾ ਮੂਲ ਨਹੀਂ ਅਧਿਕਾਰ (88)
ਬੇ-ਨਮਾਜ਼ੇ ਪੁਰਸ਼ ਨੂੰ, ਕੁੱਤਾ ਕਹੇ ਪੁਕਾਰ। ਪੜ੍ਹਦਾ ਪੰਥ ਨਮਾਜ਼ ਨਾ, ਗਾਲਾਂ ਰਿਹਾ ਸਹਾਰ (89)
ਕੌਣ ਕਹੇ ਇਹ ਭਗਤ ਹੈ ਇਹ ਤਾਂ ਕੋਈ ਚੰਡਾਲ। ਸੰਗਤ ਗਾਲ੍ਹਾਂ ਖਾਏ ਕਿਉਂ, ਬੋਲੇ ਮੂੰਹ ਸੰਭਾਲ (90)
ਭੀਖਨ ਹਾਫ਼ਿਜ਼ ਕੁਰਾਨ ਦਾ, ਨਾਲੇ ਸੇਖ ਫ਼ਰੀਦ। ਗੁਰ ਮਰਿਯਾਦਾ ਨਾ ਕਰੀ, ਰੱਖੇ ਰੋਜ਼ੇ ਈਦ (91)

ਕਵੀਰਾਜ ਆਪਣੀ ਕਿਤਾਬ ਵਿਚ ਮੁੜ ਮੁੜ ਇਸੇ ਤਰ੍ਹਾਂ ਦੀ ਫ਼ਰੀਦ-ਵਿਰੋਧੀ ਸੁਰ ਕੱਢਦੇ ਦਿੱਸਦੇ ਹਨ :

ਕੈਸਾ ਗੁਰੂ ਗ੍ਰੰਥ ਜੋ ਮਸੀਤ ਪਿੱਛੇ ਗਾਲ੍ਹਾਂ ਦੇਵੇ / ਗੁਰੂ ਜੀ ਦੀ ਸੰਗਤ ਨੂੰ ਕੁੱਤੇ ਹੈ ਪੁਕਾਰਦਾ।
ਕਹੋ ਕਿਹੜਾ ਗੁਰੂ ਕਦੋਂ ਗਿਆ ਥੀ ਮਸੀਤ ਵਿਚ / ਗੁਰੂ ਨਾਲ ਕਹੋ ਕੀ ਹੈ ਘੱਟ ਇਹ ਗੁਜ਼ਾਰਦਾ।
ਮਿਹਰ ਮਸੀਤ ਸੰਦਾ ਗੁਰੂ ਦਾ ਸ਼ਬਦ ਪੜ੍ਹੋ / ਜਾਇਗੀ ਮਸੀਤ ਤੇ ਫ਼ਰੀਦ ਧਾਹਾਂ ਮਾਰਦਾ।
ਜਦੋਂ ਤਾਈਂ ਕੱਚੀ ਬਾਣੀ ਕਰੇਂ ਨਾ ਤੂੰ ਬਾਹਰ ਪੰਥ / ਬੱਲਭ ਸੁਣਾਵੇ ਰਹੀਂ ਗਾਲ੍ਹਾਂ ਹੀ ਸਹਾਰਦਾ (376)

ਕੈਸਾ ਗੁਰੂ ਗ੍ਰੰਥ ਇਹ ਬਣਿਆ, ਭੇਜ ਰਿਹਾ ਜੋ ਵਿਚ ਮਸੀਤ
ਮਰ ਜੋ ਸਿੰਘ ਮਹੋਰਾ ਖਾ ਕੇ, ਕਿਉਂ ਕਰਦੇ ਇਸ ਦੀ ਪਰਤੀਤ ॥[4]

ਸਵਰਗਵਾਸੀ ਗਿਆਨੀ ਲਾਲ ਸਿੰਘ ਸੰਗਰੂਰ ਵਾਲਿਆਂ ਦੀ ਇਕ ਹੋਰ ਪੁਸਤਕ, 'ਗੁਰਮਤਿ ਕਸੌਟੀ ਸਾਰ'[5], ਬਹੁਤ ਕਰਕੇ ਉਨ੍ਹਾਂ ਦੀ ਪਹਿਲੀ ਪੁਸਤਕ 'ਭਗਤਿ ਮਤਿ ਤੇ ਗੁਰਮਤਿ' ਦਾ ਹੀ ਰੂਪ ਹੈ। ਕੁਝ ਵੇਰਵਿਆਂ ਵਿਚ, ਇਹ ਪੁਸਤਕ ਉਪਰਲੇ ਕਵੀ ਦੀ ਪੁਸਤਕ ਤੋਂ ਵਖਰੀ ਹੈ; ਮਿਸਾਲ ਵਜੋਂ ਆਪ ਭਗਤ-ਬਾਣੀ ਦੇ ਗੁਰੂ ਗ੍ਰੰਥ ਸਾਹਿਬ ਵਿਚ ਪ੍ਰਵੇਸ਼ ਦਾ ਜ਼ਿੰਮੇਵਾਰ, ਭਾਈ ਗੁਰਦਾਸ ਦੀ ਥਾਂ, ਬਾਬਾ ਮੋਹਨ ਦੇ ਸੁਪੁੱਤਰ ਤੇ ਗੁਰੂ ਅਮਰ ਦਾਸ ਜੀ ਦੇ ਪੋਤਰੇ, ਬਾਬਾ ਸਹੰਸਰ ਦਾਸ ਨੂੰ ਮੰਨਦੇ ਹਨ;

"...ਨਿਰੋਲ ਗੁਰਬਾਣੀ ਦੀ ਪੋਥੀ ਦੇ ਮੁਕਾਬਲੇ ਪਰ ਬਾਬਾ ਮੋਹਨ ਜੀ ਦੇ ਪੁਤ੍ਰ ਬਾਵਾ ਸਹੰਸਰ ਦਾਸ ਨੇ ਇਕ ਪੋਥੀ ਲਿਖੀ...ਅਤੇ ਭਗਤ ਬਾਣੀ ਦਾ ਪੰਜਾਬੀ ਗੁਰਮੁਖੀ ਵਿਚ ਉਲਥਾ ਕਰ ਕੇ ਉਸ ਪੋਥੀ ਵਿਚ ਲਿਖਿਆ। ਤੀਜੇ ਗੁਰੂ ਦੇ ਸਾਹਮਣੇ ਜਦੋਂ ਭਗਤ ਬਾਣੀ ਆਈ ਤਾਂ ਆਪ ਨੇ ਗੁਰਮਤਿ ਕਸੌਟੀ ਪਰ ਪਰਖ ਕੇ ਕਈ ਕੁ ਨੋਟ ਚਾੜ੍ਹ ਕੇ ਖੰਡਣ ਕੀਤਾ ਤੇ ਹੁਕਮ ਕੀਤਾ, "ਸਤਿਗੁਰ ਬਿਨਾ ਹੋਰ ਕਚੀ ਹੈ ਬਾਣੀ।"...ਪੰਚਮ ਗੁਰੂ ਜੀ ਨੂੰ ਗੋਇੰਦਵਾਲ ਵਾਲੀਆਂ ਇਨ੍ਹਾਂ ਪੋਥੀਆਂ ਦਾ ਇਲਮ ਸੀ... ਗੋਇੰਦਵਾਲ ਤੋਂ ਜੋ ਰਚਨਾ ਆਈ, ਪੰਚਮ ਗੁਰੂ ਜੀ ਨੇ ਹੋਰ ਨੋਟ ਚਾੜ੍ਹ ਕੇ ਗੁਰਸਿੱਖਾਂ ਨੂੰ ਨਿਰਸੰਸੇ ਕੀਤਾ ਕਿ ਇਹ ਰਚਨਾ ਗੁਰਬਾਣੀ ਦੇ ਤੁਲ ਦੀ ਨਹੀਂ ਹੈ। ਨੋਟ ਦੇਣ ਦਾ ਹੋਰ ਕੋਈ ਭੀ ਮਤਲਬ ਨਹੀਂ ਹੈ..." (ਸਫ਼ਾ 10-11)

ਬਾਬਾ ਫ਼ਰੀਦ ਦੀ ਬਾਣੀ ਬਾਰੇ ਗਿਆਨੀ ਜੀ ਨੇ ਜੋ ਵਿਚਾਰ ਪ੍ਰਗਟ ਕੀਤੇ ਹਨ ਉਨ੍ਹਾਂ ਵਿਚ ਕਵੀ-

ਰਾਜ ਤੋਂ ਕਿਤੇ ਵਧ ਵਿਸਤਾਰ ਨਾਲ, ਫ਼ਰੀਦ ਦੇ ਇਸਲਾਮੀ ਅੰਸ਼ਾਂ ਨੂੰ ਕਿੰਤੂ ਅਧੀਨ ਲਿਆਂਦਾ ਹੈ, ਜਿਵੇਂ ਕਿ ਅੱਗੇ ਦਿੱਤੀਆਂ ਕੁਝ ਟੂਕਾਂ ਤੋਂ ਸਪਸ਼ਟ ਹੈ :

"...ਇਹ ਬਾਤ ਸੋਲਾਂ ਆਨੇ ਠੀਕ ਹੈ ਕਿ ਫ਼ਰੀਦ ਜੀ ਆਵਾਗਮਨ ਨੂੰ ਨਹੀਂ ਮੰਨਦੇ ਅਤੇ ਰੂਹਾਂ ਦਾ ਵਾਸਾ ਕਿਆਮਤ ਤੀਕ ਕਬਰਾਂ ਵਿਚ ਮੰਨਦੇ ਹਨ...(ਸਫ਼ਾ 54-55)

"ਫਰੀਦਾ ਕੂਕੇਦਿਆਂ ਚਾਂਗੇਦਿਆਂ ਮਤੀ ਦੇਂਦਿਆ ਨਿਤ । ਜੋ ਸ਼ੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ (15)

"ਨੋਟ : ਇਸਲਾਮ ਅਤੇ ਇਸਾਈ ਮਤ ਵਿਖੇ ਸ਼ੈਤਾਨ ਇਕ ਫ਼ਰਿਸ਼ਤਾ (ਦੇਵਤਾ) ਮੰਨਿਆ ਹੈ... ਇਹ ਹਮੇਸ਼ਾਂ ਜੀਵਾਂ ਨੂੰ ਖ਼ੁਦਾ ਥੀਂ ਬੇਮੁਖ ਕਰਦਾ ਰਹਿੰਦਾ ਹੈ । ਗੁਰਮਤਿ ਵਿਖੇ ਐਸੇ ਕਿਸੇ ਦੇਵਤੇ ਦੀ ਹੋਂਦ ਨਹੀਂ ਮੰਨੀ ਗਈ ਜੋ ਰੱਬ ਦਾ ਸ਼ਰੀਕ ਹੋਵੇ...ਗੁਰਬਾਣੀ ਵਿਖੇ ਫਰੀਦ ਸਿਧਾਤਾਂ ਦਾ ਕਾਫ਼ੀ ਖੰਡਣ ਹੈ । ਤਾਂ ਤੇ ਸ਼ੇਖ ਰਚਨਾ ਗੁਰਮਤਿ ਆਸ਼ੇ ਤੋਂ ਉਲਟ ਹੈ ।" (ਸਫ਼ਾ 60)

".. ਸਰੀਰ ਨੂੰ ਦੁਖ ਦੇਣ ਵਾਲੇ ਤਪਾਂ ਬਾਰੇ ਕਾਫ਼ੀ ਜ਼ੋਰ ਦਿੱਤਾ ਹੈ, ਜੋ ਗੁਰਮਤਿ ਵਿਰੁਧ ਸਿਧਾਂਤ ਹੈ ।" (ਸਫ਼ਾ 60)

"...ਇਸ ਤਰ੍ਹਾਂ ਫ਼ਰੀਦ ਰਚਨਾ ਦਾ ਥਾਂ ਥਾਂ ਜ਼ੋਰਦਾਰ ਖੰਡਣ ਹੈ । ਜੋ ਸੱਜਣ ਸ਼ੇਖ ਜੀ ਨੂੰ ਹੱਠਾਂ ਤੱਪਾਂ ਤੋਂ ਬਰੀ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ "ਤਨ ਸੁਕਾ ਪਿੰਜਰੁ ਥੀਆ" ਸਲੋਕ 90 ਅਤੇ "ਕਾਗਾ ਢਢੋਲਿਆ," ਸਲੋਕ 81, "ਕਾਗਾ ਚੂੰਡਿ ਨਾ ਪਿੰਜਰਾ", ਸਲੋਕ 92, ਗਹੁ ਨਾਲ ਪੜ੍ਹਨੇ ਚਾਹੀਦੇ ਹਨ ਕਿ ਸ਼ੇਖ ਜੀ ਕਿਵੇਂ ਸਰੀਰ ਨੂੰ ਤਪੌਂਦੇ ਫਿਰੇ ਸਨ । "ਇਹ ਦੋਇ ਨੈਨਾ ਮਤਿ ਛੁਹਉ ॥ 91 ॥" ਇੱਥੇ "ਰੱਬ ਹਿਆਲੀਐ" ਸਿਧਾਂਤ ਸਮਝਦੇ ਤਾਂ ਕਦੀ ਨਾ ਰੱਬ ਨੂੰ ਨੈਨਾਂ ਦਾ ਵਿਸ਼ਾ ਦਸਦੇ (ਨਾਨਕ ਸੇ ਅਖੜੀਆਂ ਬੇਅੰਨ).. ਸਪਸ਼ਟ ਹੈ ਕਿ ਫ਼ਰੀਦ ਸਿਧਾਂਤਾਂ ਦਾ ਗੁਰਬਾਣੀ ਖੰਡਣ ਕਰਦੀ ਹੈ । ਫਿਰ ਰਚਨਾ ਪਰ ਅਮਲ ਕਿਵੇਂ ਹੋਵੇਗਾ ?" (ਸਫ਼ਾ 63-64)

"...ਸ਼ੇਖ ਜੀ ਸੂਫ਼ੀ ਫਕੀਰ ਮੁਸਲਮਾਨ ਸਨ ਅਤੇ ਉਹ ਆਪਣਾ ਵੇਸ (ਭੇਖ) ਲੋਕਾਂ ਥੀਂ ਅਡਰਾ ਦਰਸੌਂਦੇ ਸਨ, ਸ਼ੇਖ ਜੀ ਦੀ ਰਚਨਾ ਤੋਂ ਇਹ ਬਾਤ ਸਿੱਧ ਹੈ :

ਫਰੀਦਾ ਦਰ ਦਰਵੇਸੀ ਗਾਖੜੀ ਚਲਾ ਦੁਨੀਆ ਭਤਿ ॥ ਬੰਨਿ ਉਠਾਈ ਪੋਟਲੀ ਕਿਥੈ ਵੰਞਾ ਘਤਿ ।[2]

ਨੋਟ : ਨਾਨਕ ਸਤਿਗੁਰ ਭੇਟਿਐ ਪੂਰੀ ਹੋਵੈ ਜੁਗਤਿ । ਹਸੰਦਿਆ, ਖੇਲੰਦਿਆਂ, ਪੈਨੰਦਿਆਂ, ਖਾਵੰਦਿਆਂ ਵਿਚੇ ਹੋਏ ਮੁਕਤਿ । (ਵਾਰ ਗੁਜਰੀ ਮ: 5) ਗ੍ਰਿਹਸਤ ਤੋਂ ਨਿਕਲ ਕੇ ਵਖਰੀ ਫਕੀਰੀ ਦਸਣੀ ਪਾਖੰਡ ਹੈ ।" (ਸਫਾ 70-71)

"ਨੋਟ : ਸੇਖ ਜੀ ਤਾਂ ਸੰਸਾਰ ਵਲੋਂ ਇਤਨੇ ਦੁਖੀ ਸਨ ਕਿ "ਆਤਮ ਘਾਤੀ ਜਗਤ ਕਸਾਈ" ਮ: 3 ਅਨੁਸਾਰ, ਵਰਤੋਂ ਕਰਨ ਪਰ ਤੁਲ ਰਹੇ ਸਨ: "ਫਰੀਦਾ ਜਿਹ ਦਿਹ ਨਾਲ ਕਪਿਆ, ਜੇ ਗਲ ਕਪਹਿ ਚੁਖ । ਪਵਨਿ ਨ ਇਤੀ ਮਾਮਲੇ, ਸਹਾਂ ਨ ਇਤੀ ਦੁਖ (76) ਜੇ ਕੋਈ ਦਾਈ ਕਿਤੇ ਅਜ ਕਲ ਸ਼ੇਖ ਜੀ ਦੇ ਆਖੇ ਲਗ ਕੇ 'ਬੱਚੇ ਦਾ ਗਲਾ ਕਪ ਸੁਟੇ' ਤਾਂ ਸ਼ਾਇਦ ਕਾਨੂੰਨ ਫ਼ਾਂਸੀ ਦੀ ਸਜ਼ਾ ਦੇਵੇ । 'ਸੇਖ ਫਰੀਦੇ ਖ਼ੈਰ ਦੀਜੈ ਬੰਦਗੀ' (ਆਸਾ ਫਰੀਦ) ਸ਼ੇਖ ਇਕ ਖਿਤਾਬ ਜਾਂ ਫਕੀਰਾਂ ਦੀ ਉੱਚ ਡਿਗਰੀ ਹੈ, ਆਪ ਦੇ ਨਾਮ ਨਾਲ ਆਪੇ ਵਰਤਣਾ ਸੋਭਾਮਾਨ ਕਿਵੇਂ ? ਫ਼ਰੀਦ ਰਚਨਾ ਸੂਫੀ ਫਕੀਰੀ ਦੀ ਪ੍ਰਚਾਰਕ ਹੈ : ਫਰੀਦਾ ਦਰ ਦਰਵੇਸੀ ਗਾਖੜੀ ਚਲਾਂ ਦੁਨੀਆਂ ਭਤਿ । ਬੰਨਿ ਉਠਾਈ ਪੋਟਲੀ ਕਿਥੈ ਵੰਞਾ ਘਤਿ (2)—ਇਹ ਸੂਫ਼ੀ ਫਕੀਰ ਦਾ ਪ੍ਰਚਾਰ ਹੈ । 'ਦਰਵੇਸਾਂ ਨੂੰ ਲੋੜੀਐ, ਰੁਖਾਂ ਦੀ ਜੀਰਾਂਦਿ (60)



ਇਸ ਤੋਂ ਸਾਬਤ ਹੈ ਕਿ ਆਪ ਸੂਫੀ ਦਰਵੇਸਾਂ ਦਾ ਅਡਰਾ ਫਿਰਕਾ ਮੰਨਦੇ ਸਨ : ਫਰੀਦਾ ਦਿਲ ਰਤਾ ਇਸੁ ਦੁਨੀ ਸਿਉਂ, ਦੁਨੀ ਨਾ ਕਿਤੇ ਕੰਮ/ਮਿਸਲ ਫਕੀਰਾਂ ਗਾਖੜੀ ਸੁ ਪਾਈਐ ਪੂਰ ਕਰੰਮਿ (111) ਫਕੀਰੀ ਮਿਸਲ ਸਾਬਤ ਕਰਨ ਤੋਂ ਸਾਫ਼ ਹੈ ਕਿ ਆਪ ਸੂਫ਼ੀ ਫਕੀਰਾਂ ਦੇ ਪ੍ਰਚਾਰਕ ਸਨ ਅਤੇ ਉਨ੍ਹਾਂ ਦੇ ਲਿਬਾਸ ਨੂੰ ਸਤਿਕਾਰਦੇ ਸਨ । ਇਸ ਪ੍ਰਚਾਰ ਨਾਲ ਧਰਮ ਦਾ ਕੀ ਸੰਬੰਧ ਹੈ ?" (ਸਫ਼ਾ 72)

"...ਸ਼ੇਖ ਜੀ ਨੇ ਇਸ ਸ਼ਲੋਕ ਵਿਚ ਨਿਮਾਜ਼ ਨ ਪੜ੍ਹਨ ਵਾਲਿਆਂ ਨੂੰ ਕੁਤੇ ਦੱਸਿਆ ਹੈ ਅਤੇ ਪੰਜ ਵੇਲੇ ਮਸੀਤ ਵਿਚ ਜਾ ਕੇ ਨਿਮਾਜ਼ ਪੜ੍ਹਨੇ ਵਾਸਤੇ ਤਾਕੀਦ ਕੀਤੀ ਹੈ । ਇਹ ਹੁਕਮ ਕਿਨ੍ਹਾਂ ਵਾਸਤੇ ਹੈ ? ਸਿੱਖਾਂ ਵਾਸਤੇ ਤਾਂ ਗੁਰੂ ਜੀ ਦਾ ਹੁਕਮ ਹੈ 'ਗੁਰ ਸਤਿਗੁਰ ਕਾ ਜੋ ਸਿਖ ਅਖਾਏ ਭਲਕੇ ਉਠ ਹਰਿਨਾਮ ਧਿਆਵੇ (ਸਾਰਾ ਸ਼ਬਦ ਵੀਚਾਰੋ) ਅਤੇ ਸਿੱਖ ਮਸੀਤੇ ਜਾ ਕੇ ਮੱਕੇ ਵਲ ਰੁਖ ਕਰਕੇ ਬੈਠਕਾਂ ਉਠਕਾਂ ਦੀ ਕਵਾਇਦ ਨਾਲ ਨਿਮਾਜ਼ਾਂ ਕਿਉਂ ਪੜ੍ਹਨ ?...ਇਹ ਪ੍ਰਚਾਰ ਸਾਫ਼ ਹੀ ਸਿੱਖ ਧਰਮ ਤੋਂ ਉਲਟ ਤੇ ਗੁਰਬਾਣੀ ਦਾ ਖੰਡਣ ਹੈ । ਅਤੀ ਹੈਰਾਨੀ ਹੈ ਕਿ ਗੁਰੂ ਜੀ ਨੇ ਨਿਮਾਜ਼ਾਂ ਪੜ੍ਹੌਣ ਵਾਲੀ ਬਾਣੀ ਨੂੰ ਪਰਵਾਨਗੀ ਕਿਵੇਂ ਦੇ ਦਿੱਤੀ, ਜਦੋਂ ਕਿ ਗੁਰੂ ਜੀ ਨਿਮਾਜ਼ਾਂ, ਰੋਜ਼ਿਆਂ, ਸੁਨੱਤਾਂ ਆਦਿ ਦਾ ਖੰਡਣ ਕਰਦੇ ਹਨ ? (ਸਫ਼ਾ 74-75)

"...ਇਹ ਕਹਿਣਾ ਭੁੱਲ ਹੈ ਕਿ ਸਤਿਗੁਰੂ ਨਾਨਕ ਜੀ ਨੇ ਸ਼ੇਖ ਬ੍ਰਹਮ ਤੋਂ ਸ਼ੇਖ ਫਰੀਦ ਦੀ ਰਚਨਾ ਲੈ ਕੇ ਉਸ ਅਨੁਸਾਰ ਆਪਣੀ ਰਚਨਾ ਢਾਲੀ ਜਾਂ ਮਿਲਾਈ ਹੈ । (ਸਫ਼ਾ 101) ।

"...ਬਾਦਸ਼ਾਹ ਜਹਾਂਗੀਰ, ਦਾਰਾ ਸ਼ਕੋਹ ਆਦਿ ਫਰੀਦ ਗੱਦੀ ਦੇ ਸ਼ਾਗਿਰਦ ਸਨ । ਫਰੀਦ ਰਚਨਾ ਦਾ ਬੀੜ ਵਿਚ ਸ਼ਾਮਿਲ ਕਰ ਕੇ ਪ੍ਰਚਾਰ ਕਰਾਉਣਾ ਬਾਦਸ਼ਾਹ ਦੀ ਖੁਸ਼ਨੂਦੀ ਦਾ ਮੁੱਖ ਕਾਰਨ ਸੀ ।" (ਸਫ਼ਾ 146)

ਬਾਬੂ ਹੀਰਾ ਸਿੰਘ[6], ਕਪਤਾਨ ਸ਼ਮਸ਼ੇਰ ਸਿੰਘ,[7] ਆਦਿ ਦੀਆਂ ਦਲੀਲਾਂ ਦੇ ਸੋਮੇਂ ਗਿਆਨੀ ਲਾਲ ਸਿੰਘ ਤੇ ਕਵੀ ਰਾਜ ਹੀ ਹਨ, ਇਸ ਲਈ ਉਨ੍ਹਾਂ ਨੂੰ ਵੱਖਰੇ ਤੌਰ ਉੱਤੇ ਵਿਚਾਰਨ ਦੀ ਲੋੜ ਨਹੀਂ ।

**2.** ਬਾਬਾ ਫ਼ਰੀਦ ਨੂੰ ਗੁਰੂ ਗ੍ਰੰਥ ਸਾਹਿਬ ਦਾ ਭਾਗ ਨਾ ਮੰਨਣ ਦੇ ਹੱਕ ਵਿਚ ਗਿਆਨੀ ਜੀ, ਕਵੀ ਰਾਜ ਤੇ ਹੋਰਨਾਂ ਵੱਲੋਂ ਜੋ ਦਲੀਲਾਂ ਦਿੱਤੀਆਂ ਗਈਆਂ ਹਨ, ਉਹ ਕੁਲ ਮਿਲਾ ਕੇ ਦੋ ਬਣਦੀਆਂ ਹਨ : (1) ਭਾਈ ਗੁਰਦਾਸ ਨੇ, ਜੋ ਆਪ ਸਿੱਖ ਦੇ ਭੇਖ ਵਿਚ ਉਦਾਸੀ ਸੀ, ਜਾਂ ਕਿਸੇ ਹੋਰ ਨੇ, ਜਹਾਂਗੀਰ ਨੂੰ ਖੁਸ਼ ਕਰਨ ਲਈ ਬਾਬਾ ਫ਼ਰੀਦ ਦੀ ਬਾਣੀ ਆਦਿ ਬੀੜ ਵਿਚ ਸ਼ਾਮਿਲ ਕਰ ਦਿੱਤੀ । (2) ਫਰੀਦ ਦੀ ਬਾਣੀ ਵਿਚ ਗੁਰਮਤਿ-ਵਿਰੋਧੀ, ਇਸਲਾਮ-ਪੱਖੀ ਬਲਕਿ ਇਸਲਾਮ-ਪ੍ਰਚਾਰਕ ਅੰਸ਼ ਮੌਜੂਦ ਹਨ ਤੇ ਇਨ੍ਹਾਂ ਦੀ ਹੋਂਦ ਆਪਣੇ ਆਪ ਵਿਚ ਇਕ ਵੱਡਾ ਸਬੂਤ ਹੈ ਕਿ ਗੁਰੂ-ਸੰਪਾਦਕ ਵਲੋਂ ਇਸ ਬਾਣੀ ਨੂੰ ਆਦਿ ਬੀੜ ਵਿਚ ਸ਼ਾਮਿਲ ਨਹੀਂ ਸੀ ਕੀਤਾ ਜਾ ਸਕਦਾ ।

ਪਹਿਲੀ ਦਲੀਲ ਵਿਚ ਉੱਕਾ ਕੋਈ ਵਜ਼ਨ ਨਹੀਂ ਹੈ ਕਿਉਂਕਿ ਭਾਈ ਗੁਰਦਾਸ ਦੀ ਗੁਰੂ-ਮਤ ਦੀ ਸੋਝੀ ਜਾ ਵਿਆਖਿਆ ਬਾਰੇ ਤਾਂ ਸ਼ਾਇਦ ਦੋ ਰਾਵਾਂ ਹੋਣ, ਪਰ ਜਹਾਂਗੀਰ ਨੂੰ ਖੁਸ਼ ਕਰਨ ਦੀ ਖਾਤਰ ਉਸ ਦੇ ਗੁਰਮਤਿ-ਦੋਖੀ ਬਣ ਜਾਣ ਬਾਰੇ ਨਾ ਸਿੱਖਾਂ ਵਿਚ ਕੋਈ ਰਿਵਾਇਤ ਹੈ ਤੇ ਨਾ ਉਸ ਵੇਲੇ ਦੇ ਜਾਂ ਮਗਰੋਂ ਦੇ ਸਰਕਾਰੀ ਜਾਂ ਗੈਰ-ਸਰਕਾਰੀ ਕਾਗ਼ਜ਼ਾਂ ਵਿਚ ਉਸ ਨੂੰ ਮੁਲਜ਼ਮ ਠਹਿਰਾਉਣ ਵਾਲਾ ਕੋਈ ਹਵਾਲਾ ਪ੍ਰਾਪਤ ਹੈ । ਉਸ ਦੀਆਂ ਵਾਰਾਂ ਜਾਂ ਕਬਿੱਤ-ਸਵੱਯਾਂ ਵਿਚ ਵੀ ਉਸ ਨੂੰ ਦੂਸ਼ਿਤ ਕਰਨ ਵਾਲੀ ਕੋਈ ਸਾਮਗਰੀ ਨਹੀਂ ਮਿਲਦੀ ।

ਦੂਜੀ ਦਲੀਲ ਵਿਚ ਕੁਝ ਵਜ਼ਨ ਜ਼ਰੂਰ ਹੈ, ਕਿਉਂਕਿ ਜਿਨ੍ਹਾਂ ਧਾਰਮਿਕ ਵਿਸ਼ਵਾਸਾਂ ਦਾ, ਗੁਰੂ

ਸਾਹਿਬਾਨ ਦੇ ਮਨੌਤ-ਪ੍ਰਬੰਧ ਵਿਚ ਕਾਫ਼ੀ ਸੰਚਾਰ ਹੈ (ਜਿਵੇਂ ਆਵਾਗਵਨ), ਉਨ੍ਹਾਂ ਨੂੰ ਬਾਬਾ ਫ਼ਰੀਦ ਦਾ ਸਮਰਥਨ ਨਹੀਂ ਮਿਲਦਾ । ਇਸੇ ਤਰ੍ਹਾਂ ਨਮਾਜ਼, ਮਸੀਤ, ਸ਼ੈਤਾਨ, ਦਰਵੇਸ਼, ਫ਼ਕੀਰ, ਵ਼ਜ਼ੂ, ਆਦਿ ਬਾਬਾ ਫ਼ਰੀਦ ਦੇ ਸੰਸਕ੍ਰਿਤੀ-ਸੰਸਾਰ ਦੇ ਸਹਿਜ-ਭਾਗ ਹਨ, ਪਰ ਗੁਰੂ ਸਾਹਿਬਾਨ ਲਈ ਕੁਝ ਓਪਰੇ । ਇਸ ਤੋਂ ਪਹਿਲਾਂ ਕਿ ਇੱਕੋ ਧਰਮ-ਗ੍ਰੰਥ ਵਿਚ ਇਸ ਵਿਰੋਧਾਭਾਸ ਦੀ ਹੋਂਦ ਬਾਰੇ ਕੋਈ ਨਿਰਣਾ ਕੀਤਾ ਜਾਵੇ, ਇਹ ਗੱਲ ਜ਼ਰੂਰ ਸਾਫ਼ ਹੋ ਜਾਣੀ ਚਾਹੀਦੀ ਹੈ ਕਿ ਬਾਬਾ ਫਰੀਦ ਦੀ ਬਾਣੀ ਗੁਰੂ-ਘਰ ਵਿਚ ਤਕਰੀਬਨ ਸ਼ੁਰੂ ਤੋਂ ਹੀ ਪ੍ਰਚਲਤ ਸੀ ਤੇ ਇਸ ਨਾਲ ਸਿੱਖ-ਸਾਧਕਾਂ ਦਾ ਵਾਹਵਾ ਪਰਚਾ ਸੀ, ਵਰਨਾ ਪਹਿਲੇ, ਤੀਜੇ, ਚੌਥੇ ਤੇ ਪੰਜਵੇਂ ਗੁਰੂ ਸਾਹਿਬਾਨ ਨੂੰ ਫ਼ਰੀਦ ਦੀ ਬਾਣੀ ਦਾ ਉਚੇਚਾ ਨੋਟਿਸ ਨਾ ਲੈਣਾ ਪੈਂਦਾ । ਖ਼ੁਦ ਗੁਰੂ ਅਰਜਨ ਸਾਹਿਬ ਨੇ, ਜੋ ਆਦਿ ਬੀੜ ਦੇ ਸੰਪਾਦਕ ਸਨ, ਬਾਬਾ ਫ਼ਰੀਦ ਦੇ ਅੱਠ ਸਲੋਕਾਂ ਨੂੰ ਮੁੱਖ ਰੱਖ ਕੇ ਆਪਣੇ ਸਲੋਕ ਉਚਾਰੇ । ਵੈਸੇ ਤਾਂ ਇਹ ਇਕੋ ਤੱਥ ਬਾਬਾ ਫ਼ਰੀਦ ਦੀ ਬਾਣੀ ਦੇ ਆਦਿ ਬੀੜ ਦਾ ਭਾਗ ਹੋਣ ਦੇ ਹੱਕ ਵਿਚ ਕਾਫ਼ੀ ਹੈ ਕਿਉਂਕਿ ਜੇ ਇਸ ਦਾ ਸਿੱਖਾ ਵਿਚ ਪਰਚਾ ਨਹੀਂ ਸੀ ਤਾਂ ਚਾਰ ਗੁਰੂ ਸਾਹਿਬਾਨ ਨੂੰ ਉਹ ਦੇ ਸਲੋਕਾਂ ਦੇ ਉੱਤਰ, ਵਿਆਖਿਆ ਜਾਂ ਵਿਰੋਧ ਵਿਚ ਸਲੋਕ ਰਚਣ ਦੀ ਕੀ ਲੋੜ ਸੀ ? ਪੰਜਾਬੀ ਵਿਚ ਬਾਣੀ ਦੇ ਖੰਡਣ ਜਾਂ ਕਵਿਤਾ ਕਹਿਣ ਵਾਲੇ ਤਾਂ ਹੋਰ ਸੈਂਕੜੇ ਹੋਣਗੇ, ਗੁਰੂ ਸਾਹਿਬਾਨ ਨੇ ਕੇਵਲ ਫ਼ਰੀਦ ਵੱਲ ਹੀ ਕਿਉਂ ਧਿਆਨ ਦਿੱਤਾ ? ਪਰ ਗਿਆਨੀ ਲਾਲ ਸਿੰਘ ਹੁਰਾਂ ਇਸੇ ਦਲੀਲ ਰਾਹੀਂ ਫ਼ਰੀਦ-ਬਾਣੀ ਦੇ ਖੰਡਣ ਦਾ ਨਿਟਬਲ ਜਿਹਾ ਜਤਨ ਕੀਤਾ ਹੈ । ਉਨ੍ਹਾਂ ਦਾ ਵਿਚਾਰ ਹੈ ਕਿ ਗੁਰੂ ਸਾਹਿਬਾਨ ਨੇ ਫ਼ਰੀਦ ਦੇ ਸਲੋਕਾਂ ਦੇ ਵਿਰੁਧ ਸਲੋਕ ਰਚੇ ਹਨ, ਇਸ ਲਈ ਫ਼ਰੀਦ-ਬਾਣੀ ਦਾ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਕੀਤਾ ਜਾਣਾ ਸੰਭਵ ਨਹੀਂ ਸੀ । ਸਾਡਾ ਵਿਚਾਰ ਹੈ ਕਿ ਗਿਆਨੀ ਜੀ ਦੀ ਇਹ ਦਲੀਲ ਆਪਣੇ ਆਪ ਵਿਚ ਫ਼ਰੀਦ ਬਾਣੀ ਦੇ ਖੰਡਨ ਲਈ ਉੱਕਾ ਕਾਫ਼ੀ ਨਹੀਂ ਹੈ । ਪਰ ਇਹ ਮੰਨਣ ਦੇ ਬਾਵਜੂਦ ਕਿ ਫ਼ਰੀਦ-ਬਾਣੀ ਨੂੰ ਗੁਰੂ ਅਰਜਨ ਸਾਹਿਬ ਨੇ ਪੂਰੀ ਜ਼ਿੰਮੇਵਾਰੀ ਨਾਲ ਆਪਣੀ ਬੀੜ ਵਿਚ ਸ਼ਾਮਿਲ ਕੀਤਾ ਸੀ, ਅਸਲ ਸਵਾਲ ਫੇਰ ਵੀ ਜਿਉਂ ਦਾ ਤਿਉਂ ਨਿਰੁਤਰ ਖੜਾ ਰਹਿੰਦਾ ਹੈ ਕਿ ਬਾਬਾ ਫ਼ਰੀਦ ਦੀ ਬਾਣੀ, ਆਪਣੇ ਸਮੁੱਚੇ ਇਸਲਾਮੀ ਸੰਸਕਾਰ ਦੇ ਹੁੰਦਿਆਂ, ਕਿੰਨ੍ਹਾਂ ਕਾਰਨਾਂ ਕਰਕੇ ਆਦਿ ਬੀੜ ਵਿਚ ਸ਼ਾਮਿਲ ਕਰਨ-ਜੋਗ ਸਮਝੀ ਗਈ ?

ਇਸ ਸੰਬੰਧ ਵਿਚ ਸਾਨੂੰ ਇਹ ਵੀ ਚੇਤੇ ਰੱਖਣ ਦੀ ਲੋੜ ਹੈ ਕਿ ਭਗਤ ਕਬੀਰ ਵੀ, ਜਿਨ੍ਹਾਂ ਦੀ ਬਾਣੀ ਕਾਫ਼ੀ ਮਾਤਰਾ ਵਿਚ ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀ ਹੈ, ਮੁਸਲਮਾਨ ਸਨ । ਇਹ ਵੱਖਰੀ ਗੱਲ ਹੈ ਕਿ ਮੱਧ-ਕਾਲ ਦੀ ਭਗਤੀ-ਚੇਤਨਾ ਨੇ ਕਬੀਰ ਨੂੰ, ਉਨ੍ਹਾਂ ਦੇ ਮੁਸਲਮਾਨ ਹੋਣ ਦੇ ਬਾਵਜੂਦ, ਭਗਤੀ ਦੇ ਪ੍ਰਮਾਣ ਦੀ ਹੈਸੀਅਤ ਵਿਚ ਪ੍ਰਵਾਨ ਕਰ ਲਿਆ ਸੀ । 'ਸਤਯ ਕਬੀਰ ਕੀ ਸਾਖੀ' ਨੇ ਇਹ ਤੱਤ ਇਨ੍ਹਾਂ ਸ਼ਬਦਾਂ ਵਿਚ ਪੇਸ਼ ਕੀਤਾ ਹੈ :

ਭਕਿਤ ਦ੍ਰਾਵੜ ਉਪਜੀ, ਲਾਏ ਰ ਮਾਨੰਦ/ਪ੍ਰਗਟਕੀਯਾ ਕਬੀਰ ਨੇ, ਸਪਤ ਦਵੀਪ, ਨਵਖੰਡ ॥[8]

ਇਸਲਾਮ ਨੂੰ ਭਾਰਤੀ ਬਣਾਉਣ ਦੀ ਰੁਚੀ ਨੇ, ਕਬੀਰ ਨਾਲ, ਵਧ ਤੋਂ ਵਧ ਇਹ ਜ਼ਿਆਦਤੀ ਕੀਤੀ ਹੈ ਕਿ ਉਨ੍ਹਾਂ ਨੂੰ ਨਿਰੋਲ ਮੁਸਲਮਾਨ ਮੰਨ ਲੈਣ ਦੀ ਥਾਂ, ਹਿੰਦੂ ਦੇ ਘਰ ਜਨਮਿਆ ਤੇ ਮੁਸਲਮਾਨ ਦੇ ਘਰ ਪਲਿਆ ਦੱਸਿਆ ਹੈ,[9] ਪਰ ਜਿੱਥੋਂ ਤੱਕ ਆਪ ਦੀ ਭਗਤੀ-ਖੇਤਰ ਵਿਚ ਸਿਰਮੌਰਤਾ ਦਾ ਸਵਾਲ ਹੈ, ਉਸ ਬਾਰੇ ਕੱਟੜ ਤੋਂ ਕੱਟੜ ਭਾਰਤੀਵਾਦੀ ਨੇ ਵੀ ਕਦੀ ਕੋਈ ਸੰਦੇਹ ਪ੍ਰਗਟ ਨਹੀਂ ਕੀਤਾ। ਇਸੇ ਤਰ੍ਹਾਂ ਦਾ ਦਾਅਵਾ ਬਾਬਾ ਫ਼ਰੀਦ ਬਾਰੇ ਨਹੀਂ ਹੋ ਸਕਦਾ । ਭਾਰਤੀ ਭਗਤੀ-ਮੰਦਿਰ ਵਿਚ ਬਾਬਾ ਫ਼ਰੀਦ ਦੇ ਪ੍ਰਵੇਸ਼ ਦੀ ਚਰਚਾ ਕਦੀ ਛਿੜੀ ਹੀ ਨਹੀਂ । ਕਿਸੇ 'ਭਗਤ ਮਾਲਾ' ਨੇ ਉਨ੍ਹਾਂ ਨੂੰ ਭਗਤਾਂ ਦੀ ਪੰਗਤ ਵਿਚ ਨਹੀਂ ਬਿਠਾਇਆ; ਭਗਤੀ ਕਾਵਿ ਦੇ ਕਿਸੇ ਜਾਣੇ-ਜਾਂਦੇ ਸੰਕਲਨ ਵਿਚ ਉਹਨਾਂ ਦੀ ਬਾਣੀ ਨੂੰ ਕਦੀ ਕੋਈ



ਪ੍ਰਤਿਨਿੱਧਤਾ ਨਹੀਂ ਮਿਲੀ । ਲੋਕ-ਪੱਧਰ ਉੱਤੇ, ਬਾਬਾ ਫ਼ਰੀਦ ਨੂੰ ਭਾਰਤੀ ਬਣਾਉਣ ਦੇ ਜਤਨ ਹੋਏ, ਜਿਵੇਂ 'ਮਸਲੇ ਸ਼ੇਖ਼ ਫ਼ਰੀਦ ਕੇ'[10] ਵਿਚ ਵੇਖੇ ਜਾ ਸਕਦੇ ਹਨ, ਪਰ ਉਨ੍ਹਾਂ ਵਿਚ ਵੀ ਬਾਬਾ ਸਾਹਿਬ ਦੇ ਇਸਲਾਮੀ ਮੂਲ ਨੂੰ ਪੂਰੀ ਤਰ੍ਹਾਂ ਸਵੀਕਾਰਿਆ ਗਿਆ ਹੈ । ਐਸੀ ਹਾਲਤ ਵਿਚ ਇਸ ਸਵਾਲ ਦਾ ਮਨ ਵਿਚ ਪੈਦਾ ਹੋਣਾ ਕੁਦਰਤੀ ਹੈ ਕਿ ਜਿਸ ਮਹਾਨ ਵਿਅਕਤੀ ਨੂੰ ਭਾਰਤ ਦੀ ਸਮੁੱਚੀ ਭਗਤੀ-ਆਤਮਾ ਆਪਣਾ ਸੱਕਾ-ਸਹੋਦਰਾ ਮੰਨਣ ਤੋਂ ਇਨਕਾਰੀ ਸੀ, ਉਸ ਨੂੰ ਗੁਰੂ ਅਰਜਨ ਸਾਹਿਬ ਨੇ, ਹੋਰ ਭਗਤਾਂ ਦੇ ਅੰਗ-ਸੰਗ, ਗੁਰੂ ਗ੍ਰੰਥ ਸਾਹਿਬ ਵਿਚ ਸਥਾਨ ਦੇਣ ਦੇ ਯੋਗ ਕਿਵੇਂ ਸਮਝ ਲਿਆ ? ਅਸਲ ਵਿਚ, ਜਦੋਂ ਗਿਆਨੀ ਲਾਲ ਸਿੰਘ ਜਾਂ ਕਵੀ ਨਰਾਇਣ ਸਿੰਘ ਜਾਂ ਉਨ੍ਹਾਂ ਵਰਗੇ ਹੋਰ ਸੱਜਨ, ਬਾਬਾ ਫ਼ਰੀਦ ਨੂੰ, ਗੁਰੂ ਗ੍ਰੰਥ ਸਾਹਿਬ ਵਿਚ ਮਿਲੇ ਸਥਾਨ ਬਾਰੇ ਸ਼ੰਕਾ ਪ੍ਰਗਟ ਕਰਦੇ ਹਨ ਤਾਂ ਉਹ ਇਸੇ ਇਕੱਲੇ ਪ੍ਰਸ਼ਨ ਦੀ ਕੰਧ ਨਾਲ ਸਿਰ ਪਟਕਾਉਂਦੇ ਦਿੱਸਦੇ ਹਨ ।

**3**. ਗੁਰੂ ਗ੍ਰੰਥ ਸਾਹਿਬ ਵਿਚ ਦਿੱਤੇ ਸਿਰ-ਲੇਖਾਂ ਦੇ ਅਧਿਐਨ ਤੋਂ ਪ੍ਰਤੀਤ ਹੁੰਦਾ ਹੈ ਕਿ ਸ਼ੇਖ ਫ਼ਰੀਦ ਨੂੰ, ਭਗਤ-ਸ਼੍ਰੇਣੀ ਦੇ ਨਾਲ ਇੱਕੋ ਛਤਰ ਹੇਠ ਬਿਠਾਉਣ ਦੇ ਬਾਵਜੂਦ ਉਨ੍ਹਾਂ ਤੋਂ ਉਸ ਦੀ ਵਿਲੱਖਣਤਾ ਵੀ ਕਿਸੇ ਹੱਦ ਤੱਕ ਪ੍ਰਵਾਨ ਕੀਤੀ ਗਈ ਹੈ । ਇਹ ਕਥਨ ਅੱਗੇ-ਦਿੱਤੇ ਕੁਝ ਸਿਰ-ਲੇਖਾਂ ਤੋਂ ਸਪਸ਼ਟ ਹੋ ਜਾਣਾ ਚਾਹੀਦਾ ਹੈ :[11]

ਗਉੜੀ ਰਾਗ ਵਿਚ ਜਿੱਥੇ ਗੁਰੂ ਅਰਜਨ ਦੇਵ ਜੀ ਦੀ ਬਾਣੀ ਮੁਕਦੀ ਹੈ, ਓਥੇ ਮੰਗਲ ਦੇ ਪਿੱਛੋਂ ਇਹ ਸੂਚਨਾ ਦਿੱਤੀ ਹੋਈ ਹੈ : "ਰਾਗ ਗਉੜੀ ਭਗਤਾਂ ਕੀ ਬਾਣੀ" (ਸਫ਼ਾ 323)

ਉਪਰੰਤ, ਕ੍ਰਮਵਾਰ, ਭਗਤ ਕਬੀਰ, ਨਾਮਦੇਉ ਤੇ ਰਵਿਦਾਸ ਦੀ ਬਾਣੀ ਦਰਜ ਹੈ । ਇਨ੍ਹਾਂ ਤਿੰਨਾਂ ਲਈ, ਇਨ੍ਹਾਂ ਦੀਆਂ ਬਾਣੀਆਂ ਦੇ ਉੱਤੇ ਦਿੱਤੇ ਹੋਏ ਸਿਰ-ਲੇਖਾਂ ਵਿਚ ਕਿਤੇ ਵੀ 'ਭਗਤ' ਜਾਂ ਕਿਸੇ ਹੋਰ ਵਿਸ਼ੇਸ਼ਣ ਦੀ ਵਰਤੋਂ ਕੀਤੀ ਨਹੀਂ ਮਿਲਦੀ, ਪਰ ਤਿੰਨਾਂ ਭਗਤਾਂ ਦੀ ਬਾਣੀ ਉਤਲੇ ਸਾਂਝੇ ਸਿਰ-ਲੇਖ ਤੋਂ ਸਪਸ਼ਟ ਹੈ ਕਿ ਸੰਪਾਦਕ ਨੇ, ਕਬੀਰ, ਨਾਮਦੇਉ ਤੇ ਰਵਿਦਾਸ, ਤਿੰਨਾਂ ਨੂੰ 'ਭਗਤ' ਮੰਨਿਆ ਹੈ ।

ਸਲੋਕਾਂ ਨੂੰ ਛੱਡ ਕੇ, ਬਾਬਾ ਫ਼ਰੀਦ ਜੀ ਦੀ ਬਾਕੀ ਸਾਰੀ ਬਾਣੀ, ਗੁਰੂ ਗ੍ਰੰਥ ਸਾਹਿਬ ਵਿਚ ਦੋ ਰਾਗਾਂ ਹੇਠ ਮਿਲਦੀ ਹੈ—ਰਾਗ ਆਸਾ ਤੇ ਰਾਗ ਸੂਹੀ । ਰਾਗ ਆਸਾ ਵਿਚ, ਗੁਰੂ ਨਾਨਕ ਸਾਹਿਬ ਦੀ ਵਾਰ ਤੋਂ ਪਿੱਛੋਂ ਭਗਤ-ਬਾਣੀ ਦਾ ਆਰੰਭ ਹੁੰਦਾ ਹੈ । ਓਥੇ ਮੰਗਲ ਦੇ ਕੇ ਇਉਂ ਸੂਚਨਾ ਦਿੱਤੀ ਹੋਈ ਹੈ : "ਰਾਗ ਆਸਾ ਬਾਣੀ ਭਗਤਾਂ ਕੀ" (ਸਫ਼ਾ 475) ਇਸ ਰਾਗ ਵਿਚ 'ਕਬੀਰ ਜੀਉ', 'ਨਾਮਦੇਉ ਜੀਉ' ਤੇ 'ਰਵਿਦਾਸ ਜੀਉ ਤੋਂ ਛੁੱਟ ਦੋ ਹੋਰ ਨਾਂ ਆਉਂਦੇ ਹਨ : 'ਭਗਤ ਧੰਨਾ' ਤੇ 'ਸ਼ੇਖ ਫਰੀਦ ਜੀਉ' । ਸਪਸ਼ਟ ਹੈ ਕਿ 'ਸ਼ੇਖ ਫ਼ਰੀਦ ਜੀਉ' ਨੂੰ ਇਸ ਥਾਂ ਸ਼ਾਮਿਲ ਕਰਨ ਵੇਲੇ 'ਭਗਤ' ਸਿਰ-ਲੇਖ ਉਸ ਉੱਤੇ ਵੀ ਉਸੇ ਤਰ੍ਹਾਂ ਲਾਗੂ ਕੀਤਾ ਹੈ, ਜਿਵੇਂ ਕਬੀਰ ਜੀ, ਨਾਮਦੇਉ ਜੀ, ਰਵਿਦਾਸ ਜੀ ਤੇ ਧੰਨਾ ਜੀ ਉੱਤੇ ਕੀਤਾ ਹੈ, ਭਾਵੇਂ 'ਸ਼ੇਖ' ਵਾਲੀ ਉਪਾਧੀ ਦੇ ਕੇ ਉਸ ਦੇ ਬਾਕੀਆਂ ਨਾਲੋਂ ਵੱਖਰੇ ਹੋਣ ਦੀ ਸੂਚਨਾ ਵੀ ਨਾਲ ਹੀ ਦੇ ਦਿੱਤੀ ਹੈ ।

ਰਾਗ ਸੂਹੀ ਦੀ ਭਗਤ-ਬਾਣੀ ਦਾ ਆਰੰਭ, ਮੰਗਲ ਉਪਰੰਤ, ਇਸ ਤਰ੍ਹਾਂ ਹੋਇਆ ਹੈ : "ਰਾਗ ਸੂਹੀ ਬਾਣੀ ਸ੍ਰੀ ਕਬੀਰ ਜੀਉ ਤਥਾ ਸਭਨਾ ਭਗਤਾ ਕੀ" (ਸਫ਼ਾ 792) ਅੱਗੋਂ ਬਾਣੀ ਦੀ ਤਰਤੀਬ ਹੈ : (1) ਕਬੀਰ (2) ਸ੍ਰੀ ਰਵਿਦਾਸ (3) ਸ਼ੇਖ ਫਰੀਦ । ਏਥੇ ਵੀ ਰਾਗ ਆਸਾ ਵਾਂਗ, ਫਰੀਦ ਨੂੰ ਭਗਤਾਂ ਦੀ ਸ਼੍ਰੇਣੀ ਵਿਚ ਥਾਂ ਦੇ ਕੇ ਉਸ ਦੇ 'ਸ਼ੇਖ' ਹੋਣ ਦਾ ਪਤਾ ਦਿੱਤਾ ਹੋਇਆ ਹੈ ।

ਸਲੋਕਾਂ ਵਿਚ ਕ੍ਰਮਵਾਰ, ਸਿਰ-ਲੇਖ ਇਸ ਤਰ੍ਹਾਂ ਹਨ : (1) ਸਲੋਕ ਭਗਤ ਕਬੀਰ ਜੀਉ ਕੇ (2) ਸਲੋਕ ਸ਼ੇਖ ਫਰੀਦ ਕੇ । ਇਉਂ, ਬਾਬਾ ਫ਼ਰੀਦ ਨੂੰ ਤਿੰਨਾਂ ਹੀ ਥਾਵਾਂ ਉੱਤੇ ਸ਼ੇਖ ਵਿਸ਼ੇਸ਼ਣ ਨਾਲ ਯਾਦ ਫਰਮਾਇਆ ਗਿਆ ਹੈ । ਧਿਆਨ-ਯੋਗ ਗੱਲ ਇਹ ਹੈ ਕਿ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਫ਼ਰੀਦ ਤੋਂ ਛੁੱਟ ਕਿਸੇ ਹੋਰ ਬਾਣੀਕਾਰ ਨਾਲ 'ਸ਼ੇਖ' ਪਦ ਨਹੀਂ ਵਰਤਿਆ ਗਿਆ ।

ਅਸੀਂ ਜਾਣਦੇ ਹਾਂ ਕਿ 'ਸ਼ੇਖ' ਸੂਫੀ ਵੱਡਿਕਿਆਂ ਲਈ ਵਰਤਿਆ ਜਾਣ ਵਾਲਾ ਆਦਰ-ਵਾਚੀ ਸ਼ਬਦ ਹੈ । 'ਸ਼ੇਖ' ਅਬਦੁਲ-ਕਾਦਿਰ ਜੀਲਾਨੀ (ਕਾਦਿਰੀ), 'ਸ਼ੇਖ' ਸ਼ਿਹਾਬੁਦ-ਦੀਨ (ਸੁਹਰਵਰਦੀ), 'ਸ਼ੇਖ' ਮੁਈਨੁੱਦਦੀਨ ਸਿਜਜ਼ੀ (ਚਿਸ਼ਤੀ). ਸਭ ਮਹਾਨ ਸੂਫੀ ਆਗੂ ਹੋਏ ਹਨ ਤੇ ਸਦਾ 'ਸ਼ੇਖ' ਪਦ ਨਾਲ ਯਾਦ ਕੀਤੇ ਜਾਂਦੇ ਰਹੇ ਹਨ । ਇਸ ਪੱਖੋਂ ਵੇਖਿਆਂ ਇਉਂ ਦਿੱਸਦਾ ਹੈ ਕਿ ਬਾਬਾ ਫਰੀਦ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਉਸ ਦੇ ਸੂਫ਼ੀਪੁਣੇ ਕਰਕੇ ਥਾਂ ਪ੍ਰਾਪਤ ਹੋਈ । ਇਹ ਵੀ ਸਪਸ਼ਟ ਹੀ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਦ੍ਰਿਸ਼ਟੀ ਵਿਚ ਇਸਲਾਮੀ ਜਗਤ ਦੀ ਭਗਤੀ ਲਹਿਰ, ਵਿਸ਼ੇਸ਼ ਕਰਕੇ ਚਿਸ਼ਤੀ ਮਤ ਵਾਲੀ ਵਿਚ, ਤੇ ਹਿੰਦੂ ਜਗਤ ਦੀ ਭਗਤੀ ਲਹਿਰ, ਵਿਸ਼ੇਸ਼ ਕਰਕੇ ਗੁਰਮਤਿ ਦੇ ਸਰੂਪ ਵਾਲੀ ਵਿਚ, ਇਕ ਬੁਨਿਆਦੀ ਸਾਂਝ ਸੀ ਤੇ, ਸਾਡੀ ਜਾਚੇ. ਇਸੇ ਬੁਨਿਆਦੀ ਸਾਂਝ ਕਰਕੇ ਬਾਬਾ ਫ਼ਰੀਦ ਨੂੰ ਗੁਰੂ ਗ੍ਰੰਥ ਸਾਹਿਬ ਦੇ ਭਗਤ-ਗਣ ਵਿਚ ਸਥਾਨ ਮਿਲ ਸੱਕਿਆ ।

**4**. ਹੁਣ ਅਸੀਂ ਜ਼ਰਾ ਵੇਰਵੇ ਨਾਲ ਵੇਖਣਾ ਚਾਹਾਂਗੇ ਕਿ ਜਿਸ ਫ਼ਰੀਦੀ ਕਲਾਮ ਨੂੰ ਗੁਰੂ-ਸੰਪਾਦਕ ਨੇ ਆਪਣੇ ਧਰਮ ਦੇ ਮੁੱਖ ਗ੍ਰੰਥ ਵਿਚ ਥਾਂ ਦਿੱਤੀ, ਕੀ ਉਹ ਸੱਚ ਮੁਚ ਉਨ੍ਹਾਂ ਦੇ ਆਪਣੇ ਮਤ ਦੀਆਂ ਜੜ੍ਹਾਂ ਕੱਟਣ ਵਾਲਾ ਹੈ, ਜਿਵੇਂ ਕਿ ਗਿਆਨੀ ਲਾਲ ਸਿੰਘ ਜਾਂ ਕਵੀਰਾਜ ਨਾਰਾਇਣ ਸਿੰਘ ਹੁਰਾਂ ਨੇ ਸਮਝਿਆ ਹੈ ?

ਸਲੋਕਾਂ ਤੇ ਸ਼ਬਦਾਂ ਵਿਚ ਬਾਬਾ ਫ਼ਰੀਦ ਦਾ ਇਸਲਾਮੀ ਰੰਗ ਦੋ ਤਰ੍ਹਾਂ ਨਾਲ ਪ੍ਰਗਟ ਹੁੰਦਾ ਹੈ : ਇਕ, ਨਿਰੋਲ ਇਸਲਾਮੀ ਮਨੋਤ-ਪ੍ਰਬੰਧ ਦੇ ਸ਼ਬਦਾਂ ਦੀ ਸਹਿਜ-ਸੁਭਾ ਵਰਤੋਂ ਰਾਹੀਂ, ਜਿਵੇਂ. "ਮਲਕੁ, ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ" (ਸਫ਼ਾ 1377) ਵਿਚ 'ਮਲਕੁ' (ਫ਼ਰਿਸ਼ਤਾ), ਅਰਥਾਤ ਮੌਤ ਦਾ ਫ਼ਰਿਸ਼ਤਾ (ਇਜ਼ਰਾਈਲ)[12] । ਇਸੇ ਤਰ੍ਹਾਂ "ਵਾਲਹੁ ਨਿਕੀ ਪੁਰਸਲਾਤ" (ਸਫ਼ਾ 1377) ਵਿਚ 'ਪੁਰਸਲਾਤ' (=ਪੁਲਿ ਸਰਾਤ), "ਜੋ ਸ਼ੈਤਾਨਿ ਵੰਞਾਇਆ" (ਸਫ਼ਾ 1378)ਵਿਚ 'ਸ਼ੈਤਾਨਿ' (ਸ਼ੈਤਾਨ) ਤੇ "ਅੱਗੇ ਦੋਜਕੁ ਤਪਿਆ" ਵਿਚ 'ਦੋਜੁਕ' (ਦੋਜ਼ਖ਼) (ਸਫ਼ਾ 1383), ਆਦਿ । ਇਹ ਸਾਰੇ ਸ਼ਬਦ ਇਸਲਾਮੀ ਧਾਰਮਿਕ ਸ਼ਬਦ-ਕੋਸ਼ ਵਿਚੋਂ ਆਏ ਹੋਏ ਹਨ । ਇਸੇ ਤਰ੍ਹਾਂ 'ਗੋਰ', 'ਨਿਵਾਜ' (ਨਮਾਜ਼), 'ਮਸੀਤ' (ਮਸਜਿਦ) ਤੇ 'ਉਜੂ' (ਵੁਜ਼ੂ), ਵਰਗੇ ਸ਼ਬਦ ਵੀ ਇਸੇ ਸੋਮੇਂ ਵਿਚੋਂ ਸਾਡੇ ਤੱਕ ਪਹੁੰਚੇ ਹਨ, ਪਰ ਕੇਵਲ ਇਸ ਲਈ ਕਿ ਫ਼ਰੀਦ-ਬਾਣੀ ਵਿਚ ਇਨ੍ਹਾਂ ਸ਼ਬਦਾਂ ਦੀ ਵਰਤੋਂ ਹੋਈ ਹੈ ਕਿਸੇ ਨੂੰ ਇਸ ਬਾਣੀ ਦੇ ਵਿਰੁਧ ਹੋਣ ਦੀ ਲੋੜ ਨਹੀਂ, ਕਿਉਂਕਿ ਇਸਲਾਮੀ ਸ਼ਬਦਾਵਲੀ ਤਾਂ ਗੁਰੂ ਸਾਹਿਬਾਨ ਦੀ ਬਾਣੀ ਵਿਚ ਵੀ ਵਰਤੀ ਹੋਈ ਮਿਲ ਜਾਂਦੀ ਹੈ । ਬਾਬਾ ਜੀ ਦੇ ਵਿਰੋਧੀਆਂ ਦਾ ਅਸਲ ਇਤਰਾਜ਼ ਏਨਾ ਸ਼ਬਦਾਵਲੀ ਬਾਰੇ ਨਹੀਂ, ਜਿੰਨ੍ਹਾਂ ਬਾਬਾ ਜੀ ਦੇ ਇਸਲਾਮੀ ਵਿਸ਼ਵਾਸਾਂ ਬਾਰੇ ਹੈ । ਮਸਲਨ, ਇਸਲਾਮੀ ਰਿਵਾਜ ਅਨੁਸਾਰ ਮੁਰਦੇ ਕਬਰਾਂ ਵਿਚ ਦੱਬੇ ਜਾਂਦੇ ਹਨ, ਫੂਕੇ ਨਹੀਂ ਜਾਂਦੇ; ਸਭ ਨੂੰ ਇਨ੍ਹਾਂ ਕਬਰਾਂ ਵਿਚੋਂ ਕਿਆਮਤ ਵਾਲੇ ਦਿਨ ਮੁੜ ਕੇ ਖੜੇ ਹੋਣਾ ਪੈਣਾ ਹੈ । ਆਵਾਗਉਣ ਦੇ ਵਿਸ਼ਵਾਸੀ ਕਿਆਮਤ ਤੱਕ ਕਬਰ ਵਿਚ ਪਏ ਰਹਿਣ ਵਾਲੀ ਗੱਲ ਨਹੀਂ ਮੰਨਦੇ । ਇਸ ਲਈ, ਪਹਿਲੀ ਨਜ਼ਰੇ ਲਗਦਾ ਹੈ ਕਿ ਬਾਬਾ ਫ਼ਰੀਦ ਇਕ ਗੱਲ ਮੰਨਦਾ ਹੈ ਤੇ ਗੁਰੂ ਸਾਹਿਬਾਨ ਦੂਜੀ ਗੱਲ । ਪਰ ਵੇਖਣ ਵਾਲੀ ਗੱਲ ਇਹ



ਹੈ ਕਿ ਬਾਬਾ ਫ਼ਰੀਦ ਦੀ ਬਾਣੀ ਵਿਚ ਜਿੱਥੇ ਕਿਤੇ ਕਬਰ ਦੀ ਗੱਲ ਛਿੜੀ ਹੈ ਓਥੇ ਉਹ ਹੈ ਆਪਣੇ ਇਸਲਾਮੀ ਮੁਹਾਵਰੇ ਵਿਚ, ਜੋ ਉਸ ਲਈ ਕੁਦਰਤੀ ਸੀ । ਕਿਹਾ ਕੀ ਹੈ ? ਨਿਰਣੇ ਲਈ ਇਹ ਹਵਾਲੇ ਇਕ ਇਕ ਕਰਕੇ ਵੇਖਦੇ ਹਾਂ :

1. ਪਾਸਿ ਦਮਾਮੇ, ਛਤੁ ਸਿਰਿ, ਭੇਰੀ ਸਡੋ ਰਡ । ਜਾਇ ਸੁਤੇ ਜੀਰਾਣ ਮਹਿ ਥੀਏ ਅਤੀਮਾ ਗਡ (45)
ਇਸ ਸਲੋਕ ਵਿਚ ਰਾਜਾ-ਸ਼੍ਰੇਣੀ ਦਾ ਅੰਤ ਯਤੀਮਾਂ ਵਾਂਗ ਹੁੰਦਾ ਦ੍ਰਿੜਾਇਆ ਹੈ ਤਾਂ ਜੋ ਲੋਕ ਆਪਣਾ ਸਾਰਾ ਜੀਵਨ 'ਦਮਾਮੇ', 'ਛਤੁ', 'ਭੇਰੀ', 'ਸਡੋ' ਤੇ 'ਰਡ' ਦੀ ਫੋਕੀ ਸ਼ਾਨ ਵਿਚ ਹੀ ਨਾ ਗਾਲ ਦੇਣ, ਹੋਰ ਉਚੇਰੀਆਂ ਕਦਰਾਂ ਵੱਲ ਧਿਆਨ ਦੇਣ ਲਈ ਵੀ ਸਮਾਂ ਕੱਢਣ ।
2. ਫਰੀਦਾ ਕੋਠੇ ਮੰਡਪ ਮਾੜੀਆ ਉਸਾਰੇਦੇ ਭੀ ਗਏ । ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ(46)
ਇਹ ਸਲੋਕ ਪਹਿਲੇ ਸਲੋਕ ਦਾ ਸਮਾਨਾਰਥ ਹੀ ਹੈ ।
3. ਫਰੀਦਾ ਨੰਢੀ ਕੰਤੁ ਨਾ ਰਾਵਿਓ ਵਡੀ ਥੀ ਮੁਈਆਸੁ ।
ਧਨ ਕੂਕੇਂਦੀ ਗੋਰ ਮੇਂ ਤੇ ਸਹ ਨਾ ਮਿਲੀਆਸੁ (54)
ਅੱਲਹ ਨਾਲ ਵਸਲ ਦੇ ਜਤਨ ਨੂੰ ਪਿਛਲੇਰੀ ਉਮਰ ਲਈ ਮੁਲਤਵੀ ਨਹੀਂ ਕੀਤਾ ਜਾ ਸਕਦਾ, ਕਿਉਂਕਿ ਮੌਤ ਦਾ ਕੋਈ ਪਤਾ ਨਹੀਂ ਕਦੋਂ ਆ ਸੰਘੀ ਘੁੱਟੇ । ਮੌਕਾ ਖੁੰਝਾ ਲਿਆ ਤਾਂ ਫੇਰ ਪੱਲੇ ਝੋਰਾ ਹੀ ਝੋਰਾ ਰਹਿ ਜਾਵੇਗਾ ।
4. ਫ਼ਰੀਦਾ ਕੋਠੇ ਮੰਡਪ ਮਾੜੀਆਂ ਏਤੁ ਨਾ ਲਾਏ ਚਿਤੁ/ਮਿੱਟੀ ਪਈ ਅਤੋਲਵੀ ਕੋਇ ਨਾ ਹੋਸੀ ਮਿਤੁ(57)
ਅਰਥ ਸਪਸ਼ਟ ਹਨ; ਉਪਰਲੇ 1 ਤੇ 2 ਵਾਲੇ ਸਲੋਕਾਂ ਦੇ ਭਾਵਾਂ ਦਾ ਹੀ ਦੁਹਰਾਉ ਹੈ ।
5. ਫ਼ਰੀਦਾ ਇਟ ਸਿਰਾਣੇ, ਭੁਇ ਸਵਣੁ ਕੀੜਾ ਲੜਿਓ ਮਾਸਿ ।
ਕੇਤੜਿਆਂ ਜੁਗ ਵਾਪਰੇ ਇਕਤੁ ਪਾਇਆ ਪਾਸਿ (67)
ਕਬਰ ਵਿਚ ਜੋ ਹਾਲ ਹੋਣਾ ਹੈ, ਉਹ ਤਾਂ ਸਪਸ਼ਟ ਹੀ ਹੈ, ਇਸ ਤੋਂ ਬਚਣ ਲਈ ਜੋ ਕੁਝ ਵੀ ਹੋ ਸਕਦਾ ਹੈ, ਉਹ ਜੀਉਂਦੇ ਜੀ ਹੋ ਸਕਦਾ ਹੈ । ਖੱਟਣ-ਕਮਾਉਣ ਦੇ ਵੇਲੇ ਸੌਂ ਜਾਣ ਵਾਲਿਆਂ ਨੂੰ ਲੰਮੀ ਭਿਆਨਕ ਦਸ਼ਾ ਦਾ ਡਰਾਵਾ ਦਿੱਤਾ ਹੈ ।
6. ਫਰੀਦਾ ਗੋਰ ਨਿਮਾਣੀ ਸਡੁ ਕਰੇ ਨਿਘਰਿਆ ਘਰਿ ਆਉ ।
ਸਰ ਪਰ ਮੈਥੈ ਆਵਣਾ, ਮਰਣਹੁ ਨਾ ਡਰਿਆਹੁ (93)
ਉਪਰਲੇ ਸਲੋਕਾਂ ਵਿਚ ਮੌਤ ਦੇ ਡਰਾਵੇ ਤੋਂ ਕੰਮ ਲਿਆ ਸੀ; ਏਥੇ ਬਾਬਾ ਫ਼ਰੀਦ ਮੌਤ ਦੀ ਅਟਲਤਾ ਨੂੰ ਸਵੀਕਾਰ ਕਰਨ ਵੱਲ ਪ੍ਰੇਰ ਰਹੇ ਹਨ ।
7. ਫਰੀਦਾ ਮਹਲ ਨਿਸਖਣ ਰਹਿ ਗਏ ਵਾਸਾ ਆਇਆ ਤਲਿ । ਗੋਰਾਂ ਸੇ ਨਿਮਾਣੀਆਂ ਬਹਸਨਿ ਰੂਹਾਂ ਮਲਿ । ਆਖੀ ਸੇਖਾਂ ਬੰਦਗੀ ਚਲਣੁ ਅਜੁ ਕਿ ਕਲਿ (97) ਇਕ ਪਾਸੇ ਖ਼ੂਬਸੂਰਤ ਮਹੱਲ, ਦੂਜੇ ਪਾਸੇ ਨਿਮਾਣੀਆਂ ਕਬਰਾਂ । ਬਾਬਾ ਜੀ ਦਾ ਨਤੀਜਾ ? ਵੇਲੇ ਸਿਰ ਬੰਦਗੀ । ਇਨ੍ਹਾਂ ਸਲੋਕਾਂ ਵਿਚ ਕੱਢੇ ਸਾਰੇ ਤੱਤ, ਗੁਰੂ ਸਾਹਿਬ ਨੂੰ ਪਰਵਾਨ ਸਨ । ਹੋਰ ਵੀ ਜਿੱਥੇ ਕਿਤੇ ਕਬਰ ਵਾਲੇ ਬਿੰਬ ਦੀ ਵਰਤੋਂ ਕੀਤੀ ਗਈ ਹੈ, ਕੋਈ ਨਾ ਕੋਈ ਐਸਾ ਤੱਤ ਹੀ ਕੱਢਿਆ ਗਿਆ ਹੈ, ਜਿਸ ਨੂੰ ਗੁਰੂ ਸਾਹਿਬਾਨ ਪਰਵਾਨ ਕਰਦੇ ਸਨ ।

ਦੂਜਾ ਵੱਡਾ ਇਸਲਾਮੀ ਹਵਾਲਾ ਨਮਾਜ਼ ਨਾਲ ਸੰਬੰਧਿਤ ਹੈ । 'ਨਮਾਜ਼' ਦੇ ਕੋਸ਼ੀ ਅਰਥ ਹਨ, ਮੱਥਾ ਟੇਕਣਾ, ਸਿਰ ਨਿਵਾਉਣਾ, ਆਪਣੀ ਦਾਸਤਾ ਦਾ ਪ੍ਰਗਟਾਵਾ ਕਰਨਾ, ਆਦਿ । ਨਮਾਜ਼ ਵਾਲੇ ਸਲੋਕ ਇਸ ਤਰ੍ਹਾਂ ਹਨ : (ੳ) ਫਰੀਦਾ ਬੇ ਨਿਵਾਜਾ ਕੁਤਿਆ ਏਹ ਨਾ ਭਲੀ ਰੀਤਿ । ਕਬਹੀ ਚਲਿ ਨਾ ਆਇਆ ਪੰਜੇ ਵਖਤ ਮਸੀਤਿ (70) (ਅ) ਉਠੁ ਫਰੀਦਾ ਉਜੂ ਸਾਜਿ ਸੁਬਹ ਨਿਵਾਜ ਗੁਜਾਰਿ ।

ਜੋ ਸਿਰੁ ਸਾਂਈ ਨਾ ਨਿਵੈ ਸੋ ਸਿਰੁ ਕਪਿ ਉਤਾਰਿ । (71) (ੲ) ਜੋਸਿਰੁ ਸਾਂਈ ਨਾ ਨਿਵੈ ਸੋ ਸਿਰੁ ਕੀਜੈ ਕਾਂਇ । ਕੁੰਨੇ ਹੇਠਿ ਜਲਾਈਐ ਬਾਲਣ ਸੰਦੈ ਥਾਇ (72) ਸੱਤਰਵੇਂ ਸਲੋਕ ਵਿਚ ਪੰਜੇ ਵੇਲੇ ਮਸੀਤ ਵਿਚ ਪਹੁੰਚ ਕੇ ਨਮਾਜ਼ ਪੜ੍ਹਨ ਲਈ ਕਿਹਾ ਹੈ, ਪਰ ਨਾਲ ਹੀ ਸਪਸ਼ਟ ਕਰ ਦਿੱਤਾ ਹੈ ਕਿ ਨਮਾਜ਼ ਦਾ ਅਰਥ ਹੈ, 'ਸਾਈਂ ਅੱਗੇ ਸਿਰ ਨਿਵਾਉਣਾ' । ਬਹੱਤਰਵੇਂ ਸਲੋਕ ਵਿਚ ਇਸੇ ਨੁਕਤੇ ਨੂੰ ਹੋਰ ਵਧੇਰੇ ਸਪਸ਼ਟ ਕਰ ਦਿੱਤਾ ਗਿਆ ਹੈ : ਜੋ ਧੌਣ ਆਪਣੇ ਸਾਈਂ ਅੱਗੇ ਨਹੀਂ ਨਿਉਂਦੀ ਉਸ ਨੂੰ ਤਾਂ ਨਿਰਾ ਬਾਲਣ ਹੀ ਸਮਝਣਾ ਚਾਹੀਦਾ ਹੈ । ਬਾਬਾ ਫ਼ਰੀਦ, ਇਨ੍ਹਾਂ ਸਲੋਕਾਂ ਵਿਚ, 'ਨਮਾਜ਼' ਨੂੰ ਸਾਈਂ ਦੀ ਵਡਿਆਈ ਦੇ ਸਾਹਮਣੇ ਆਪਣੀ ਤੁੱਛਤਾ ਜਤਾਉਣ ਦਾ ਸਾਧਨ ਤੇ ਹਉਂ ਨੂੰ ਸਾਈਂ ਦੇ ਭੈ ਵਿਚ ਨਿਵਾਈ ਰੱਖਣ ਦਾ ਇਕ ਢੰਗ ਸਮਝਦੇ ਦਿੱਸ ਰਹੇ ਹਨ। ਅੱਜ ਤੱਕ ਕਦੇ ਕਿਸੇ ਸਿੱਖ ਜਾਂ ਸਹਿਜ-ਧਾਰੀ ਨੇ ਬਾਬਾ ਫ਼ਰੀਦ ਦੇ ਇਨ੍ਹਾਂ ਤਿੰਨਾਂ ਸਲੋਕਾਂ ਤੋਂ ਪ੍ਰੇਰਿਤ ਹੋ ਕੇ ਨਮਾਜ਼ ਪੜ੍ਹਨੀ ਸ਼ੁਰੂ ਨਹੀਂ ਕੀਤੀ। ਕਾਰਨ ਇਹ ਹੈ ਕਿ ਹਰ ਸ਼ਰਧਾਲੂ ਜਾਣਦਾ ਹੈ ਕਿ ਬਾਬਾ ਫ਼ਰੀਦ, ਸਾਈਂ ਅੱਗੇ ਨਿਉਣ ਦੀ ਗੱਲ ਉੱਤੇ ਜ਼ੋਰ ਦੇ ਰਿਹਾ ਹੈ, ਪਰ ਦੇ ਰਿਹਾ ਹੈ ਆਪਣੇ ਇਸਲਾਮੀ ਮੁਹਾਵਰੇ ਵਿਚ । ਇਸੇ ਕਰਕੇ ਇਸ ਥਾਂ ਅਰਥ, ਨਮਾਜ਼ ਦੀ ਰਸਮ ਵਾਲੇ ਨਹੀਂ, ਉਸ ਦੇ ਤੱਤ-ਭਾਵ ਵਾਲੇ ਕਰਨੇ ਪੈਣਗੇ । ਨਮਾਜ਼ ਵਿਚਲੇ ਬੁਨਿਆਦੀ ਅਸੂਲ ਨੂੰ ਤਾਂ ਗੁਰੂ ਨਾਨਕ ਸਾਹਿਬ ਨੇ ਵੀ ਪ੍ਰਵਾਨ ਕੀਤਾ ਹੈ; ਜੇ ਨਿੰਦਾ ਕੀਤੀ ਹੈ ਤਾਂ ਫੋਕਟ ਰਸਮ ਜਾਂ ਭੇਖ ਦੀ ਕੀਤੀ ਹੈ। ਇਸ ਲਈ ਸਾਡਾ ਵਿਚਾਰ ਹੈ ਕਿ ਬਾਬਾ ਫ਼ਰੀਦ ਦੇ ਇਨ੍ਹਾਂ ਸਲੋਕਾਂ ਦੇ ਤਾਤਵਿਕ ਅਰਥਾਂ ਤੋਂ ਅਣਗਹਿਲੇ ਹੋ ਕੇ ਕੇਵਲ ਸ਼ਾਬਦਿਕ ਅਰਥਾਂ ਉੱਤੇ ਬਲ ਦੇਣ ਕਾਰਨ ਹੀ ਕੁਝ ਵਿਦਵਾਨਾਂ ਨੂੰ ਬਾਬਾ ਫ਼ਰੀਦ ਦੇ ਸਮਝਣ ਵਿਚ ਟਪਲਾ ਲਗਾ ਹੈ, ਵਰਨਾ ਸ਼ਾਬਦਿਕ ਅਰਥਾਂ ਦਾ ਲੜ ਫੜਿਆਂ ਤਾਂ ਸ਼ਾਇਦ ਗੁਰੂ ਸਾਹਿਬਾਨ ਦੀ ਆਪਣੀ ਬਾਣੀ ਨੂੰ ਸਮਝਣਾ ਵੀ ਔਖਾ ਹੋ ਜਾਵੇ ।

ਜੇ ਤਾਂ ਗੁਰੂ-ਸਵੀਕਾਰਤਾ ਵਿਰੁਧ ਕੇਵਲ ਇਹੀ ਇਤਰਾਜ਼ ਹਨ ਤਦ ਤਾਂ ਇਨ੍ਹਾਂ ਵਿਚ ਕੋਈ ਬਹੁਤਾ ਵਜ਼ਨ ਨਹੀਂ ਹੈ, ਪਰ ਜੇ ਕਲ੍ਹ ਨੂੰ, ਬਹੁਤ ਪ੍ਰਮਾਣਿਕ, ਸੰਨ-ਸੰਮਤ ਵਾਲੀਆਂ ਬੀੜਾਂ ਦੇ ਆਧਾਰ ਉੱਤੇ ਇਹ ਸਿੱਧ ਕਰਨ ਦਾ ਦਾਅਵਾ ਕੀਤਾ ਜਾਵੇ ਕਿ ਬਾਬਾ ਫ਼ਰੀਦ ਦੀ ਬਾਣੀ ਮੂਲ ਪੋਥੀ ਦਾ ਭਾਗ ਨਹੀਂ ਸੀ, ਤਾਂ ਇਸ ਬਾਰੇ ਕੋਈ ਨਿਰਣਾ ਦੇਣਾ ਗਵਾਹੀ ਦੇ ਚਾਨਣ ਵਿਚ ਹੀ ਸੰਭਵ ਹੋਵੇਗਾ, ਪਰ ਇਸ ਵੇਲੇ, ਐਸੀ ਕਲਪਿਤ ਦਸ਼ਾ ਬਾਰੇ ਕੁਝ ਕਹਿਣਾ ਔਖਾ ਹੈ । ਸੋ, ਅਜੇ ਸਾਡਾ ਨਿਰਣਾ ਇਹੀ ਹੈ ਕਿ ਬਾਬਾ ਫ਼ਰੀਦ ਦੀ ਬਾਣੀ ਨੂੰ ਗੁਰੂ ਅਰਜਨ ਸਾਹਿਬ ਨੇ ਖ਼ੁਦ ਆਦਿ ਪੋਥੀ ਵਿਚ ਸ਼ਾਮਿਲ ਕੀਤਾ ਸੀ ।

**5.** ਸੂਫ਼ੀਆਂ ਵਿਚੋਂ ਇਸ ਸੂਫ਼ੀ, ਬਾਬਾ ਫ਼ਰੀਦ ਦੀ ਕਿਹੜੀ ਗੱਲ ਸੀ ਜਿਸ ਨੇ ਗੁਰੂ ਅਰਜਨ ਸਾਹਿਬ ਦਾ ਉਚੇਚਾ ਸਤਿਕਾਰ ਆਪਣੇ ਵੱਲ ਖਿੱਚਿਆ ? ਇਸ ਨੁਕਤੇ ਨੂੰ ਸਮਝਣ ਲਈ ਚਿਸ਼ਤੀ ਸੰਪ੍ਰਦਾਇ ਦੀਆਂ ਕੁਝ ਪਰੰਪਰਾਵਾਂ ਵੱਲ ਧਿਆਨ ਦੇਣ ਦੀ ਲੋੜ ਹੈ : (1) ਚਿਸ਼ਤੀ ਆਗੂ ਗ੍ਰਿਹਸਥੀ ਹੁੰਦੇ ਸਨ । (2) ਚਿਸ਼ਤੀ ਸੰਪ੍ਰਦਾਇ ਦਾ, ਮੁਰਸ਼ਦ ਜਾਂ ਗੁਰੂ ਵਿਚ ਅਨਿੰਨ ਵਿਸ਼ਵਾਸ ਸੀ । (3) ਚਿਸ਼ਤੀ ਸੰਪ੍ਰਦਾਇ ਦੀ ਬਾਕਾਇਦਾ ਗੁਰ-ਗੱਦੀ ਚੱਲਦੀ ਰਹੀ । (4) ਗੱਦੀ ਦਾ ਵਾਰਿਸ ਨਿਯੁਕਤ ਕਰਨ ਦਾ ਅਧਿਕਾਰ ਗੱਦੀ ਉੱਤੇ ਬੈਠੇ ਸ਼ੇਖ ਨੂੰ ਹੁੰਦਾ ਸੀ । (5) ਉੱਤਰ-ਅਧਿਕਾਰੀ ਦਾ ਪਿਛਲੇ ਸ਼ੇਖ ਨਾਲ ਖ਼ੂਨ ਦਾ ਰਿਸ਼ਤਾ ਜ਼ਰੂਰੀ ਨਹੀਂ ਸੀ ਹੁੰਦਾ; ਸਭ ਤੋਂ ਯੋਗ ਚੇਲੇ ਨੂੰ ਸ਼ੇਖ ਥਾਪ ਦਿੱਤਾ ਜਾਂਦਾ ਸੀ । (6) ਇਸ ਸੰਪ੍ਰਦਾਇ ਵਿਚ ਸੰਗੀਤ-ਪ੍ਰੇਮ ਦੀ ਲੰਮੀ ਪਰੰਪਰਾ ਸੀ । (7) ਇਸ ਸੰਪ੍ਰਦਾਇ ਦੇ ਡੇਰਿਆਂ ਵਿਚ ਸਾਂਝੇ ਲੰਗਰ ਦਾ ਪ੍ਰਬੰਧ ਹੁੰਦਾ ਸੀ (8) ਚਿਸ਼ਤੀ ਆਗੂਆਂ ਦੇ ਗ਼ੈਰ-ਮੁਸਲਮਾਨਾਂ ਨਾਲ



ਕਾਫ਼ੀ ਸਨੇਹ-ਭਰੇ ਸੰਬੰਧ ਸਨ ।

ਇਹ ਸਾਰੇ ਗੁਣ-ਲੱਛਣ ਗੁਰੂ ਨਾਨਕ ਸਾਹਿਬ ਦੀ ਚਾਲੂ ਕੀਤੀ ਗੁਰੂ-ਪਰੰਪਰਾ ਵਿਚ ਵੀ ਮੌਜੂਦ ਹਨ । ਇਸ ਪਰੰਪਰਾ ਵਿਚ ਇਹ ਸਾਰੇ ਮੱਲ, ਸੁਤੇ-ਸਿੱਧ ਹੀ ਵਾਪਰ ਗਏ ਜਾਂ ਇਨ੍ਹਾਂ ਪਿੱਛੇ ਗੁਰੂ ਨਾਨਕ ਸਾਹਿਬ ਦੇ ਚਿਸ਼ਤੀ ਸੰਪ੍ਰਦਾਇ ਨਾਲ ਸਿੱਧੇ ਸੰਪਰਕ ਦਾ ਵੀ ਕੋਈ ਹੱਥ ਸੀ—ਇਸ ਸਵਾਲ ਦਾ ਅੰਤਿਮ ਨਿਰਣਾ ਕਰਨ ਲਈ ਅਜੇ ਵਧੇਰੇ ਖੋਜ ਦੀ ਲੋੜ ਹੈ । ਇਸ ਸੰਬੰਧ ਵਿਚ ਇਕ ਚੇਤੇ ਰੱਖਣ ਵਾਲੀ ਗੱਲ ਇਹ ਹੈ ਕਿ ਸੇਵਾ-ਪੰਥੀ ਸਿੱਖ ਸੰਪ੍ਰਦਾਇ ਦਾ ਚਿਸ਼ਤੀ ਸਾਹਿਤ ਨਾਲ ਸ਼ੁਰੂ ਤੋਂ ਹੀ ਉਚੇਚਾ ਪਿਆਰ ਰਿਹਾ ਹੈ । ਇਨ੍ਹਾਂ ਵਲੋਂ ਇਮਾਮ ਅਲੱਗਜ਼ਾਲੀ ਦੀ ਪ੍ਰਸਿੱਧ ਕਿਤਾਬ 'ਕੀਮੀਆ-ਇ-ਸਆਦਤ' ਦਾ ਅਨੁਵਾਦ, 'ਪਾਰਸ ਭਾਗ', ਵੀਹ-ਵਿਸਵੇ, ਇਸ ਲਈ ਕੀਤਾ ਤੇ ਅਪਣਾਇਆ ਗਿਆ ਕਿ ਉਹ ਚਿਸ਼ਤੀ ਸੰਪ੍ਰਦਾਇ ਦੀ ਇਕ ਆਦਰਯੋਗ ਪਾਠ-ਪੁਸਤਕ ਸੀ । ਚਿਸ਼ਤੀ ਸੰਪ੍ਰਦਾਇ ਦੇ ਸਾਰੇ ਸ਼ੇਖਾਂ ਬਾਰੇ ਸੂਚਨਾ ਤੇ ਉਨ੍ਹਾਂ ਦੇ ਕਥਨਾਂ ਦੇ ਪੰਜਾਬੀ ਰੂਪ ਵੀ ਸਾਡੇ ਤੱਕ ਸੇਵਾ-ਪੰਥੀਆਂ ਰਾਹੀਂ ਹੀ ਪਹੁੰਚੇ ਹਨ ।

ਚਿਸ਼ਤੀਆਂ ਨਾਲ ਸਾਂਝ ਤੋਂ ਛੁੱਟ, ਕੋਈ ਵੱਡੀ ਗੱਲ ਨਹੀਂ, ਇਕ ਹੋਰ ਨੁਕਤਾ ਵੀ ਗੁਰੂ-ਦ੍ਰਿਸ਼ਟੀ ਦੇ ਸਨਮੁਖ ਰਿਹਾ ਹੋਵੇ : 'ਪੋਥੀ' ਵਿਚ ਭਗਤ-ਬਾਣੀ ਨੂੰ ਥਾਂ ਦੇ ਕੇ, ਗੁਰੂ ਅਰਜਨ ਸਾਹਿਬ ਨੇ ਸਿਖਾਂ ਲਈ ਇਕ ਭਾਰਤ-ਮੁਖੀ ਖਿੜਕੀ ਖੋਲ੍ਹੀ ਸੀ । ਇਸ ਦੇ ਹੁੰਦਿਆਂ ਉਨ੍ਹਾਂ ਦੇ ਸਿੱਖ ਭਾਰਤ ਦੇ ਠੇਠ ਧਾਰਮਿਕ, ਦਾਰਸ਼ਨਿਕ ਤੇ ਸਾਂਸਕ੍ਰਿਤਕ ਮੁਹਾਵਰੇ ਨੂੰ ਬੜੇ ਸੌਖ ਨਾਲ ਸਮਝ ਸਕਦੇ ਸਨ । ਪਰ ਗੁਰੂ ਸਾਹਿਬ ਦੇ ਵੇਲੇ ਦੇ ਪੰਜਾਬ ਵਿਚ ਭਾਰਤ-ਮੁਖਤਾ ਹੀ ਸੰਪੂਰਨ ਸਾਂਸਕ੍ਰਿਤਿਕ ਸੱਚ ਨਹੀਂ ਸੀ, ਸਾਮੀ-ਇਸਲਾਮੀ ਪੱਛਮੋਤਰੀ ਦੇਸਾਂ ਨਾਲ ਸਾਂਝ ਵੀ ਉਜੇਹਾ ਹੀ ਸਾਂਸਕ੍ਰਿਤਿਕ ਸੱਚ ਸੀ । ਗੁਰੂ ਨਾਨਕ ਸਾਹਿਬ ਨੇ ਇਸ ਸੱਚ ਵੱਲ ਪਿੱਠ ਕਰਨ ਨਾਲੋਂ, ਉਸ ਨਾਲ ਸੰਪਰਕ ਪੈਦਾ ਕਰ ਕੇ, ਉਸ ਨੂੰ ਸਮਝਣ-ਸਮਝਾਉਣ ਵਾਲਾ ਰਾਹ ਫੜਿਆ ਸੀ । ਗੁਰੂ ਅਰਜਨ ਸਾਹਿਬ ਵੀ, ਆਪਣੇ ਸਿੱਖਾਂ ਲਈ, ਪੱਛਮੋਤਰੀ ਖਿੜਕੀ ਬਿਲਕੁਲ ਬੰਦ ਨਹੀਂ ਸਨ ਕਰਨਾ ਚਾਹੁੰਦੇ । ਬਾਬਾ ਫ਼ਰੀਦ, ਜਿਸ ਦੀ ਪੰਜਾਬੀ ਰਚਨਾ ਉੱਤੇ ਕਾਫ਼ੀ ਦੇਸੀ ਰੰਗ ਚੜ੍ਹਿਆ ਹੋਇਆ ਸੀ, ਤੇ ਜਿਸ ਦੀ ਪਦਵੀ ਸੂਫ਼ੀਆਂ ਵਿਚ "ਸ਼ੈਖ਼ਲ-ਸ਼ੱਯੂਖ਼" (ਸ਼ੇਖਾਂ ਸਿਰ ਸ਼ੇਖ) ਵਾਲੀ ਸੀ, ਇਸ ਕਾਰਜ ਲਈ ਗੁਰੂ ਸਾਹਿਬ ਨੂੰ ਸਭ ਤੋਂ ਵਧੇਰੇ ਸੂਤ ਬੈਠ ਸਕਦੇ ਸਨ । ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਤੇਗ਼ ਬਹਾਦਰ ਸਾਹਿਬ ਤੱਕ ਦੇ ਗੁਰੂ-ਬਾਣੀਕਾਰਾਂ ਦੀ ਬਾਣੀ ਵਿਚ ਅਰਬੀ-ਫ਼ਾਰਸੀ ਸ਼ਬਦਾਵਲੀ ਦੀ ਘਟਦੀ ਮਾਤਰਾ, ਭਾਵੇਂ ਗੁਰੂ-ਸੋਚ ਦੇ ਕਿਸੇ ਨਿਸਚਿਤ ਪੈਂਤੜੇ ਦੀ ਸੂਚਕ ਹੋਵੇ, ਭਾਵੇਂ ਕੋਈ ਰੱਬ-ਸਬੱਬੀਂ ਵਾਪਰੀ ਗੱਲ, ਪਰ ਜਿਉਂ ਜਿਉਂ ਸਿੱਖਾਂ ਦੇ ਰਾਜਸੀ ਰਸੂਖ਼ ਵਿਚ ਵਾਧਾ ਹੋਇਆ, ਤਿਉਂ ਤਿਉਂ, ਦੇਸ ਦੀ ਵੰਡ ਤੱਕ, ਉਨ੍ਹਾਂ ਦਾ ਰੁਖ਼, ਭਾਰਤ-ਮੁਖੀ ਹੋਣ ਦੀ ਥਾਂ ਫ਼ਰੀਦ ਵਾਲੇ ਪਾਸੇ ਦੇ ਪੱਛਮੋਤਰੀ ਦੇਸ, ਬਲਕਿ ਉਸ ਤੋਂ ਵੀ ਪਰੇ-ਪਰੇਡੇ ਦੇ ਇਸਲਾਮੀ ਦੇਸਾਂ ਵੱਲ ਹੋਇਆ—ਇਹ ਇਕ ਇਤਿਹਾਸਿਕ ਸੱਚਾਈ ਹੈ । ਇਨ੍ਹਾਂ ਸਾਰੇ ਇਸਲਾਮੀ ਦੇਸਾਂ ਦੇ ਸਾਂਸਕ੍ਰਿਤਕ ਮੁਹਾਵਰੇ ਉੱਤੇ ਸੂਫ਼ੀ ਛਾਏ ਹੋਏ ਸਨ ਤੇ ਇਸ ਸਾਰੇ ਮੁਹਾਵਰੇ ਨੂੰ ਸਮਝਣ ਲਈ, ਬਾਬਾ ਫ਼ਰੀਦ ਗੁਰੂ ਦੇ ਸਿੱਖਾਂ ਲਈ ਇਕ ਉੱਤਮ ਕੁੰਜੀ ਬਣ ਸਕਦਾ ਸੀ ।

**6.** ਬਾਬਾ ਫ਼ਰੀਦ ਲਈ ਆਪਣੇ ਸਮੇਂ ਦੀ ਪੰਜਾਬੀ ਵਿਚ ਜਾਂ ਕਿਸੇ ਹੋਰ ਦੇਸੀ ਭਾਸ਼ਾ ਵਿਚ ਕਾਵਿ-ਰਚਨਾ ਸੰਭਵ ਸੀ ਜਾਂ ਨਹੀਂ, ਤੇ ਉਸ ਦੀ ਜੋ ਰਚਨਾ ਇਸ ਵੇਲੇ ਗੁਰੂ ਗ੍ਰੰਥ ਸਾਹਿਬ ਵਿਚ ਮੌਜੂਦ ਹੈ ਉਸ ਦਾ ਰਚਨਹਾਰ ਸ਼ੇਖ਼ ਫ਼ਰੀਦੁੱਦ-ਦੀਨ ਮਸਊਦ 'ਸ਼ਕਰਗੰਜ' ਹੈ ਜਾਂ ਨਹੀਂ—ਇਹ ਵੀ ਪੰਜਾਬੀ ਦਾ ਇਕ ਸਦਾ-ਬਹਾਰ ਮਜ਼ਮੂਨ ਹੈ । ਇਸ ਉੱਤੇ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ ਤੇ ਜਿਉਂ ਜਿਉਂ,

ਭਾਸ਼ਾ, ਸਾਹਿੱਤ ਤੇ ਇਤਿਹਾਸ ਦੇ ਖੇਤਰਾਂ ਵਿਚ ਹੋ ਰਹੀ ਨਵੀਂ ਖੋਜ, ਨਵੀਆਂ ਗਵਾਹੀਆਂ ਬੇਪੜਦ ਕਰਦੀ ਜਾਵੇਗੀ, ਤਿਉਂ ਤਿਉਂ ਇਸ ਵਿਸ਼ੇ ਉੱਤੇ, ਵੱਖ ਵੱਖ ਪੱਖਾਂ ਤੋਂ ਪੁਨਰ-ਵਿਚਾਰ ਹੁੰਦੇ ਰਹਿਣ ਦੀ ਆਸ ਹੈ। ਅਸੀਂ ਇਸ ਮੌਕੇ ਦਾ ਲਾਭ ਉਠਾ ਕੇ ਹੁਣ ਤੱਕ ਹੋ ਚੁੱਕੀ ਚਰਚਾ ਨੂੰ ਦੁਹਰਾਉਣਾ ਨਹੀਂ ਚਾਹੁੰਦੇ, ਕੇਵਲ ਇਕ ਨਵੇਂ ਹਵਾਲੇ ਵੱਲ ਧਿਆਨ ਦਿਵਾਉਣਾ ਚਾਹੁੰਦੇ ਹਾਂ, ਜੋ ਅਜੇ ਤੱਕ ਪੰਜਾਬੀ ਦੇ ਇਤਿਹਾਸਕਾਰਾਂ ਦੀ ਦ੍ਰਿਸ਼ਟੀ ਤੋਂ ਉਹਲੇ ਰਿਹਾ ਹੈ।

ਰਿਜ਼ਕ-ਅੱਲਾਹ ਮੁਸ਼ਤਾਕੀ, ਜੋ ਗੁਰੂ ਨਾਨਕ ਸਾਹਿਬ ਦਾ ਸਮਕਾਲੀ ਸੀ, ਆਪਣੀ ਪੁਸਤਕ 'ਵਾਕਿਆਤਿ ਮੁਸ਼ਤਾਕੀ' ਵਿਚ ਇਕ ਅਮੀਰ ਦੇ ਘਰ ਦੀ ਲੁੱਟ ਨੂੰ ਵੇਖ ਕੇ ਉਸ ਬਾਰੇ ਆਪਣੇ ਪ੍ਰਤਿਕਰਮ ਦੱਸਣ ਲਈ ਬਾਬਾ ਫ਼ਰੀਦ ਦਾ ਇਕ ਪੰਜਾਬੀ ਸਲੋਕ ਉਧ੍ਰਿਤ ਕਰਦਾ ਹੈ, ਜਿਸ ਦਾ ਪਾਠ ਕੁਝ ਇਸ ਤਰ੍ਹਾਂ ਪੜ੍ਹਿਆ ਜਾਂਦਾ ਹੈ : ਜਿਤ ਘਰ ਜ਼ਿਮੀਂ ਨਾ ਪਾਈਐ ਬਣਿਆ ਬੰਧੇ ਤਿੱਤ / ਚਿਤ ਪਰਦੇਸੀ ਪਾਹੁਣਾ ਰਹੇ ਉਨਾਹੀ ਜਿੱਤ।[13]

ਫ਼ਾਰਸੀ ਖਰੜਿਆਂ ਵਿਚ ਮਿਲਦੇ ਪੰਜਾਬੀ ਸ਼ਿਅਰਾਂ ਦਾ ਪਾਠ ਪੂਰੀ ਤਰ੍ਹਾਂ ਉਠਾਉਣ ਵਿਚ ਕਾਫ਼ੀ ਔਖ ਹੁੰਦਾ ਹੈ। 'ਸੀਅਰੁਲ ਔਲੀਆ' ਵਿਚ ਬਾਬਾ ਫ਼ਰੀਦ ਦੇ ਮੂੰਹੋਂ ਨਿਕਲਿਆ ਦੋਹਰਾ ਮੌਜੂਦ ਹੈ, ਪਰ ਅਜੇ ਤੱਕ ਪੂਰੀ ਤਰ੍ਹਾਂ ਪੜ੍ਹਿਆ ਨਹੀਂ ਜਾ ਸਕਿਆ। 'ਵਾਕਿਆਤਿ ਮੁਸ਼ਤਾਕੀ' ਵਾਲਾ ਦੋਹਰਾ ਵੀ ਅੱਧ-ਪਚੱਧ ਹੀ ਪੜ੍ਹਿਆ ਜਾ ਸਕਿਆ ਹੈ. ਪਰ ਜੋ ਨੁਕਤਾ ਇਹ ਦੋਹਰਾ ਸਿੱਧ ਕਰਦਾ ਹੈ, ਉਹ ਇਹ ਹੈ ਕਿ ਫ਼ਾਰਸੀ ਦੇ ਇਕ ਲੇਖਕ ਨੂੰ ਇਕ ਦੁਖਦਾਈ ਘਟਨਾ ਵੇਖ ਕੇ ਪ੍ਰਸੰਗ ਦੇ ਅਨੁਕੂਲ ਬਾਬਾ ਫ਼ਰੀਦ ਦੇ ਇਕ ਪੰਜਾਬੀ ਦੋਹਰੇ ਦਾ ਚੇਤਾ ਆਉਂਦਾ ਹੈ। ਮੁਸ਼ਤਾਕੀ ਨੂੰ ਪਤਾ ਹੈ ਕਿ ਬਾਬਾ ਫ਼ਰੀਦ ਪੰਜਾਬੀ ਦਾ ਕਵੀ ਹੈ ਤੇ ਇਹ ਵੀ ਕਿ ਫ਼ਰੀਦ ਨੇ ਦੋਹਰੇ ਲਿਖੇ ਹਨ। ਇਸ ਦੋਹਰੇ ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਬਾਬਾ ਫ਼ਰੀਦ ਦੀ ਸਾਰੀ ਰਚਨਾ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਿਲ ਨਹੀਂ ਸੀ ਕੀਤੀ ਗਈ। ਇਸ ਤੋਂ ਪਹਿਲਾਂ ਜਨਾਬ ਅਖ਼ਲਾਕ ਹੁਸੈਨ ਦਿਹਲਵੀ, 1471 ਈਸਵੀ ਦੀ ਕਥਨਾਵਲੀ 'ਜਮ 'ਅਤਿ ਸ਼ਾਹੀ' ਵਿਚ ਫ਼ਰੀਦ ਦੇ ਗੁਰੂ ਗ੍ਰੰਥ ਤੋਂ ਬਾਹਰਲੇ ਇਕ ਸਲੋਕ ਦੀ ਹੋਂਦ ਦੀ ਸੂਚਨਾ ਦੇ ਚੁੱਕੇ ਹਨ : ਅਸਾ ਕੇਰੀ ਬਹੀ ਸੁ ਰੀਤ / ਜਾਊਂ ਨਾਇ ਕਿ ਜਾਊਂ ਮਸੀਤ ?[14] ਮੁਸ਼ਤਾਕੀ ਵਾਲਾ ਹਵਾਲਾ ਉਪਰੋਕਤ ਹਵਾਲੇ ਦਾ ਸਮਰਥਕ ਸਮਝਣਾ ਚਾਹੀਦਾ ਹੈ।

ਬਾਬਾ ਫ਼ਰੀਦ ਦ ਬਾਣੀ-ਰਚਿਅਤਾ ਹੋਣ ਜਾਂ ਨਾ ਹੋਣ ਦੇ ਸੰਬੰਧ ਵਿਚ ਹਥਲੀ ਪੁਸਤਕ ਦੇ ਇਕ ਲੇਖ 'ਬਾਬਾ ਫ਼ਰੀਦ ਦਾ ਛੰਦ-ਵਿਧਾਨ' ਵਿਚੋਂ ਉਪਜਣ ਵਾਲੇ ਇਕ ਅਹਿਮ ਨੁਕਤੇ ਵਲ ਵੀ ਕੁਝ ਧਿਆਨ ਦੇਣ ਦੀ ਲੋੜ ਹੈ। ਸਵਰਗਵਾਸੀ ਡਾ. ਪਰਮਾਨੰਦ ਜੀ ਦੀ ਦੱਸ ਅਨੁਸਾਰ ਸ਼ੇਖ ਫ਼ਰੀਦ ਦੇ ਬਹੁਤ ਸਲੋਕਾਂ ਵਿਚ 'ਫ਼ਰੀਦ' ਜਾਂ 'ਫ਼ਰੀਦਾ' ਤਖ਼ੱਲੁਸ ਦੀ ਵਰਤੋਂ ਛੰਦੋਂ-ਬਾਹਰੀ ਹੈ, ਅਰਥਾਤ ਜੇ 'ਫ਼ਰੀਦ' ਤਖ਼ੱਲੁਸ ਉਡਾ ਦਿੱਤਾ ਜਾਵੇ ਤਾਂ ਛੰਦ ਸਗੋਂ ਠੀਕ ਹੋ ਜਾਂਦਾ ਹੈ। ਅਜੇਹਾ ਕਿਉਂ ਹੈ ? ਕੀ ਬਾਬਾ ਫ਼ਰੀਦ, ਪਿੰਗਲ ਅਨੁਸਾਰ ਛੰਦ-ਰਚਨਾ ਤੋਂ ਅਵਾਂਣ ਸਨ ? ਕੀ ਅਰਬੀ-ਫ਼ਾਰਸੀ ਵਿਚ ਅਰੂਜ਼ ਅਨੁਸਾਰ ਠੀਕ ਸ਼ਿਅਰ ਕਹਿ ਸੱਕਣ ਵਾਲਾ ਵਿਦਵਾਨ ਠੇਠ ਪੰਜਾਬੀ ਵਿਚ ਰਚਨਾ ਕਰਨੀ ਸ਼ੁਰੂ ਕਰ ਦੇਵੇ, ਤਾਂ ਉਸ ਲਈ ਪਿੰਗਲ ਉੱਤੇ ਪੂਰਾ ਉਤਰਨਾ ਅਸੰਭਵ ਹੁੰਦਾ ਹੈ ? ਕੀ ਇਹ ਰਚਨਾ ਕਿਸੇ ਅਜੇਹੇ ਗੁਮਨਾਮ ਰਚਣਹਾਰ ਦੀ ਹੈ, ਜਿਸ ਨੇ ਆਪਣੇ-ਰਚੇ ਸਲੋਕਾਂ ਵਿਚ, ਆਪਣੇ ਨਾਮ ਦੀ ਥਾਂ, ਆਪਣੇ ਨਾਲੋਂ ਵਧੇਰੇ ਪ੍ਰਸਿੱਧ 'ਫ਼ਰੀਦ' ਦਾ ਨਾਮ ਜੜ ਦਿੱਤਾ ਹੈ ? ਕੀ ਇਹ ਕਿਸੇ ਐਸੇ ਕਵੀ ਦੀ ਰਚਨਾ ਹੈ ਜਿਸ ਦਾ ਨਾਮ ਫ਼ਰੀਦ ਤਾਂ ਹੈ, ਪਰ ਜੋ 'ਸ਼ੰਕਰਗੰਜ' ਤੋਂ ਵੱਖ ਹੈ ? ਕੀ ਸਲੋਕਾਂ ਦਾ ਕਵੀ, ਛੰਦਾ-ਬੰਦੀ ਦੀ ਕਿਸੇ ਐਸੀ ਲੋਕ-ਪ੍ਰਥਾ ਵਿਚ ਰਚਨਾ ਕਰ ਰਿਹਾ ਸੀ, ਜਿਸ ਵਿਚ ਕੁਝ ਮਾਤਰਾਵਾਂ



ਦੇ ਘੱਟ ਜਾਂ ਵੱਧ ਹੋਣ ਨੂੰ ਦੋਸ਼ ਨਹੀਂ ਸੀ ਸਮਝਿਆ ਜਾਂਦਾ ? ਖੋਜੀ ਮਨ ਵਿਚ ਇਸ ਤਰ੍ਹਾਂ ਦੇ ਉਟਕਣਾਂ ਦਾ ਖੜਾ ਹੋਣਾ ਸੁਭਾਵਿਕ ਹੈ, ਪਰ ਕਿਸੇ ਨਿਰਣੇ ਉੱਤੇ ਪਹੁੰਚਣ ਤੋਂ ਪਹਿਲਾਂ ਕੁਝ ਤੱਥ ਸਨਮੁਖ ਹੋਣੇ ਉਚਿਤ ਹਨ :

ਬਾਬਾ ਫ਼ਰੀਦ ਦੇ 112 ਸਲੋਕਾਂ ਵਿਚੋਂ, 70 ਸਲੋਕਾਂ ਵਿਚ 'ਫ਼ਰੀਦ' ਜਾਂ 'ਫ਼ਰੀਦਾ' ਸ਼ਬਦ ਦੀ ਵਰਤੋਂ ਛੰਦੋਂ-ਬਾਹਰੀ ਹੈ (4, 6, 8, 11, 12, 14, 18-20, 22-24, 26-29, 33-35, 38, 39, 42-44, 47-51, 53-60, 62, 63, 66, 70, 73, 74, 76. 80, 85, 87, 90, 93-103, 105-107, 110, 111), ਪਰ 20 ਸਲੋਕ ਅਜੇਹੇ ਹਨ ਜਿਨ੍ਹਾਂ ਵਿਚ 'ਫ਼ਰੀਦ' ਤਖ਼ੱਲੁਸ, ਛੰਦਾ ਦਾ ਅਨਿੱਖੜ ਭਾਗ ਹੈ (1, 2, 13, 15-17, 21, 36-46, 61, 75, 78, 79, 81-83, 108, 109, 118)। ਗੁਰੂ ਅਰਜਨ ਸਾਹਿਬ ਦੇ, ਜਿਹੜੇ ਗੁਰੂ-ਸਲੋਕ, ਫ਼ਰੀਦੀ ਸਲੋਕਾਂ ਦੇ ਵਿਚਕਾਰ ਹਨ, ਉਨ੍ਹਾਂ ਵਿਚੋਂ ਕੇਵਲ ਪੰਜਾਂ ਵਿਚ 'ਫ਼ਰੀਦ' ਸ਼ਬਦ ਦੀ ਵਰਤੋਂ ਮਿਲਦੀ ਹੈ। ਇਕ, ਜਿਸ ਵਿਚ ਇਹ ਵਰਤੋਂ ਛੰਦੋਂ-ਬਾਹਰੀ ਨਹੀਂ ਹੈ, ਗੁਰੂ ਅਮਰ ਦਾਸ ਜੀ ਰਚਿਤ ਹੈ (ਸਲੋਕ 13)। ਬਾਕੀ ਚਾਰੇ ਸਲੋਕ ਗੁਰੂ ਅਰਜਨ ਸਾਹਿਬ ਦੇ ਰਚੇ ਹੋਏ ਹਨ। ਇਨ੍ਹਾਂ ਵਿਚੋਂ ਤਿੰਨਾਂ ਵਿਚ (82, 83,105) 'ਫ਼ਰੀਦ' ਦੀ ਵਰਤੋਂ ਛੰਦੋਂ-ਬਾਹਰੀ ਹੈ ਤੇ ਇਕ ਵਿਚ ਛੰਦ-ਗਤ (75)। ਜੇ ਗੁਰੂ ਗ੍ਰੰਥ ਸਾਹਿਬ ਵਿਚ ਕਬੀਰ ਦੇ ਸਲੋਕਾਂ ਦਾ ਵਿਸ਼ਲੇਸ਼ਣ ਕੀਤਾ ਜਾਵੇ ਤਾਂ, ਫ਼ਰੀਦ ਦੇ ਸਲੋਕਾਂ ਵਾਂਗ ਹੀ, ਕਬੀਰ ਤਖ਼ੱਲੁਸ ਦੀ ਵਰਤੋਂ, ਛੰਦ-ਗਤ ਵੀ ਮਿਲੇਗੀ ਤੇ ਛੰਦੋਂ-ਬਾਹਰੀ ਵੀ।

ਪ੍ਰੋ. ਸੰਤ ਸਿੰਘ ਸੇਖੋਂ, ਗੁਰਬਾਣੀ ਤੇ ਪੰਜਾਬੀ ਸਾਹਿਤ ਵਿਚ ਛੰਦ ਦੀ ਵਰਤੋਂ ਬਾਰੇ ਵਿਚਾਰ ਕਰਨ ਉਪਰੰਤ ਇਸ ਨਤੀਜੇ ਉੱਤੇ ਪਹੁੰਚੇ ਹਨ ਕਿ, "ਕਵੀਆਂ ਨੇ...ਗਣ ਪ੍ਰਬੰਧ ਤੇ ਲਗ-ਕ੍ਰਿਆ ਦੀ ਬਹੁਤੀ ਪਰਵਾਹ ਨਹੀਂ ਕੀਤੀ.. ਮਾਤ੍ਰਾ ਦੀ ਗਿਣਤੀ ਵਿਚ ਨਿਯਤ ਪ੍ਰਬੰਧ ਨੂੰ ਵੀ ਕਵੀਆਂ ਨੇ ਇਕ ਲੋਹੇ ਦੀ ਕੜੀ ਨਹੀਂ ਬਣਨ ਦਿੱਤਾ। ਇਸ ਵਿਚ ਵੀ ਬਹੁਤ ਖੁੱਲ੍ਹਾਂ ਲਈਆਂ ਹਨ।"[15]

ਕਾਫ਼ੀ ਚਿਰ ਹੋਇਆ ਪੰਜਾਬੀ ਛੰਦਾ-ਬੰਦੀ ਵਿਚ ਫ਼ਾਰਸੀ-ਅਰਬੀ ਵਾਲੀ ਚੁਸਤ ਬੰਦਸ਼ ਦੀ ਅਣਹੋਂਦ ਦੀ ਸ਼ਿਕਾਇਤ, ਡਾਕਟਰ ਸਰ ਮੁਹੰਮਦ ਇਕਬਾਲ ਨੇ ਕਰਨਲ ਭੋਲਾ ਨਾਥ ਹੁਰਾਂ ਨਾਲ ਇਕ ਇੰਟਰਵਿਊ ਵਿਚ ਵੀ ਕੀਤੀ ਸੀ। ਇਹ ਇੰਟਰਵਿਊ ਕਰਨਲ ਸਾਹਿਬ ਦੇ ਆਪਣੇ ਪੰਜਾਬੀ ਰਿਸਾਲੇ ਵਿਚ ਛਪਿਆ ਸੀ। ਇਸ ਪਿਛੋਕੜ ਨੂੰ ਮੁੱਖ ਰੱਖਦਿਆਂ, ਪੰਜਾਬੀ ਛੰਦਾ-ਬੰਦੀ ਦੀ ਪ੍ਰਥਾ ਅਨੁਸਾਰ ਪੰਜਾਬੀ ਵਿਚ ਕੀਤੀ ਗਈ ਛੰਦਾਂ-ਬੰਦੀ ਨੂੰ, ਦੋਸ਼ ਨਹੀਂ ਮੰਨਿਆ ਜਾਣਾ ਚਾਹੀਦਾ। ਇਸੇ ਲਈ ਅਸੀਂ ਡਾ. ਪਰਮਾਨੰਦ ਜੀ ਦੀ ਲੱਭਤ ਨੂੰ, ਆਪਣੇ ਆਪ ਵਿਚ, ਫ਼ਰੀਦ ਸ਼ਕਰਗੰਜ ਦੇ ਸਿਰੋਂ ਫ਼ਰੀਦ-ਬਾਣੀ ਦੀ ਰਚਨਾ ਦਾ ਸਿਹਰਾ ਲਾਹੁਣ ਲਈ ਕਾਫ਼ੀ ਨਹੀਂ ਸਮਝਦੇ। ਹਾਂ, ਇਉਂ ਸਮਝਣ ਦੀ ਲੋੜ ਜ਼ਰੂਰ ਪ੍ਰਤੀਤ ਹੋ ਜਾਂਦੀ ਜੇ ਕੋਈ ਖੋਜੀ ਫ਼ਰੀਦ-ਸ਼ਬਦਾਵਲੀ ਦੇ ਵਿਸ਼ਲੇਸ਼ਣ ਉਪਰੰਤ ਇਹ ਦਾਅਵਾ ਕਰਦਾ ਕਿ ਗ਼ੈਰ-ਧਰਮ, ਗ਼ੈਰ-ਸੰਸਕ੍ਰਿਤੀ, ਤੇ ਗ਼ੈਰ-ਭਸ਼ਾਵਾਂ ਦੇ ਪ੍ਰਭਾਵ ਵਿਚ ਗੜੁੱਚ ਫ਼ਰੀਦੁੱਦ-ਦੀਨ ਮਸਊਦ ਸ਼ਕਰਗੰਜ ਦੀ ਪਹੁੰਚ, ਪੰਜਾਬ ਦੀ ਲੋਕ-ਸੰਸਕ੍ਰਿਤੀ ਦੇ ਧੁਰ ਢਿੱਡ ਵਿਚ ਪਏ ਬਿੰਬਾਂ ਤੇ ਸ਼ਬਦਾਂ ਤਕ ਸੰਭਵ ਹੀ ਨਹੀਂ ਸੀ। ਜਨਤਾ ਕਾਲਜ, ਕਰਤਾਰਪੁਰ (ਜਲੰਧਰ) ਦੀ ਅਧਿਆਪਕਾ ਕੁਮਾਰੀ ਊਸ਼ਾ ਖੰਨਾ ਨੇ ਪਿੱਛੇ ਜਹੇ ਫ਼ਰੀਦ-ਸ਼ਬਦਾਵਲੀ ਬਾਰੇ ਇਕ ਅਧਿਐਨ ਪ੍ਰਕਾਸ਼ਿਤ ਕੀਤਾ ਹੈ;[16] ਖ਼ਿਆਲ ਹੋ ਸਕਦਾ ਸੀ ਕਿ ਉਨ੍ਹਾਂ ਨੇ ਫ਼ਰੀਦੀ ਸ਼ਬਦ-ਕੋਸ਼ ਦਾ ਵਿਸਤ੍ਰਿਤ ਵਿਸ਼ਲੇਸ਼ਣ ਕੀਤਾ ਹੋਵੇਗਾ, ਪਰ ਅਫ਼ਸੋਸ ਹੈ, ਉਨ੍ਹਾਂ ਨੇ ਇਉਂ ਕੀਤਾ ਨਹੀਂ। ਅਜੇ ਵੀ ਮਨੋਵਿਗਿਆਨੀਆਂ ਦੇ ਸਹਿਯੋਗ ਨਾਲ ਭਾਸ਼ਾ-ਵਿਗਿਆਨੀ, ਇਸ ਪੱਖ ਵਿਚ ਬੜੀ ਉਪਯੋਗੀ ਤੇ ਮਹੱਤਵ-ਭਰਪੂਰ ਖੋਜ ਕਰ ਸਕਦੇ ਹਨ ਤੇ

ਸਾਡਾ ਵਿਸ਼ਵਾਸ ਹੈ ਕਿ ਉਨ੍ਹਾਂ ਦੇ ਨਿਰਣੇ ਐਵੇਂ ਸੁੱਟ ਪਾਉਣ ਵਾਲੇ ਨਹੀਂ ਹੋਣਗੇ। ਉਹ ਜੋ ਵੀ ਨਤੀਜਾ ਕੱਢਣਗੇ, ਉਸ ਬਾਰੇ ਤਾਂ ਗੱਲ ਉਸ ਵੇਲੇ ਹੀ ਸੰਭਵ ਹੋਵੇਗੀ, ਪਰ ਓਨੀ ਦੇਰ, ਜਿਵੇਂ ਅਸੀਂ ਉਪਰ ਕਹਿ ਆਏ ਹਾਂ, ਸਾਡੇ ਲਈ ਫ਼ਰੀਦ-ਬਾਣੀ ਦਾ ਕਰਤਾ ਫ਼ਰੀਦ ਸ਼ਕਰਗੰਜ ਹੀ ਰਹੇਗਾ। (ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵੱਲੋਂ ਛਪ ਰਹੀ ਕਿਤਾਬ 'ਸ਼ਕਰਗੰਜ' ਵਿਚੋਂ)

---

1. ਇਸ ਪੁਸਤਕ ਦੀ ਦੂਜੀ ਛਾਪ, 1956 ਵਿਚ. ਹਰਭਜਨ ਸਿੰਘ ਜੱਥੇਦਾਰ ਪੰਚ ਖ਼ਾਲਸਾ ਦੀਵਾਨ, ਧਾਂਦਰਾ, ਜ਼ਿਲ੍ਹਾ ਲੁਧਿਆਣਾ ਵੱਲੋਂ ਛਪੀ ਸੀ।
2. ਗੁਰਬਾਣੀ ਗੌਰਵਤਾ, ਗੁਰਮਤ ਪ੍ਰੈਸ, ਚੌੜਾ ਬਾਜ਼ਾਰ, ਲੁਧਿਆਣਾ, 1952, ਸਫ਼ਾ 14.
3. ਉਕਤ, ਸਫ਼ਾ-26.
4. ਉਕਤ, ਸਫ਼ਾ 90.
5. ਕਿਤਾਬ ਉੱਤੇ ਕੇਵਲ 'ਰਚਿਤ ਗਿਆਨੀ ਲਾਲ ਸਿੰਘ, ਸੰਗਰੂਰ' ਹੀ ਛਪਿਆ ਹੈ। ਛਾਪੇਖ਼ਾਨੇ ਦੇ ਨਾਂ, ਥਾਂ ਜਾਂ ਪ੍ਰਕਾਸ਼ਨ ਦੇ ਸਾਲ, ਆਦਿ ਬਾਰੇ ਕੋਈ ਸੂਚਨਾ ਨਹੀਂ ਦਿੱਤੀ ਹੋਈ।
6. ਕਰਤਾ 'ਸ੍ਰੀ ਕਰਤਾਰਪੁਰੀ ਬੀੜ ਤੇ ਖਾਰੀ ਬੀੜਾਂ ਬਾਰੇ', ਗੁਰਮਤਿ ਰਹਿਣੀ, ਸ਼ੇਰਪੁਰ ਬਾਈਪਾਸ, ਲੁਧਿਆਣਾ, 1974, ਅਤੇ 'ਰਚਨਾ ਸ਼ੇਖ ਫ਼ਰੀਦ ਤੇ ਗੁਰਮਤਿ'
7. ਕਰਤਾ 'ਪਵਿਤ੍ਰ ਹਜ਼ੂਰੀ ਬੀੜ ਦੀ ਲੋੜ ਸੰਸ਼ੋਧਕ' ਬਾਬੂ ਹੀਰਾ ਸਿੰਘ, ਪ੍ਰਕਾਸ਼ਕ ਭਾਈ ਹਰਚੰਦ ਸਿੰਘ ਖ਼ਾਲਸਾ, ਭਗਤਾ ਭਾਈ, ਜ਼ਿਲਾ ਬਠਿੰਡਾ, ਦੂਜਾ ਸੋਧਿਆ ਹੋਇਆ ਐਡੀਸ਼ਨ, 1964.
8. ਹਜ਼ਾਰੀ ਪ੍ਰਸ਼ਾਦ ਦਿਵੇਦੀ, ਕਬੀਰ, ਰਾਜਕਮਲ ਪ੍ਰਕਾਸ਼ਨ, ਦਿੱਲੀ, 1973, ਸਫ਼ਾ 151 ਵਿਚੋਂ ਉਧ੍ਰਿਤ
9. ਸ੍ਰੀ ਨਾਭਾ ਦਾਸ ਜੀ ਕ੍ਰਿਤ ਭਗਤ ਮਾਲ, (ਟੀਕਾਕਾਰ ਪ੍ਰਿਯ ਦਾਸ), ਤੇਜ ਕੁਮਾਰ ਪ੍ਰੈਸ ਬੁਕ ਡਿਪੋ, ਲਖਨਊ, ਪੰਨਾ 481.
10. ਭਾਸ਼ਾ ਵਿਭਾਗ, ਪਟਿਆਲਾ।
11. ਇਹ ਸਿਰ-ਲੇਖ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵਲੋਂ ਪ੍ਰਕਾਸ਼ਿਤ ਸੰਨ 1969 ਦੀ ਬੀੜ ਵਿਚੋਂ ਲਏ ਗਏ ਹਨ।
12. ਵੇਖੋ ਸੌਵੇਂ ਸਲੋਕ ਵਿਚ 'ਮਲਕਤ-ਮਉਤ' (ਮੌਤ ਦਾ ਫ਼ਰਿਸ਼ਤਾ), ਤੇ 68ਵੇਂ ਸਲੋਕ ਵਿਚ 'ਅਜਰਾਈਲੁ ਫਰੇਸਤਾ' ਦੀ ਵਰਤੋਂ।
13. ਇਸ ਸੂਚਨਾ ਲਈ ਲੇਖਕ ਡਾ. ਇਕਤਿਦਾਰ ਹੁਸੈਨ, ਇਤਿਹਾਸ ਵਿਭਾਗ, ਅਲੀਗੜ੍ਹ ਮੁਸਲਿਮ ਯੂਨੀਵਰਸਿਟੀ, ਅਲੀਗੜ੍ਹ ਦਾ ਸ਼ੁਕਰ-ਗੁਜ਼ਾਰ ਹੈ।
14. ਵੇਖੋ ਜਰਨਲ ਆਫ਼ ਸਿੱਖ ਸਟੱਡੀਜ਼, ਫ਼ਰਵਰੀ 1978, ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਸਫ਼ਾ 52.
15. 'ਸਾਹਿੱਤਿਆਰਥ', ਲਾਹੌਰ ਬੁਕ ਸ਼ਾਪ, ਲੁਧਿਆਣਾ, ਦੂਜੀ ਛਾਪ, ਸਫ਼ਾ 125, ਮਿਤੀ ਰਹਿਤ
16. 'ਫ਼ਰੀਦ : ਸ਼ਬਦਾਵਲੀ ਅਧਿਐਨ ਤੇ ਸ਼ਬਦਕੋਸ਼', ਅਸੀਮ ਪ੍ਰਕਾਸ਼ਨ, ਪਟਿਆਲਾ, ਮਿਤੀ ਰਹਿਤ



## ਪੰਜਾਬੀ ਲੇਖਕਾਂ ਦੇ ਨਾਂ ਖੁਲ੍ਹੀ ਚਿੱਠੀ*

## ਅਜੋਕੀ ਅਵਸਥਾ ਤੇ ਸਾਡਾ ਕਰਤੱਵ

ਪਿਆਰੇ ਲੇਖਕ ਮਿੱਤਰੋ,

ਤੁਸੀਂ ਲਿਖਦੇ ਹੋ, ਬੜੀ ਚੰਗੀ ਗੱਲ ਹੈ। ਜੇ ਪੁੱਛਿਆ ਜਾਵੇ : "ਕਾਹਦੇ ਲਈ ?" ਤਾਂ ਤੁਸੀਂ ਕੀ ਜਵਾਬ ਦੇਵੋਗੇ ? ਆਓ, ਬੁੱਕਲ ਵਿਚ ਮੂੰਹ ਪਾ ਕੇ ਇਸ ਸਵਾਲ ਦਾ ਜਵਾਬ ਦੇਣ ਦੀ ਕੋਸ਼ਿਸ਼ ਕਰੀਏ। ਤੁਸੀਂ ਲਿਖਦੇ ਹੋ, ਪਰ "ਕਾਹਦੇ ਲਈ ?"

ਇਸ ਸਵਾਲ ਦਾ ਜਵਾਬ ਇਹ ਹੋ ਸਕਦਾ ਹੈ ਕਿ ਤੁਸੀਂ ਆਪਣੇ ਮਨ ਦੀ ਤਸੱਲੀ ਲਈ ਲਿਖਦੇ ਹੋ। ਠੀਕ ਹੈ, ਕੋਈ ਇਤਰਾਜ਼ ਨਹੀਂ। ਤੁਸੀਂ ਆਪਣੇ ਮਨ ਦੀ ਤਸੱਲੀ ਲਈ ਜੱਮ-ਜੱਮ ਲਿਖੋ, ਆਪਣਾ ਲਿਖਿਆ ਆਪ ਪੜ੍ਹੋ, ਅਨੰਦ ਦੀ ਅਵਸਥਾ ਵਿਚ ਰਹੋ, ਸਾਡਾ ਤੁਹਾਡੇ ਨਾਲ ਕੋਈ ਝਗੜਾ ਨਹੀਂ। ਪਰ ਤੁਸੀਂ ਆਪਣਾ ਲਿਖਿਆ ਅਖ਼ਬਾਰਾਂ, ਰਸਾਲਿਆਂ ਵਿਚ ਛਪਣ ਲਈ ਦੇ ਦੇਂਦੇ ਹੋ ਜਾਂ ਆਪਣਾ ਵੱਖਰਾ ਪਰਚਾ ਕਢ ਲੈਂਦੇ ਹੋ। ਜਦ ਕੋਈ ਲਿਖਤ ਛਪ ਕੇ ਬਾਹਰ ਪਾਠਕਾਂ ਕੋਲ ਆਉਂਦੀ ਹੈ ਤਾਂ ਪਾਠਕਾਂ ਦਾ, ਲੋਕਾਂ ਦਾ ਹੱਕ ਬਣਦਾ ਹੈ ਉਹ ਵੇਖਣ ਕਿ ਉਹਨਾਂ ਦਾ ਸਾਹਿਤਕਾਰ ਕੀ ਲਿਖ ਰਿਹਾ ਹੈ।

ਘਰ ਦੀਆਂ ਦੀਵਾਰਾਂ ਅੰਦਰ ਲੌਂਡਾ ਤੇ ਲੌਂਡੇਬਾਜ਼ ਆਪਸ ਵਿਚ ਗ਼ੈਰ-ਕੁਦਰਤੀ ਤੇ ਰੋਗੀ ਜਿਨਸੀ ਸੰਬੰਧ ਰਖੀ ਜਾਣ, ਕਿਸੇ ਨੂੰ ਕੀ ? ਦਰਗੁਜ਼ਰ ਹੋ ਸਕਦੀ ਹੈ। ਪਰ ਜਦ, ਦੁਨੀਆਂ ਦੇ ਸਭ ਤੋਂ ਅਮੀਰ ਦੇਸ਼ ਦੇ ਸਭ ਤੋਂ ਵੱਡੇ ਸ਼ਹਿਰ (ਨਿਊਯਾਰਕ) ਵਿਚ ਤੀਹ ਹਜ਼ਾਰ ਲੌਂਡੇ ਤੇ ਲੌਂਡੇਬਾਜ਼ ਸੜਕਾਂ ਤੇ ਜਲੂਸ ਕੱਢਣ ਅਤੇ ਸ਼ਹਿਰੀ ਬਰਾਬਰੀ ਦੇ ਹੱਕਾਂ ਲਈ ਮੁਜ਼ਾਹਰਾ ਕਰਨ...ਮੂੰਹਾਂ 'ਤੇ ਪਾਊਡਰ ਤੇ ਸੁਰਖ਼ੀ ਮਲ, ਰਬੜ ਦੀਆਂ ਉਚੀਆਂ ਨੋਕਦਾਰ ਅੰਗੀਆਂ ਪਾ ਕੇ ਹਮ-ਜਿਨਸੀ ਜੋੜਿਆਂ ਦੀਆਂ ਸ਼ਾਦੀਆਂ ਦੀ ਮੰਗ ਕਰਨ ਅਤੇ ਕਾਨੂੰਨੀ ਤੌਰ 'ਤੇ ਉਨ੍ਹਾਂ ਨੂੰ ਜਾਇਜ਼ ਕਰਾਰ ਦੁਆਉਣਾ ਚਾਹੁਣ ਤਾਂ ਯਕੀਨਨ ਸਮਾਜ ਦਾ ਹੱਕ ਬਣਦਾ ਹੈ ਕਿ ਉਹ ਇਸ ਰੋਗ ਬਾਰੇ ਫ਼ਿਕਰਮੰਦ ਹੋਵੇ, ਸਮਾਜ ਅੰਦਰ ਪਲ ਰਹੇ ਇਸ ਰੋਗ ਦੀਆਂ ਜੜ੍ਹਾਂ ਲਭੇ, ਇਸ ਦੇ ਇਲਾਜ ਬਾਰੇ ਸੋਚੇ...

ਜਦ ਲੇਖਕ ਆਪਣੀਆਂ ਲਿਖਤਾਂ ਅਖ਼ਬਾਰਾਂ ਰਸਾਲਿਆਂ ਵਿਚ ਛਪਵਾ ਦੇਂਦੇ ਹਨ, ਤਾਂ ਨਿਰਸੰਦੇਹ,

---

* ਸੇਧ ਦੇ ਪਾਠਕਾਂ ਵਲੋਂ ਅਕਸਰ ਇਹ ਪੁਛਿਆ ਜਾਂਦਾ ਹੈ ਕਿ ਸੇਧ ਵਰਗਾ ਪਰਚਾ ਸ਼ੁਰੂ ਕਰਨ ਦੇ ਪਿਛੋਕੜ ਵਿਚ ਕੀ ਵਿਚਾਰ ਕੰਮ ਕਰ ਰਹੇ ਸਨ। ਹੋਰਨਾਂ ਗੱਲਾਂ ਤੋਂ ਇਲਾਵਾ, ਸੇਧ ਦੇ ਪਿਛੋਕੜ ਵਿਚ ਇਹ "ਪੰਜਾਬੀ ਲੇਖਕਾਂ ਦੇ ਨਾਂ ਖੁਲ੍ਹੀ ਚਿੱਠੀ" ਵੀ ਸੀ ਜੋ 1971 ਦੇ ਸ਼ੁਰੂ ਵਿਚ ਲਿਖੀ ਗਈ ਅਤੇ ਜੋ ਮਾਰਚ 1971 ਦੇ ਆਰਸੀ ਵਿਚ ਅਤੇ ਕਈ ਹੋਰਨਾਂ ਰਸਾਲਿਆਂ ਵਿਚ ਉਦੋਂ ਛਪੀ।

ਸੇਧ ਦਾ ਪਹਿਲਾ ਅੰਕ ਮਾਰਚ 1972 ਵਿਚ ਪਾਠਕਾਂ ਨੂੰ ਪੇਸ਼ ਕੀਤਾ ਗਿਆ। ਉਪਰਲੀ ਚਿੱਠੀ ਅੱਜ ਵੀ ਉਤਨੀ ਹੀ ਪ੍ਰਸੰਗ-ਉਚਿਤ ਹੈ, ਜਿੰਨੀ ਨੌਂ ਸਾਲ ਪਹਿਲਾਂ ਸੀ।

ਪਾਠਕਾਂ ਨੂੰ, ਲੋਕਾਂ ਨੂੰ ਇਹ ਹੱਕ ਪਹੁੰਚਦਾ ਹੈ ਕਿ ਉਹ ਵੇਖਣ ਕਿ ਉਨ੍ਹਾਂ ਦੇ ਲੇਖਕ ਕੀ ਲਿਖ ਰਹੇ ਹਨ ਅਤੇ ਕਿਸ ਕਿਸਮ ਦੇ ਵਿਚਾਰ ਆਪਣੀਆਂ ਲਿਖਤਾਂ ਵਿਚ ਪੇਸ਼ ਕਰ ਰਹੇ ਹਨ। ਪਾਠਕਾਂ ਨੂੰ ਖੁਰਲੀ 'ਤੇ ਬੱਧੇ ਡੰਗਰਾਂ ਵਾਂਗ ਤਾਂ ਨਹੀਂ ਲਿਆ ਜਾ ਸਕਦਾ ਕਿ ਜੋ ਜੀਅ ਆਇਆ, ਉਨ੍ਹਾਂ ਦੇ ਅੱਗੇ ਸੁੱਟ ਦਿੱਤਾ।

ਕਾਹਦੇ ਲਈ ਲਿਖਦੇ ਹੋ ? ਇਸ ਦਾ ਜਵਾਬ ਇਹ ਵੀ ਹੋ ਸਕਦਾ ਹੈ ਕਿ ਪੱਛਮ ਵਿਚ ਲੇਖਕ ਲਿਖ ਰਹੇ ਹਨ (ਪੱਛਮ ਦੀ ਨਕਲ ਕਰਨਾ ਸਾਡੇ ਕੌਮੀ ਕਿਰਦਾਰ ਦਾ ਇਕ ਅੰਗ ਬਣ ਗਿਆ ਹੈ) ਅਤੇ ਕੁਝ ਇਸ ਤਰ੍ਹਾਂ ਦਾ ਲਿਖ ਰਹੇ ਹਨ.. ਬੜਾ ਹੀ ਅਲੌਕਿਕ, ਅਜੀਬੋਗਰੀਬ, ਊਲਜਲੂਲ, ਚਟਕ ਮਟਕ ਵਾਲਾ, ਪਰੰਪਰਾ ਨਾਲੋਂ ਟੁੱਟਾ, ਜਵਾਂ ਹੀ ਪ੍ਰਤਯੋਗਵਾਦੀ ਸਾਹਿਤ, ਕਮਾਲ ਦੀਆਂ ਕਲਾਬਾਜ਼ੀਆਂ ਵਾਲਾ, ਪਾਠਕ ਦੀਆਂ 'ਨਰਵਜ਼' ਨੂੰ ਖੇਰੂੰ ਖੇਰੂੰ ਕਰ ਦੇਣ ਵਾਲਾ...ਤੇ ਕਿਉਂਕਿ ਇਸ ਤਰ੍ਹਾਂ ਦਾ ਲਿਖਣਾ ਪੱਛਮ ਵਿਚ ਇਕ ਫ਼ੈਸ਼ਨ ਹੈ ਇਸ ਲਈ ਤੁਸੀਂ ਵੀ ਕੁਝ ਇਸ ਤਰ੍ਹਾਂ ਦਾ ਹੀ ਲਿਖਣ ਦਾ ਯਤਨ ਕਰ ਰਹੇ ਹੋ...

ਪੱਛਮ ਵਿਚ, ਉੱਨਤ ਸਨਅੱਤ ਅਤੇ ਅਤਿ ਅਮੀਰੀ ਵਾਲੇ ਦੇਸ਼ਾਂ ਵਿਚ ਸਾਹਿਤਕਾਰ ਅਜ 'ਗੁਆਚੇ ਮਨੁੱਖ,'' ''ਭੀੜ ਵਿਚ ਇਕੱਲਤਾ-ਰੋਗ ਦੇ ਮਾਰੇ ਮਨੁੱਖ'' ''ਪਲ ਪਲ ਭੁਰ ਰਹੇ ਮਨੁੱਖ'', ''ਪਿੱਠ' ਤੇ ਜੰਗਲ ਚੁਕੀ ਫਿਰਦੇ ਮਨੁੱਖ'' ਬਾਰੇ ਤੇ ''ਸਹਿਕਦੇ ਪਲਾਂ'' ਬਾਰੇ ਲਿਖ ਰਹੇ ਹਨ। ਇਸ ਲਈ ਤੁਸੀਂ ਵੀ ਇਨ੍ਹਾਂ ਹੀ ਵਿਸ਼ਿਆਂ ਬਾਰੇ, ਇਨ੍ਹਾਂ ਹੀ ਸਮੱਸਿਆਵਾਂ, ਮਾਨਸਕ ਉਲਾਰਾਂ, ਲਿੰਗ ਉਤੇਜਨਾਵਾਂ ਬਾਰੇ ਲਿਖ ਰਹੇ ਹੋ। ਤੁਸੀਂ ਗਰਮ ਹਬਸ਼ਣਾਂ ਨਾਲ ਗੁਜ਼ਾਰੀਆਂ ਰਾਤਾਂ ਬਾਰੇ ਲਿਖ ਰਹੇ ਹੋ; ''ਖਿੰਡੀਆਂ ਸ਼ਖ਼ਸੀਅਤਾਂ'' (ਸਪਲਿਟ ਪਰਸਨੈਲੀਟੀਜ਼) ਦੇ ਵਿਚਾਰ ਆਪਣੀਆਂ ਲਿਖਤਾਂ ਵਿਚ ਆਮ ਕਰ ਰਹੇ ਹੋ। ਠੀਕ ਹੈ, ਜੱਮ-ਜੱਮ ਲਿਖੋ...ਪਰ...ਪਰ ਕੀ ਤੁਸਾਂ ਪੱਕੀ ਤਰ੍ਹਾਂ ਪਤਾ ਕਰ ਲਿਆ ਹੈ ਕਿ ਸਾਡੇ ਦੇਸ ਵਿਚ ਵੀ ਪ੍ਰਸਿਥਿਤੀ ਉਹੀ ਹੋ ਗਈ ਹੈ, ਜਿਹੜੀ ਪੱਛਮ ਦੇ ਦੇਸਾਂ ਵਿਚ ਅੱਜ ਹੈ ਤੇ ਦੂਜੀ ਗੱਲ : ਕੀ ਤੁਹਾਨੂੰ ਅੰਗ੍ਰੇਜ਼ੀ, ਫ਼ਰਾਂਸੀਸੀ ਜਾਂ ਜਰਮਨ ਜ਼ਬਾਨ ਵਿਚ ਲਿਖਣਾ ਆਉਂਦਾ ਹੈ ? ਤੁਹਾਨੂੰ ਤਾਂ, ਮਿੱਤਰੋ, ਸਿਰਫ਼ ਪੰਜਾਬੀ ਵਿਚ ਹੀ ਲਿਖਣਾ ਆਉਂਦਾ ਹੈ। ਕੀ ਤੁਸੀਂ ਪੰਜਾਬੀ ਵਿਚ ਪੱਛਮ ਦੀਆਂ ਸਮਾਜਕ ਤੇ ਮਾਨਸਕ ਸਮੱਸਿਆਵਾਂ ਬਾਰੇ ਲਿਖੋਗੇ ? ਤੇ ਨਾਲੇ ਪੰਜਾਬੀ ਪਾਠਕਾਂ ਵਾਸਤੇ ???

ਤੁਸੀਂ ਪੰਜਾਬ ਦੇ ਰਹਿਣ ਵਾਲੇ ਹੋ। ਪੰਜਾਬੀ ਜ਼ਬਾਨ ਵਿਚ ਲਿਖਦੇ ਹੋ। ਪੰਜਾਬੀ ਲੋਕ ਤੁਹਾਡੇ ਪਾਠਕ ਹਨ। ਪੰਜਾਬੀ ਲੋਕਾਂ ਦਾ ਜੀਵਨ ਤੁਹਾਡੀ ਬੁਨਿਆਦੀ ਸਾਮੱਗਰੀ ਹੈ। ਪੰਜਾਬੀ ਲੋਕ ਤੁਹਾਡੀ ਪਹਿਲੀ ਜ਼ਿੰਮੇਵਾਰੀ ਹਨ।

ਕੁਲ ਭਾਰਤ ਮੇਰਾ ਦੇਸ ਹੈ, ਕੁਲ ਸੰਸਾਰ ਅੱਜ ਇਕ ਹੋਇਆ ਪਿਆ ਹੈ—ਇਹ ਸਭ ਕਹਿਣ ਦੀਆਂ ਗੱਲਾਂ ਹਨ। ਮੰਨਦਾ ਹਾਂ ਅੱਜ ਦੁਨੀਆਂ ਦੇ ਕਿਸੇ ਹਿੱਸੇ ਵਿਚ ਵੀ ਜੋ ਵਾਪਰਦਾ ਹੈ, ਉਸ ਦਾ ਅਸਰ ਕੁਲ ਦੁਨੀਆਂ 'ਤੇ ਪੈਂਦਾ ਹੈ, ਪਰ ਲੇਖਕ ਦੀ ਪਹਿਲੀ ਤੇ ਬੁਨਿਆਦੀ ਜ਼ਿੰਮੇਵਾਰੀ ਉਸ ਦੇ ਆਪਣੇ ਲੋਕ ਹੀ ਰਹਿੰਦੀ ਹੈ। ਪੰਜਾਬੀ ਲੇਖਕਾਂ ਦੀ ਪੰਜਾਬੀ ਲੋਕ, ਜਿਸ ਤਰ੍ਹਾਂ ਬੰਗਾਲੀ ਲੇਖਕਾਂ ਦੀ ਬੰਗਾਲੀ, ਫ਼ਰਾਂਸੀਸੀ ਲੇਖਕਾਂ ਦੀ ਫ਼ਰਾਂਸੀਸੀ ਤੇ ਅਰਬੀ ਲੇਖਕਾਂ ਦੀ ਅਰਬੀ ਲੋਕ...

ਤੁਸੀਂ ਪੰਜਾਬੀ ਲੇਖਕ ਹੋ। ਤੁਹਾਡੀ ਪਹਿਲੀ ਤੇ ਮੁਖ ਦਿਲਚਸਪੀ ਪੰਜਾਬੀ ਲੋਕ ਹੋਣੇ ਚਾਹੀਦੇ ਹਨ ਕਿਉਂਕਿ ਤੁਹਾਡੇ ਪਾਠਕ ਪੰਜਾਬੀ ਲੋਕ ਹਨ। ਇਹੀ ਤੁਹਾਡੀ ਲਿਖਤ ਦੇ ਗਾਹਕ ਹਨ, ਇਹੀ ਨਿਦਕ ਤੇ ਇਹੀ ਪ੍ਰਸੰਸਕ...ਇਹ ਜੀਵ ਜਿਸ ਨੂੰ ਪੰਜਾਬੀ ਕਿਹਾ ਜਾਂਦਾ ਹੈ, ਤੁਹਾਡੇ ਕੋਲੋਂ ਅਜਿਹੀ



ਲਿਖਤ ਦੀ ਆਸ ਰਖਦਾ ਹੈ ਜਿਹੜੀ ਉਸ ਨੂੰ ਰੋਸ਼ਨੀ ਦੇ ਸਕੇ। ਵੇਖਣ ਲਈ ਅੱਖਾਂ ਤੇ ਸੋਚਣ ਲਈ ਦਿਮਾਗ ਦੇ ਸਕੇ। ਅਜਿਹੀ ਲਿਖਤ ਜਿਹੜੀ ਉਸ ਦੇ ਮਨ ਅੰਦਰਲੀ ਕਵਿਤਾ ਨੂੰ ਜਗਾ ਸਕੇ। ਇਹ ਜੀਵ ਤੁਹਾਡੇ ਕੋਲੋਂ ਅਜਿਹੀਆਂ ਲਿਖਤਾਂ ਦੀ ਮੰਗ ਕਰਦਾ ਹੈ, ਜਿਨ੍ਹਾਂ ਵਿਚ ਉਹ ਆਪ ਹੋਵੇ, ਜਿਨ੍ਹਾਂ ਵਿਚ ਉਸ ਦੇ ਜੀਵਨ, ਹਾਵਾਂ ਭਾਵਾਂ, ਸਮੱਸਿਆਵਾਂ, ਵਿਚਾਰਾਂ ਦੀ ਛਾਣਬੀਨ ਕੀਤੀ ਗਈ ਹੋਵੇ। ਇਹ ਜੀਵ ਕਿਸੇ ਪਰਚਾਰ ਦੀ ਰਾਹ-ਦਸਾਈ ਦੀ ਮੰਗ ਨਹੀਂ ਕਰਦਾ, ਇਹ ਤਾ ਸਿਰਫ਼ ਇਹ ਚਾਹੁੰਦਾ ਹੈ ਕਿ ਸਾਹਿਤਕਾਰ ਇਹ ਸਮਝਣ ਵਿਚ ਉਸ ਦੀ ਸਹਾਇਤਾ ਕਰੇ ਕਿ ਅਸਲ ਗੱਲ ਕੀ ਹੈ, ਸੱਚ ਕੀ ਹੈ।

ਲੇਖਕ ਮਿੱਤਰੋ, ਤੁਸੀਂ ਕਹਿੰਦੇ ਹੋ ਤੁਹਾਡਾ ਲਿਖਿਆ ਬਿਲਕੁਲ ਫ਼ਰਾਂਸੀਸੀ ਤੇ ਅਮਰੀਕਨ ਲੇਖਕਾਂ ਦੀਆਂ ਰਚਨਾਵਾਂ ਵਰਗਾ ਹੀ ਹੈ। ਤੁਹਾਡੀ ਲਿਖੀ ਪੰਜਾਬੀ ਵਿਚ ਕਵਿਤਾ ਬਹੁਤੀ ਵਾਰੀ ਇੰਜ ਲਗਦੀ ਹੈ ਜਿਵੇਂ ਕਿਸੇ ਪੱਛਮੀ ਲੇਖਕ ਦੀ ਲਿਖੀ ਹੋਵੇ। ਮਾੜਾ ਜਿਹਾ ਹੱਥ ਲਗਣ ਨਾਲ ਇਹ ਕਵਿਤਾ ਸੁਖੱਲਿਆਂ ਹੀ ਅੰਗ੍ਰੇਜ਼ੀ ਵਿਚ ਅਨੁਵਾਦ ਹੋ ਸਕਦੀ ਹੈ। ਖ਼ੂਬ ਹੈ ! ਕਮਾਲ ਹੈ ! ਸੋਚ ਲਵੋ ਇਹ ਕਵਿਤਾ ਜਿਸ 'ਤੇ ਤੁਸੀਂ ਫ਼ਖ਼ਰ ਕਰ ਰਹੇ ਹੋ ਕਿਤੇ ਕਿਸੇ ਅੰਗ੍ਰੇਜ਼ੀ ਨਜ਼ਮ ਦੀ, ਜਾਂ ਮਿਲੀਆਂ ਜੁਲੀਆਂ ਕਈ ਬਦੇਸੀ ਨਜ਼ਮਾਂ ਦੀ, ਸੁਚੇਤ ਜਾਂ ਅਚੇਤ, ਨਕਲ ਤਾਂ ਨਹੀਂ ?! ਹੋ ਸਕਦਾ ਹੈ ਤੁਹਾਡੇ ਕੋਲੋਂ ਭੋਲੇ-ਭਾ ਹੀ ਨਕਲ ਵਜ ਗਈ ਹੋਵੇ...ਜੇ ਇਹ ਗੱਲ ਹੈ ਤਾਂ ਇਹ ਨਜ਼ਮ ਪੰਜਾਬੀ ਤਾਂ ਨਾ ਹੋਈ ਨਾ...ਦਸੋ, ਫਿਰ ਇਹ ਨਜ਼ਮ ਕਿਸ ਕੰਮ ਆਵੇਗੀ ? ਕਿਸ ਨੂੰ ਟੁੰਬ ਸਕੇਗੀ ਇਹ ? ਇਹ ਨਜ਼ਮ ਕਿਸ ਦੇ ਲਈ ਹੈ ?

ਤੁਸੀਂ ਆਪ ਹੀ ਅਕਸਰ ਗਿਲਾ ਕਰਦੇ ਹੋ ਕਿ ਤੁਹਾਡੀਆਂ ਲਿਖਤਾਂ ਲੋਕ ਪੜ੍ਹਦੇ ਨਹੀਂ, ਰਸਾਲਿਆਂ ਵਿਚ ਛਪੀਆਂ ਤੁਹਾਡੀਆਂ ''ਮਹਾਨ ਰਚਨਾਵਾਂ'' ਬਾਰੇ ਕੋਈ ਚਰਚਾ ਨਹੀਂ ਛਿੜਦੀ, ਤੁਹਾਡੀਆਂ ਕਿਤਾਬਾਂ ਲੋਕ ਖ਼ਰੀਦਦੇ ਨਹੀਂ। ਤੁਹਾਡਾ ਗਿਲਾ ਸੱਚਾ ਹੈ।

ਤੁਸੀਂ ਸੋਚਵਾਨ, ਬੁਧੀਵਾਨ ਜੀਵ ਹੋ। ਤੁਹਾਡੇ ਅੰਦਰ ਰਚਨਾ ਕਰ ਸਕਣ ਦੀ ਸ਼ਕਤੀ ਹੈ, ਤੁਹਾਨੂੰ ਆਪਣੀ ਜ਼ਬਾਨ ਵਿਚ ਆਪਣੇ ਵਿਚਾਰ ਪੇਸ਼ ਕਰਨ ਦਾ ਵਲ ਆਉਂਦਾ ਹੈ...ਪਰ ਤੁਹਾਡੇ ਲੋਕਾਂ ਦੀ, ਪੰਜਾਬੀ ਲੋਕਾਂ ਦੀ ਤੁਹਾਡੀਆਂ ਰਚਨਾਵਾਂ ਵਿਚ ਦਿਲਚਸਪੀ ਨਹੀਂ ਹੈ। ਤੁਸਾਂ ਲੋਕਾਂ ਨੂੰ ਭੁਲਾ ਛਡਿਆ ਹੈ, ਲੋਕਾਂ ਤੁਹਾਨੂੰ ਭੁਲਾ ਦਿੱਤਾ ਹੈ। ਇਸ ਸੱਚ ਦੇ ਸਾਹਮਣੇ ਤੁਸੀਂ ਖਿਝ ਜਾਂਦੇ ਹੋ। ਤੁਸੀਂ ਇਸ ਸਵਾਲ—ਕਿ ਪੰਜਾਬੀ ਪਾਠਕ ਤੁਹਾਡੀਆਂ ਰਚਨਾਵਾਂ ਵਿਚ ਆਖ਼ਰ ਦਿਲਚਸਪੀ ਕਿਉਂ ਲਵੇ—ਦਾ ਜਵਾਬ ਲੱਭਣ ਦੀ ਕੋਸ਼ਿਸ਼ ਨਹੀਂ ਕਰਦੇ। ਤੁਸੀਂ ਇਸ ਸਵਾਲ ਨੂੰ ਟਾਲ ਕੇ ਅੱਗੇ ਵਧ ਜਾਣਾ ਚਾਹੁੰਦੇ ਹੋ, ਤਿੰਨ੍ਹਾਂ-ਤੇਰ੍ਹਾਂ ਵਿਚ ਆਪਣੇ ਆਪ ਨੂੰ ਗਿਣਵਾਉਣਾ ਚਾਹੁੰਦੇ ਹੋ। ਤੁਸੀਂ ਆਪਣੀਆਂ ਲਿਖਤਾਂ ਛਾਪਣ ਲਈ ਆਪਣਾ ਇਕ ਵਖਰਾ ਰਸਾਲਾ ਕੱਢ ਲੈਂਦੇ ਹੋ। (ਜਿੰਨੇ ਭੱਈਏ, ਉਨੇ ਚੁੱਲ੍ਹੇ !) ਤੁਸੀਂ ''ਚੱਕਰ'' ਘੁਮਾਉਂਦੇ ਹੋ, ''ਅਪ੍ਰਸੰਗ'' ਵਿਚ ਗੱਲਾਂ ਕਰਦੇ ਹੋ। ਚਾਰ ਯਾਰ ਇਕੱਠੇ ਕਰ ਕੇ ਸਾਹਿਤਕ ਜਥੇਬੰਦੀਆਂ, ਫ਼ਰੰਟਾ ਤੇ ਯੂਨੀਅਨਾਂ ਖੜੀਆਂ ਕਰਦੇ ਹੋ, ਆਪਣੀ ਪੁਸਤਕ ਦੇ ਪ੍ਰਾਪੇਗੰਡੇ ਲਈ ''ਇਕੱਠ'' ਰਚਦੇ ਹੋ। ਆਪਣੇ ਗੱਲ ਪੁਆਉਣ ਲਈ ਫੁੱਲਾਂ ਦੇ ਹਾਰ ਹਟੀਓ-ਹਟੀ ਆਪ ਖ਼ਰੀਦਦੇ ਫਿਰਦੇ ਹੋ ?...ਵਪਾਰੀ ਪੁੱਤਰਾਂ ਵਾਂਗ ਹੋਕਾ ਲਾਉਂਦੇ ਹੋ...''ਪ੍ਰਯੋਗਵਾਦੀ ਸਾਹਿਤ—ਚਟਪਟਾ ਤੇ ਕਰਾਰਾ,'' ''ਪਰੰਪਰਾਵਾਦੀ ਮਾਲ—ਨਿਰੀ ਰਹਿੰਦ ਖੂੰਹਦ,'' ''ਪ੍ਰਗਤੀਸ਼ੀਲ ਸਾਹਿਤ—ਤਾਕਤ ਦਾ ਸੋਮਾ''। ਲੇਖਕ ਮਿੱਤਰੋ, ਸਾਹਿਤ ਕਿਉਂ ਰਚਦੇ ਹੋ ? ਸਾਹਿਤ ਦਾ ਹੋਕਾ ਕਿਉਂ ਦੇਂਦੇ ਹੋ ? ਫੁਟ-ਪਾਥ 'ਤੇ ਢੇਰ ਲਾ ਕੇ ਚਿਤਰੀ ਵਾਲਾ ਕੇਲਾ ਤੇ ਚਮਨ ਦਾ ਅੰਗੂਰ ਕਿਉਂ ਨਹੀਂ ਵੇਚ ਲੈਂਦੇ ???

ਦੇਸ ਕਹਿ ਲਵੋ ਜਾਂ ਇਲਾਕਾ...ਕੌਮ ਕਹਿ ਲਵੋ ਜਾਂ ਕੌਮੀਅਤ...ਉੱਨਤ ਜ਼ਬਾਨ ਕਹਿ ਲਵੋ ਜਾਂ ਪਛੜੀ ਹੋਈ...ਸੱਚ ਇਹੀ ਹੈ ਕਿ ਪੰਜਾਬ ਇਕ ਦੇਸ ਹੈ ਜਿਸ ਵਿਚ ਪੰਜਾਬੀ ਲੋਕ ਰਹਿੰਦੇ ਹਨ ਅਤੇ ਇਨ੍ਹਾਂ ਲੋਕਾਂ ਦੀ ਜ਼ਬਾਨ ਪੰਜਾਬੀ ਹੈ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਲੋਕਾਂ ਦੇ ਜੀਵਨ ਤੇ ਸਭਿਆਚਾਰ ਦਾ ਉਨ੍ਹਾਂ ਦੀ ਜ਼ਬਾਨ ਤੇ ਸਾਹਿਤ ਨਾਲ ਕਿਤੇ ਨਾ ਕਿਤੇ ਜੋੜ ਤਾਂ ਹੁੰਦਾ ਹੀ ਹੋਵੇਗਾ। ਲੋਕ, ਸਭਿਆਚਾਰ, ਜ਼ਬਾਨ ਤੇ ਸਾਹਿਤ ਦੀ ਇਕ ਲੜੀ ਤਾਂ ਜ਼ਰੂਰ ਬਣਦੀ ਹੀ ਹੈ। ਇਹ ਸਭ ਨਾਲੋ ਨਾਲ ਹੀ ਉੱਨਤੀ ਕਰਦੇ ਹਨ।

ਮਿਸਾਲ ਲਈ, ਇਕ ਮੁਨਾਰਾ ਜਿਹਾ ਖੜਾ ਕਰਦੇ ਹਾਂ। ਥੱਲੇ, ਇਕ ਜ਼ਬਾਨ ਬੋਲਣ ਵਾਲੀ ਇਕ ਕੌਮ ਜਾਂ ਕੌਮੀਅਤ ਦਾ ਥੜਾ ਹੈ। ਫ਼ਰਜ਼ ਕਰੋ ਇਸ ਦੀ ਆਬਾਦੀ ਇਕ ਕਰੋੜ ਹੈ। ਇਸ ਇਕ ਕਰੋੜ ਦੀ ਵਸੋਂ ਵਿਚੋਂ, ਫ਼ਰਜ਼ ਕਰੋ, ਕੋਈ ਵੀਹ ਕੁ ਲੱਖ ਬੰਦੇ ਪੜ੍ਹੇ ਲਿਖੇ ਹਨ। ਇਨ੍ਹਾਂ ਤੋਂ ਉਪਰ ਪੰਜ ਕੁ ਲੱਖ ਅਜਿਹੇ ਬੰਦੇ ਹਨ ਜਿੰਨ੍ਹਾਂ ਦਾ ਸ਼ੁਮਾਰ ਚੰਗੇ ਪੜ੍ਹਿਆਂ-ਲਿਖਿਆਂ ਵਿਚ ਕੀਤਾ ਜਾ ਸਕਦਾ ਹੈ। ਇਨ੍ਹਾਂ ਤੋਂ ਉਪਰ ਕੋਈ ਪੰਜਾਹ ਕੁ ਹਜ਼ਾਰ ਅਜਿਹੇ ਬੰਦੇ ਹੋਣੇ ਚਾਹੀਦੇ ਹਨ ਜਿਨ੍ਹਾਂ ਨੂੰ ਸਾਹਿਤ ਨਾਲ, ਪੁਸਤਕਾਂ ਰਸਾਲਿਆਂ ਨਾਲ, ਲਾਇਬਰੇਰੀਆਂ ਨਾਲ ਚੰਗਾ ਪ੍ਰੇਮ ਹੋਵੇ। ਇਨ੍ਹਾਂ ਦੇ ਉਪਰ ਦੋ ਚਾਰ ਹਜ਼ਾਰ ਲੇਖਕ ਹੋਣ, ਸਾਹਿਤਕਾਰ ਹੋਣ। ਇਹ ਦੋ ਚਾਰ ਹਜ਼ਾਰ ਬੁਧੀਮਾਨ ਤੇ ਸਾਹਿਤਕਾਰ ਜੋ ਲਿਖਣ, ਉਹ ਪੰਜਾਹ ਕੁ ਹਜ਼ਾਰ ਪਾਠਕਾਂ ਵਲੋਂ ਪੜ੍ਹਿਆ ਜਾਵੇ, ਸਲਾਹਿਆ ਜਾਂ ਨਿੰਦਿਆ ਜਾਵੇ। ਉਸ ਦਾ ਕੁਝ ਪ੍ਰਤੀਕਰਮ ਹੋਵੇ। ਇਸ ਲਿਖਤ ਦਾ, ਇਸ ਵਿਚਲੇ ਵਿਚਾਰਾਂ ਦਾ ਕੁਝ ਹਿੱਸਾ ਸਿੰਮ ਕੇ ਥਲੇ ਪੰਜ ਕੁ ਲੱਖ ਚੰਗੇ ਪੜ੍ਹੇ-ਲਿਖੇ ਲੋਕਾਂ ਵਿਚ ਪਹੁੰਚੇ ਅਤੇ ਕੁਝ ਹਿੱਸਾ ਥਲੇ ਦੀ ਵੀਹ ਤੀਹ ਲੱਖ ਪੜ੍ਹੀ ਲਿਖੀ ਵਸੋਂ ਤੱਕ ਵੀ ਪਹੁੰਚੇ, ਉਸ ਦੀ ਸੂਝ ਬੂਝ ਦਾ ਹਿੱਸਾ ਬਣੇ। ਜੇ ਇੰਜ ਹੋਵੇ, ਫਿਰ ਤਾਂ ਬਣੀ ਕੋਈ ਗੱਲ। ਲੇਖਕ ਨੇ ਆਪਣੇ ਲੋਕਾਂ ਨੂੰ ਕੁਝ ਦਿੱਤਾ, ਕੁਝ ਉਨ੍ਹਾਂ ਤੋਂ ਲਿਆ; ਕੁਝ ਸਿਖਿਆ, ਕੁਝ ਸਿਖਾਇਆ।

ਪਰ ਇਥੇ ਪੰਜਾਬੀ ਲੇਖਕਾਂ ਦੀ ਹਾਲਤ ਕੀ ਹੈ? ਕੱਟੇ ਵਢੇ ਤੇ ਬਚੇ-ਖੁਚੇ ਮੌਜੂਦਾ ਪੰਜਾਬ ਦੀ ਵਸੋਂ ਸ਼ਾਇਦ ਇਕ ਕਰੋੜ ਤੋਂ ਵਧੀਕ ਹੈ...ਤੇ ਇਸ ਵਿਸ਼ਾਲ ਚਬੂਤਰੇ ਦੇ ਉਪਰ ਇਕ ਨਿੱਕੀ ਜਿਹੀ ਮਮਟੀ ਹੈ, ਕੋਈ ਡੇਢ ਕੁ ਸੌ ਲੇਖਕਾਂ, ਆਲੋਚਕਾਂ ਤੇ ਪਾਠਕਾਂ ਦੀ। ਇਸ ਡੇਢ ਕੁ ਸੌ ਦੀ ਗਿਣਤੀ ਵਿਚ ਸ: ਗੁਰਬਖਸ਼ ਸਿੰਘ ਪ੍ਰੀਤ ਲੜੀ ਤੋਂ ਲੈ ਕੇ ਤੇਜਵੰਤ ਸਿੰਘ ਤੱਕ ਅਤੇ ਮੋਹਨ ਸਿੰਘ ਮਾਹਿਰ ਤੋਂ ਲੈ ਕੇ ਹਰਿਨਾਮ ਤੱਕ ਸਾਰੇ ਦੇ ਸਾਰੇ ਪੰਜਾਬੀ ਲੇਖਕ ਆ ਜਾਂਦੇ ਹਨ। (ਆਟੇ ਵਿਚ ਲੂਣ ਬਰਾਬਰ ਇਨ੍ਹਾਂ ਵਿਚ ਬੁੱਢੀਆਂ ਵੀ ਸ਼ਾਮਲ ਹਨ!) ਇਹੀ ਲੋਕ ਲਿਖਦੇ ਹਨ, ਇਹੀ ਇਕ ਦੂਜੇ ਦੀਆਂ ਰਚਨਾਵਾਂ ਪੜ੍ਹਦੇ ਹਨ, ਇਹੀ ਗੁੱਡਾ ਬੰਨ੍ਹਦੇ ਹਨ, ਇਹੀ ਪੱਗ ਲਾਹੁੰਦੇ ਹਨ, ਇਹੀ ਮਹਾਨ ਬਣਾਉਂਦੇ ਹਨ, ਇਹੀ ਫ਼ਰਾਡ ਕਰਾਰ ਦੇਂਦੇ ਹਨ, ਇਹੀ ਪ੍ਰਗਤੀਵਾਦੀ ਹਨ ਤੇ ਇਹੀ ਪਰਯੋਗਸ਼ਾਲੀ, ਇਹੀ ਪਰੰਪਰਾਵਾਦੀ ਤੇ ਇਹੀ ਵਿਦਰੋਹੀ। ਇਹੀ ਆਪਣੇ ਆਪ ਨੂੰ ਅਲਟਰਾ ਮਾਡਰਨ, ਸੁੱਰੀਅਲਿਸਟ, ਐਗਜ਼ਿਸਟੈਨਸ਼ਲਿਸਟ ਅਖਵਾਉਂਦੇ ਹਨ ਅਤੇ ਇਹੀ ਬੋਲਡ ਤੇ ਤੱਤੇ ਲਹੂ ਦੇ ਸਾਹਿਤ ਦੇ ਰਚਨਹਾਰੇ ਹਨ...ਇਹੀ ਮੌਲਿਕ ਹਨ ਤੇ ਇਹੀ ਨਕਲੀਏ...ਸੱਚ ਮੰਨਿਉਂ, ਹਨ ਇਹ ਇਹੀ ਡੇਢ ਕੁ ਸੌ ਬੰਦੇ ਜਿਹੜੇ ਪੂਛਾਂ ਚੁਕੀ ਫਿਰਦੇ ਹਨ, ਪਿੰਡੇ 'ਤੇ ਮੱਖੀ ਨਹੀਂ ਬਹਿਣ ਦੇਂਦੇ...

ਲੇਖਕ ਮਿੱਤਰੋ। ਤੁਹਾਡਾ ਗਿਲਾ ਹੈ ਕਿ ਪੰਜਾਬੀ ਲੋਕ ਤੁਹਾਡੀਆਂ ਲਿਖਤਾਂ ਵਿਚ ਦਿਲਚਸਪੀ ਨਹੀਂ ਲੈਂਦੇ, ਤੁਹਾਡੀਆਂ ਕਿਤਾਬਾਂ ਨਾ ਖ਼ਰੀਦਦੇ, ਨਾ ਪੜ੍ਹਦੇ ਹਨ। ਅਖ਼ਬਾਰਾਂ ਰਸਾਲਿਆਂ ਵਿਚ ਕੀ ਛਪਦਾ ਹੈ ਤੇ ਕੀ ਨਹੀਂ ਛਪਦਾ, ਇਸ ਬਾਰੇ ਕਿਸੇ ਪਾਠਕ ਨੂੰ ਕਦੀ ਚਿੰਤਾ ਨਹੀਂ ਹੁੰਦੀ। ਤੁਹਾਡੀ ਸ਼ਿਕਾਇਤ ਸੱਚੀ ਹੈ। ਆਓ ਵੇਖੀਏ, ਕੀ ਇਹ ਜਾਇਜ਼ ਵੀ ਹੈ। ਪ੍ਰਸਿਥਿਤੀ ਇਹੀ ਹੈ, ਜਿਹੜੀ ਤੁਸਾਂ



ਦਸੀ ਹੈ। ਅਜਿਹੀ ਪ੍ਰਸਿਥਿਤੀ ਦੇ, ਮੇਰੀ ਜਾਚੇ, ਤਿੰਨ ਕਾਰਨ ਹੋ ਸਕਦੇ ਹਨ।

ਪਹਿਲਾ: ਪੰਜਾਬ ਵਿਚ ਤਾਲੀਮ ਘਟ ਹੋਵੇ; ਪੜ੍ਹੇ ਲਿਖੇ ਲੋਕਾਂ ਦੀ ਗਿਣਤੀ ਹੀ ਥੋੜੀ ਹੋਵੇ। ਜੇ ਇਹੀ ਗੱਲ ਹੈ ਤਾਂ ਸੁਆਲ ਉਠੇਗਾ ਕਿ ਅਸਾਂ, ਬੁਧੀਜੀਵੀਆਂ ਨੇ, ਲੇਖਕਾਂ ਨੇ ਇਸ ਅਵਸਥਾ ਦੇ ਬਦਲਣ ਵਿਚ ਕੀ ਆਪਣਾ ਰੋਲ ਅਦਾ ਕੀਤਾ ਹੈ? ਪਿਛਲੇ ਬਾਈਆਂ ਤੇਈਆਂ ਸਾਲਾਂ ਵਿਚ ਆਪਣੇ ਲੋਕਾਂ ਵਿਚ ਤਾਲੀਮ ਫੈਲਾਉਣ ਦੇ ਕੰਮ ਵਿਚ ਕੀ ਅਸਾਂ ਪੂਰੀ ਵਾਹ ਲਾਈ ਹੈ? ਕੀ ਅਸੀਂ ਪਛੜੇ ਪਿੰਡਾਂ ਵਿਚ ਗਏ ਹਾਂ? ਬੱਚਿਆਂ ਨੂੰ ਅਤੇ ਬਾਲਗਾਂ ਬੁੱਢਿਆਂ ਨੂੰ ਜਥੇਬੰਦ ਕਰ ਕੇ ਲਿਖਣ ਪੜ੍ਹਣ ਵਾਲੇ ਪਾਸੇ ਲਾਇਆ ਹੈ? ਪੰਜਾਬ ਦੇ ਜਿਹੜੇ ਨੇਤਾਵਾਂ, ਪਾਰਟੀਆਂ ਤੇ ਵਜ਼ਾਰਤਾਂ ਨੇ ਲੋਕਾਂ ਵਿਚ ਤਾਲੀਮ ਫੈਲਾਉਣ ਦੇ ਕੰਮ ਵਲੋਂ ਅਣਗਹਿਲੀ ਵਰਤੀ ਹੈ, ਉਨ੍ਹਾਂ ਨੂੰ ਅਸਾਂ ਨੰਗਿਆਂ ਕੀਤਾ ਹੈ? ਲੇਖਕ ਮਿੱਤਰੋ, ਕੀ ਤੁਸੀਂ ਉਮੀਦ ਕਰਦੇ ਹੋ ਕਿ ਲੋਕਾਂ ਨੂੰ ਤਾਲੀਮ ਤਾਂ ਹਾਕਮ ਜਮਾਤਾਂ ਦੇਣ ਅਤੇ ਤਾਲੀਮ ਹਾਸਲ ਕਰ ਕੇ ਲੋਕ ਤੁਹਾਡੀਆਂ ਕਵਿਤਾਵਾਂ ਤੇ ਕਹਾਣੀਆਂ ਪੜ੍ਹਣ ਜਿਨ੍ਹਾਂ ਵਿਚ ਤੁਸਾਂ ਉਨ੍ਹਾਂ ਜਮਾਤਾਂ ਦੀ ਹੀ ਨਿਖੇਧੀ ਕੀਤੀ ਹੋਈ ਹੋਵੇ? ਤੁਸੀਂ ਬੜੇ ਹੀ ਭੋਲੇ ਹੋ, ਲੇਖਕ ਮਿੱਤਰੋ!

ਜੇ ਮਨੁੱਖ ਦੀ ਅਜ਼ਾਦੀ ਤੇ ਮਨੁੱਖ ਦੀ ਭਲਾਈ ਤੁਹਾਡਾ ਆਦਰਸ਼ ਹੈ ਤਾਂ ਮਨੁੱਖ ਨੂੰ ਤਾਲੀਮ ਵੀ ਤੁਹਾਨੂੰ ਹੀ ਦੇਣੀ ਪਵੇਗੀ ਤੇ ਉਸ ਦੇ ਦਿਮਾਗ਼ ਨੂੰ ਰੋਸ਼ਨ ਕਰਨ ਵਾਲਾ ਸਾਹਿਤ ਵੀ ਤੁਹਾਨੂੰ ਹੀ ਰਚਨਾ ਪਵੇਗਾ। ਤਾਲੀਮ ਦੇਣ ਦਾ ਕੰਮ, ਤੁਸੀਂ ਧਨਵਾਨ ਤੇ ਦਾਬੂ ਸ਼੍ਰੇਣੀਆਂ ਦੇ ਸਿਰ 'ਤੇ ਨਹੀਂ ਛਡ ਸਕਦੇ।

ਦੂਜਾ: ਪੰਜਾਬੀ ਲੋਕਾਂ ਵਿਚ ਤਾਲੀਮ ਵੀ ਬਥੇਰੀ ਹੈ, ਉਂਜ ਵੀ ਉਹ ਸੌਖੇ ਹਨ, ਪਰ ਪੜ੍ਹਣ ਲਿਖਣ ਦਾ ਸ਼ੌਕ ਉਨ੍ਹਾਂ ਵਿਚ ਉਂਜ ਹੀ ਕੁਝ ਘਟ ਹੈ। ਖਾਂਦੇ ਪੀਂਦੇ ਪੰਜਾਬੀ ਘਰਾਂ ਵਿਚ ਸਭ ਕੁਝ ਹੁੰਦਾ ਹੈ, ਪਰ ਕਿਤਾਬਾਂ, ਰਸਾਲੇ ਨਹੀਂ ਹੁੰਦੇ—ਤੁਸੀਂ ਇਹ ਸ਼ਿਕਾਇਤ ਆਮ ਕਰਦੇ ਹੋ। ਪੰਜਾਬੀ ਚੰਗਾ ਖਾਂਦਾ ਪੀਂਦਾ ਹੈ, ਸੁਹਣਾ ਜੀਊਂਦਾ ਹੈ ਅਤੇ ਜੇ ਬਹੁਤ ਸੌਖਾ ਹੋਵੇ ਤਾਂ ਵਧੀਆ ਦਾਰੂ ਪੀ ਕੇ, ਜਲੰਧਰ ਤੇ ਲੁਧਿਆਣੇ ਜੀ. ਟੀ. 'ਤੇ ਟਰੈਕਟਰ ਖੜਾ ਕਰ ਕੇ ਉਹ ਉਸ ਹੋਟਲ ਅੰਦਰ ਜਾਂਦਾ ਹੈ ਜਿਥੇ ਕੈਬਰੇ ਹੋ ਰਿਹਾ ਹੋਵੇ। ਲੇਖਕ ਮਿੱਤਰੋ, ਜੇ ਇਹ ਹੀ ਗੱਲ ਹੈ ਤਾਂ ਵੀ ਸਾਨੂੰ ਆਪਣੀ ਹੀ ਪੀੜ੍ਹੀ ਹੇਠ ਸੋਟਾ ਫੇਰਨਾ ਪਵੇਗਾ। ਪੰਜਾਬੀ ਹਿੰਮਤ ਵਾਲਾ ਜੀਵ ਹੈ। ਪਿਛਲੇ ਵੀਹਾਂ ਬਾਈਆਂ ਸਾਲਾਂ ਵਿਚ ਪੰਜਾਬੀ ਕਿਸਾਨ ਨੇ ਕਰ ਕੇ ਵਿਖਾ ਦਿੱਤਾ ਹੈ ਕਿ ਖੇਤੀਬਾੜੀ ਕਿਵੇਂ ਕਰੀਦੀ ਹੈ। ਸਨਅੱਤਕਾਰ ਨੇ ਪ੍ਰਤੱਖ ਕਰ ਕੇ ਦੱਸ ਦਿੱਤਾ ਹੈ ਕਿ ਸਨਅੱਤ ਕਿਵੇਂ ਉੱਨਤ ਕਰੀਦੀ ਹੈ। ਦਸਤਕਾਰ ਨੇ ਸਾਬਤ ਕਰ ਦਿੱਤਾ ਹੈ ਕਿ ਕੀ ਹੈ, ਜੋ ਉਹ ਆਪਣੇ ਹੱਥਾਂ ਨਾਲ ਬਣਾ ਨਹੀਂ ਸਕਦਾ। ਪਰ ਕੀ ਪੰਜਾਬ ਦੇ ਬੁਧੀਜੀਵੀ ਵਰਗ ਨੇ, ਪੰਜਾਬੀ ਲੇਖਕਾਂ ਤੇ ਕਵੀਆਂ ਨੇ ਆਪਣਾ ਕਰਤੱਵ ਪਾਲਿਆ ਹੈ? ਕੀ ਉਸ ਦੀਆਂ ਰਚਨਾਵਾਂ ਨੇ ਕਾਮਿਆਂ ਕਿਸਾਨਾਂ ਨੂੰ ਟੁੰਬਿਆਂ ਹੈ? ਉਹ ਉਨ੍ਹਾਂ ਦੀ ਸੋਚ ਦਾ ਹਿੱਸਾ ਬਣੀਆਂ ਹਨ? ਪੰਜਾਬ ਦੇ ਅਮੀਰ ਤਬਕੇ ਬਾਰੇ, ਤੁਸੀਂ ਸਾਹਿਤਕਾਰ, ਸ਼ਿਕਾਇਤ ਕਰਦੇ ਹੋ ਕਿ ਉਹ ਕਿਤਾਬਾਂ ਖ਼ਰੀਦ ਸਕਦਾ ਹੈ, ਪਰ ਖ਼ਰੀਦਦਾ ਨਹੀਂ...ਬਹੁਤ ਬੁਰੀ ਗੱਲ ਹੈ। ਪਰ ਵੀਰੋ, ਉਹ ਤਬਕਾ ਤੁਹਾਡੀਆਂ ਕਿਤਾਬਾਂ ਕਿਉਂ ਖ਼ਰੀਦੇ? ਹਾਂ, ਉਹ ਤਬਕਾ ਵੀ ਤੁਹਾਡੀਆਂ ਕਿਤਾਬਾਂ ਖ਼ਰੀਦ ਸਕਦਾ ਹੈ ਦੋ ਸੂਰਤਾਂ ਵਿਚ। ਪਹਿਲੀ ਇਹ ਕਿ ਜੇ ਤੁਹਾਡੀਆਂ ਕਿਤਾਬਾਂ ਚਟਪਟੇ ਸਸਤੇ ਸੁਆਦਾਂ ਨਾਲ ਭਰੀਆਂ ਹੋਣ। ਇਹ ਗੱਲ ਤੁਹਾਨੂੰ ਮਨਜ਼ੂਰ ਨਹੀਂ। ਤੁਸੀਂ ਬੁਧੀਜੀਵੀ ਹੋ। ਤੁਸੀਂ ਘਟੀਆ ਸਾਹਿਤ ਲਿਖਣਾ ਨਹੀਂ ਚਾਹੁੰਦੇ; ਧਨਵਾਨਾਂ ਨ ਹੱਥੀਂ ਵਿਕਣਾ ਨਹੀਂ ਚਾਹੁੰਦੇ। ਦੂਜੀ ਸੂਰਤ ਇਹ ਹੈ ਕਿ ਤੁਹਾਡੇ ਸਾਹਿਤ ਵਿਚ ਅਜਿਹੇ ਸੱਚ ਦਾ ਬਿਆਨ ਹੋਵੇ, ਜਿਸ ਤੋਂ ਇਸ ਤਬਕੇ ਨੂੰ ਇਹ ਪਤਾ ਲੱਗ ਜਾਵੇ ਕਿ

ਊਚ ਨੀਚ ਦਾ, ਅਮੀਰ ਗ਼ਰੀਬ ਦਾ, ਹਾਕਮ ਮਹਿਕੂਮ ਦਾ ਇਹ ਅੱਜ ਵਾਲਾ ਢਾਂਚਾ ਸਤਗੁਰਾਂ ਦਾ ਧੁਰੋਂ ਬਖ਼ਸ਼ਿਆ ਹੋਇਆ ਕੋਈ ਅਟੱਲ ਤੇ ਅਮਰ ਢਾਂਚਾ ਨਹੀਂ ਹੈ, ਅਤੇ ਨਾ ਹੀ ਹਮੇਸ਼ਾਂ ਇਹ ਤਬਕਾ ਜਨਤਾ ਨੂੰ ਉੱਲੂ ਬਣਾਉਣ ਵਿਚ ਸਫਲ ਹੋ ਸਕਦਾ ਹੈ। ਜੇ ਤੁਹਾਡੇ ਸਾਹਿਤ ਵਿਚ ਇਸ ਸੱਚ ਦਾ ਬਿਆਨ ਹੋਵੇਗਾ ਤਾਂ ਨਿਰਸੰਦੇਹ ਇਹ ਤਬਕਾ ਤੁਹਾਥੋਂ ਭੈ ਵੀ ਖਾਵੇਗਾ ਅਤੇ ਤੁਹਾਨੂੰ ਪੜ੍ਹੇਗਾ ਵੀ। ਤੁਹਾਡੀਆਂ ਕਿਤਾਬਾਂ 'ਤੇ ਪਾਬੰਦੀ ਵੀ ਲਾਵੇਗਾ, ਤੁਹਾਨੂੰ ਜੇਲ੍ਹ ਵਿਚ ਵੀ ਸੁਟੇਗਾ, ਪਰ ਤੁਹਾਨੂੰ ਪੜ੍ਹੇਗਾ ਜ਼ਰੂਰ ਇਹ ਵੇਖਣ ਲਈ ਕਿ ਤੁਹਾਡਾ ਪੈਂਤੜਾ ਕਿਹੜਾ ਹੈ ਅਤੇ ਤੁਹਾਡੇ ਹਮਲੇ ਦੀ ਕਿਸਮ ਕਿਹੜੀ ਹੈ। ਇਹ ਤਬਕਾ ਬੜਾ ਚਾਤੁਰ ਹੁੰਦਾ ਹੈ, ਲੇਖਕ ਮਿੱਤਰੋ, ਅਤੇ ਮੁਆਫ਼ ਕਰਨਾ, ਤੁਹਾਡੇ ਨਾਲੋਂ ਕਿਤੇ ਵਧ ਹੁਸ਼ਿਆਰ ਵੀ।

ਸੱਚ ਇਹ ਹੈ ਕਿ ਤੁਸਾਂ ਲੇਖਕਾਂ ਨੇ ਹਾਲਾਂ ਤੱਕ ਇਨ੍ਹਾਂ ਦੋ ਸੂਰਤਾਂ ਵਿਚੋਂ ਇਕ ਵੀ ਚੁਣੀ ਨਹੀਂ। ਤੁਸੀਂ ਵਿਚ ਵਿਚਾਲੀ ਕਿਸਮ ਦੀ, ਦੁਵਿਚਲੀ ਜਿਹੀ ਕੋਈ ਚੀਜ਼ ਰਚੀ ਜਾ ਰਹੇ ਹੋ...ਨਿਪੁੰਸਕ ਜਿਹਾ ਸਾਹਿਤ। ਇਸ ਨੂੰ ਪ੍ਰਯੋਗਵਾਦੀ ਸਾਹਿਤ ਕਹਿ ਲਵੋ ਜਾਂ ਤੱਤੇ ਲਹੂ ਦਾ ਸਾਹਿਤ, ਪਰ ਹੈ ਇਹ ਬਿਲਕੁਲ ਬੇਅਸਰ ਤੇ ਬੇਮਤਲਬ ਸਾਹਿਤ।

ਤੀਜਾ : ਇਹ ਹੋ ਸਕਦਾ ਹੈ ਕਿ ਤੁਹਾਡੀਆਂ ਰਚਨਾਵਾਂ ਪੰਜਾਬੀ ਲੋਕਾਂ ਦੇ ਕੋਲ ਕੋਲ ਦੀ ਪਰੇ ਪਰੇ, ਪਾਸਾ ਦੇ ਕੇ ਲੰਘ ਜਾਂਦੀਆਂ ਹੋਣ। ਨਾ ਉਹ ਲੋਕਾਂ ਵਿਚੋਂ ਉਪਜਦੀਆਂ ਹੋਣ ਤੇ ਨਾ ਹੀ ਲੋਕਾਂ ਦੀ ਬੁੱਧੀ ਵਿਚ ਇੰਜ ਰਚਦੀਆਂ ਹੋਣ ਜਿਵੇਂ ਕਣੀ ਕਣੀ ਪੈਂਦਾ ਮੀਂਹ ਧਰਤੀ ਵਿਚ ਰਚ ਜਾਂਦਾ ਹੈ। ਜਦ ਮਨਾਂ ਦੀ ਧਰਤੀ ਵਤਰ ਨਹੀਂ ਆਏਗੀ, ਉਸ ਵਿਚੋਂ ਉਗੇਗਾ ਕੀ ? ਤੁਸੀਂ ਬਦੇਸ਼ੀ ਸਾਹਿਤ ਪੜ੍ਹਦੇ ਹੋ, ਉਸ ਵਿਚ ਪੇਸ਼ ਕੀਤੇ ਵਿਚਾਰਾਂ, ਸੰਕਲਪਾ ਤੋਂ ਮੁੱਤਾਸਿਰ ਹੁੰਦੇ ਹੋ, ਤੁਹਾਨੂੰ ਸਿਗਰਟ ਕੇਫ਼ੇ, ਜੰਗਲ ਤੇ ਲਿੰਗ-ਭੋਗ ਦੇ ਬਿੰਬ ਪਰਭਾਵਿਤ ਕਰਦੇ ਹਨ। ਤੁਸੀਂ ਪੱਛਮ ਦੇ ਸਾਹਿਤਕਾਰਾਂ ਵਾਂਗ ਲਿਖਣਾ ਲੋਚਦੇ ਹੋ, ਪੱਛਮ ਵਿਚ ਪ੍ਰਚਲਤ ਸਭ ਸਾਹਿਤਕ ਧਾਰਾਵਾਂ ਦਾ ਗਿਆਨ ਰਖਦੇ ਹੋ...ਪਰ ਸਭ ਤੋਂ ਵੱਡੀ ਬੁਨਿਆਦੀ ਗੱਲ ਜਿਹੜੀ ਤੁਸੀਂ ਭੁੱਲ ਜਾਂਦੇ ਹੋ ਉਹ ਹੈ...ਤੁਹਾਡਾ ਪਾਠਕ। ਜੋ ਲਿਖਦੇ ਹੋ, ਕੀ ਉਹ ਤੁਹਾਡੇ ਪਾਠਕ ਦੇ ਪਿੜ-ਪੱਲੇ ਵੀ ਪੈਂਦਾ ਹੈ ? ਲੇਖਕ ਤੇ ਪਾਠਕ ਦੀ ਵੇਵ-ਲੈਂਗਥ ਕੀ ਇਕ ਹੈ ? ਸੁਰ ਇਕ ਹੈ ? ਇਸ ਗੱਲ ਦਾ ਜਵਾਬ ਲੇਖਕਾਂ ਨੂੰ ਸੋਚਣਾ ਪਵੇਗਾ। ਅੱਜ ਨਹੀਂ, ਤਾਂ ਕਲ੍ਹ, ਕਲ੍ਹ ਨਹੀਂ ਤਾਂ ਪਰਸੋਂ...ਇਸ ਸਵਾਲ ਦਾ ਜਵਾਬ ਉਨ੍ਹਾਂ ਨੂੰ ਜ਼ਰੂਰ ਸੋਚਣਾ ਪਵੇਗਾ।

ਕਈ ਵਾਰ, ਤੁਸੀਂ ਇਹ ਦੱਸਣ ਲਈ ਕਿ ਤੁਸੀਂ ਬਿਲਕੁਲ ਹੀ ਨਿਪੁੰਸਕ ਸਾਹਿਤ ਨਹੀਂ ਰਚ ਰਹੇ ਤੁਸੀਂ ਵੀਅਤਨਾਮ ਤੇ ਚੇਕੋਸਲੋਵਾਕੀਆਂ ਬਾਰੇ ਅਤੇ ਜਾਂ ਸੰਸਾਰ ਵਿਚ ਉਠ ਰਹੇ ਕਈ ਦੂਜੇ ਮਸਲਿਆਂ ਬਾਰੇ ਕਵਿਤਾਵਾਂ ਲਿਖਦੇ ਹੋ। ਆਪਣੇ ਆਪ ਵਿਚ ਇਹ ਕੋਈ ਮਾੜੀ ਗੱਲ ਨਹੀਂ। ਤੁਹਾਡੀ ਭਾਵਨਾ ਸਹੀ ਹੈ, ਨੇਕ ਹੈ। ਪਰ ਜ਼ਿੰਦਗੀ ਦੀ ਇਹ ਵੀ ਇਕ ਅਸਲੀਅਤ ਹੈ ਕਿ ਤੁਹਾਡਾ ਕਿਹਾ ਸੰਸਾਰ ਵਿਚ ਤਾਂ ਹੀ ਸੁਣਿਆ ਜਾਵੇਗਾ, ਤਾਂ ਹੀ ਭਬਕ ਮੰਨਿਆ ਜਾਵੇਗਾ, ਜੇਕਰ ਇਥੇ, ਤੁਹਾਡੀ ਗੱਲ ਨੂੰ ਸੁਣਨ ਅਤੇ ਉਸ ਨੂੰ ਵਜ਼ਨ ਦੇਣ ਵਾਲੇ ਤੁਹਾਡੇ ਪਿੱਛੇ ਤੁਹਾਡੇ ਆਪਣੇ ਲੋਕ ਹੋਣਗੇ, ਪੰਜਾਬੀ ਲੋਕ, ਜਿਹੜੇ ਤੁਹਾਡੀ ਜ਼ਬਾਨ ਤੇ ਤੁਹਾਡੀ ਗੱਲ ਨੂੰ ਸਮਝ ਸਕਦੇ ਹਨ। ਨਹੀਂ ਤਾਂ ਤੁਹਾਡੀ ਇਹ ਭਬਕ ਸੰਸਾਰ ਵਿਚ ਕੌਡੀ ਦੇ ਭਾਅ ਜਾਏਗੀ; ਇਸ ਨੂੰ ਏਵੇਂ ਮੂੰਹ ਖੋਲ੍ਹਣਾ ਜਾਂ ਉਬਾਸੀ ਲੈਣਾ ਹੀ ਸਮਝਿਆ ਜਾਵੇਗਾ।

ਭਬਕ ਇਥੇ ਪੈਦਾ ਕਰੋ, ਲੇਖਕ ਮਿਤਰੋ, ਇਥੇ ਆਪਣੀ ਧਰਤੀ ਵਿਚ ਝੰਡੇ ਗੱਡੋ, ਆਪਣੇ ਲੋਕਾਂ ਨਾਲ ਮਿਲ ਕੇ ਜੂਝੋ। ਆਪਣੇ ਲੋਕਾਂ ਦੇ ਜੀਵਨ, ਹਾਵਾਂ-ਭਾਵਾਂ, ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਲਿਖੋ... ਉਨ੍ਹਾਂ ਨੂੰ ਸਿਖਾਓ, ਉਨ੍ਹਾਂ ਕੋਲੋਂ ਸਿਖੋ। ਜੇ ਇਹ ਲੋਕ ਤੁਹਾਡੇ ਨਾਲ ਹਨ, ਜੇ ਇਨ੍ਹਾਂ ਦੀ ਸੂਝ-ਬੂਝ ਦਾ



ਪਧਰ ਤੁਸਾਂ ਉਚਾ ਕਰ ਲਿਆ ਹੈ ਤਾਂ ਦੋ ਸਤਰਾਂ ਦਾ ਤੁਹਾਡਾ ਬਿਆਨ ਵੀ ਦੁਨੀਆਂ ਵਿਚ ਗਰਜ ਮੰਨਿਆ ਜਾਵੇਗਾ, ਜੇ ਨਹੀਂ ਤਾਂ ਤੁਹਾਡੀ ਪੂਰੀ ਨਜ਼ਮ ਵੀ ਕਾਗ਼ਜ਼ ਦੇ ਚੀਥੜੇ ਤੋਂ ਵਧ ਨਹੀਂ ਸਮਝੀ ਜਾਏਗੀ। ਸਾਡੇ ਸਾਹਿਤ ਵਿਚ ਉਦੋਂ ਹੀ ਸ਼ਕਤੀ ਪੈਦਾ ਹੋਵੇਗੀ ਜਦ ਇਹ ਸਾਹਿਤ ਪੰਜਾਬ ਦੇ ਲੋਕਾਂ ਨਾਲ ਇੰਜ ਜੁੜਿਆ ਹੋਇਆ ਹੋਵੇਗਾ ਜਿਵੇਂ ਨੌਹਾਂ ਨਾਲ ਮਾਸ।

ਲੇਖਕ ਮਿੱਤਰੋ, ਪੰਜਾਬ ਦੀ ਆਰਥਕ ਖ਼ੁਸ਼ਹਾਲੀ ਤੁਹਾਨੂੰ ਨਜ਼ਰ ਆਉਂਦੀ ਹੈ, ਕਲਚਰਲ ਕੰਗਾਲੀ ਕਿਉਂ ਨਜ਼ਰ ਨਹੀਂ ਆਉਂਦੀ ? ਤਾਲੀਮ ਦਾ ਫੈਲਾਅ ਤਾਂ ਤੁਹਾਨੂੰ ਦਿਸਦਾ ਹੈ, ਤਾਲੀਮ ਦੀ ਗ਼ਰੀਬੀ ਕਿਉਂ ਨਹੀਂ ਦਿਸਦੀ ? ਟਰੈਕਟਰ ਤੇ ਟੈਰੇਲੀਨ ਤਾਂ ਦਿਖਾਈ ਦੇਂਦੇ ਹਨ, ਮਨੁੱਖ ਦੀ ਅਪੁੱਠ ਹੁੰਦੀ ਜਾਂਦੀ ਸੋਚ ਕਿਉਂ ਦਿਖਾਈ ਨਹੀਂ ਦੇਂਦੀ ?

ਥਾਣੇ, ਕਚਹਿਰੀਆਂ ਤੇ ਜੇਲ੍ਹਾਂ ਨਾਲ ਕਦੀ ਵਾਹ ਪਿਆ ਹੈ ਤੁਹਾਡਾ ? ਅਦਾਲਤਾਂ ਵਿਚ ਕਿਵੇਂ ਬੇਕਸੂਰੀ ਜਨਤਾ ਦਿਨ ਰਾਤ ਪਰੇਸ਼ਾਨ ਹੁੰਦੀ ਹੈ, ਕਦੀ ਵੇਖੀ ਜੇ ? ਡਿਸਪੈਂਸਰੀਆਂ ਤੇ ਹਸਪਤਾਲਾਂ ਵਿਚ ਜਨ-ਸਾਧਾਰਨ ਨਾਲ ਜੋ ਬੀਤਦੀ ਹੈ ਕਦੀ ਆਪਣੀ ਅੱਖੀਂ ਡਿਠੀ ਜੇ ? ਸਕੂਲਾਂ, ਕਾਲਜਾਂ ਵਿਚ ਕਿਹੋ ਜਿਹੀ ਤਾਲੀਮ ਦਿੱਤੀ ਜਾ ਰਹੀ ਹੈ ਤੇ ਕੀ ਮਾਹੌਲ ਹੈ ਓਥੇ, ਇਸ ਬਾਰੇ ਕਦੀ ਫ਼ਿਕਰਮੰਦ ਹੋਏ ਹੋ ? ਸਾਹਿਤ ਦੇ ਖੇਤਰ ਵਿਚ, ਕਿਤਾਬਾਂ ਛਾਪਣ ਤੇ ਵੇਚਣ ਦੇ ਖੇਤਰ ਵਿਚ ਜੋ ਧਾਂਦਲੀ ਮੱਚੀ ਹੋਈ ਹੈ, ਉਸ ਬਾਰੇ ਕਦੀ ਚਿੰਤਾਤੁਰ ਹੋਏ ਹੋ ? ਟਿਕਟ-ਘਰਾਂ ਦੇ ਬਾਹਰ ਤੇ ਗੱਡੀਆਂ ਅੰਦਰ ਜਨਸਾਧਾਰਨ ਜਿਵੇਂ ਰੁਲ ਰਿਹਾ ਹੈ, ਧਰਮ ਅਸਥਾਨਾਂ ਅਤੇ ਸੰਤਾਂ ਸਾਧੂਆਂ ਦੇ ਡੇਰਿਆਂ 'ਤੇ ਭੋਲੀ ਜਨਤਾ ਕਿਵੇਂ ਖੁਆਰ ਹੋ ਰਹੀ ਹੈ, ਵਹਿਮਾਂ ਤੇ ਤੁਅੱਸਬਾਂ ਦੇ ਜ਼ਹਿਰ ਦੇ ਟੀਕੇ ਕਿਵੇਂ ਜਨ ਸਾਧਾਰਨ ਨੂੰ ਸੁਆਰਥੀ ਲੋਕ ਲਾਈ ਜਾ ਰਹੇ ਹਨ—ਇਸ ਸਭ ਕਾਸੇ ਦੀ ਛਾਣ ਬੀਨ ਆਪਣੀਆਂ ਰਚਨਾਵਾਂ ਵਿਚ ਤੁਸਾਂ ਕਦੇ ਕੀਤੀ ਹੈ ? ਰਾਜਨੀਤੀ ਤੇ ਸਰਕਾਰੀ ਪ੍ਰਬੰਧ ਵਿਚ ਜੋ ਭਰਿਸ਼ਟਾਚਾਰ ਤੇ ਅਫ਼ਰਾਤਫ਼ਰੀ ਮਚੀ ਹੋਈ ਹੈ ਉਸ ਨੇ ਕਦੀ ਤੁਹਾਡੀ ਨੀਂਦ ਹਰਾਮ ਕੀਤੀ ਹੈ ? ਤੁਸੀਂ ਕਦੀ ਇਸ ਸਭ ਕਾਸੇ ਦੇ ਵਿਰੁਧ ਆਵਾਜ਼ ਉਠਾਈ ਹੈ ? ਤਲਵਾਰ ਵਾਂਗ ਕਲਮ ਚੁਕੀ ਹੈ ? ਸਿਰ ਤਲੀ 'ਤੇ ਰਖ ਕੇ ਅੱਗੇ ਆਏ ਹੋ ? ਜਾਪਦਾ ਹੈ ਅਜ ਦੇਸ਼ ਦੇ ਜਨਸਾਧਾਰਨ ਨੇ ਅਤੇ ਤੁਸਾਂ ਬੁਧੀਜੀਵੀਆਂ ਨੇ ਇਕ ਹੀ ਗੁਰਮੰਤਰ ਅਪਣਾ ਲਿਆ ਹੈ ਤੇ ਉਹ ਹੈ : ਸਭ ਚਲਦਾ ਹੈ !

ਸਾਹਿਤ ਦਾ ਕੀ ਫ਼ਰਜ਼ ਹੈ, ਮੇਰੇ ਮਿੱਤਰੋ ? ਗੱਦੇਦਾਰ ਸੋਫ਼ੇ 'ਤੇ ਕਦੀ ਸਿੱਧੀ ਤੇ ਕਦੀ ਪੁੱਠੀ ਹੋ ਰਹੀ, ਵਿਹਲੀ ਤੇ ਰਜੀ ਸੁੰਦਰ ਨਾਰ ਦਾ ਦਿਲ ਬਹਿਲਾਣਾ ? ਉਮਰੋਂ ਢਲੇ ਤੇ ਲਾਲਾਂ ਛਡਦੇ, ਬੁੜ੍ਹ ਦੇ ਮਾਰੇ ਬੰਦਿਆਂ ਲਈ ਸਸਤੇ ਸੁਆਦਾਂ ਵਾਲੀਆਂ ਲਿੰਗ-ਭੜਕਾਅ ਦੀਆਂ ਲਿਖਤਾਂ ਮੁਹੱਈਆ ਕਰਨੀਆਂ ? ਜਵਾਨ ਹੋ ਰਹੇ ਮੁੰਡੇ ਕੁੜੀਆਂ ਦੇ ਕੱਚੇ-ਪੱਕੇ ਵਿਚਾਰਾਂ ਨੂੰ ਲਾਂਬੂ ਲਾ ਕੇ ਉਤੇਜਿਤ ਕਰਨਾ ? ਲੋਕਾਂ ਵਿਚ ਮਜ਼ੁਬੀ ਦੋਫ਼ਾੜਾਂ ਨੂੰ ਚੌੜਿਆਂ ਕਰਨਾ ?

ਸਾਹਿਤ ਓਹੀ ਪ੍ਰਵਾਨ ਚੜ੍ਹੇਗਾ, ਲੇਖਕ ਮਿੱਤਰੋ, ਜਿਹੜਾ ਹੱਥਾਂ ਨਾਲ ਮਿਹਨਤ ਕਰਨ ਵਾਲੇ ਲੋਕਾਂ ਲਈ ਹੋਵੇਗਾ, ਜਿਹੜਾ ਉਨ੍ਹਾਂ ਯੁਵਕਾਂ ਯੁਵਤੀਆਂ ਲਈ ਹੋਵੇਗਾ ਜਿਨ੍ਹਾਂ ਦੇ ਮਨਾਂ ਅੰਦਰ ਆਦਰਸ਼ ਹਨ ਤੇ ਜਿਹੜੇ ਆਦਰਸ਼ ਦੀ ਪਰਾਪਤੀ ਲਈ ਹੰਭਲਾ ਮਾਰਨ ਦੀ ਲਗਨ ਰਖਦੇ ਹਨ, ਸਾਹਿਤ ਜਿਹੜਾ ਪਾਠਕ ਦੇ ਹੱਡਾਂ ਵਿਚ ਮਨੁੱਖ-ਜਾਤੀ ਦਾ ਇਸ਼ਕ ਰਚਾਏਗਾ। ਅਸਲ ਸਾਹਿਤ ਓਹੀ ਹੈ ਜਿਹੜਾ ਮਨੁੱਖ ਦੀ ਸੁਤੰਤਰਤਾ ਤੇ ਉਸ ਦੇ ਸੁਹੱਪਣ ਦੇ ਘੋਲ ਵਿਚ ਦਲੇਰੀ ਨਾਲ ਹਿੱਸਾ ਪਾਵੇ। ਓਹੀ ਸਾਹਿਤ ਅਸਲ ਅਰਥਾਂ ਵਿਚ ਪਰਗਤੀਸ਼ੀਲ ਹੋਵੇਗਾ ਤੇ ਓਹੀ ਪਰਯੋਗਵਾਦੀ, ਓਹੀ ਵਿਦਰੋਹੀ ਤੇ ਓਹੀ ਤੱਤੇ ਲਹੂ ਦਾ। ਜਿਸ ਸਾਹਿਤ ਵਿਚ ਮਨੁੱਖ ਲਈ ਪਿਆਰ ਨਹੀਂ, ਮਨੁੱਖ ਦੀ ਆਜ਼ਾਦੀ ਤੇ ਖ਼ੂਬਸੂਰਤੀ

ਲਈ ਜਦੋ-ਜਹਿਦ ਨਹੀਂ, ਉਸ ਦਾ ਦਰਜਾ "ਵਰਾਇਟੀ ਪ੍ਰੋਗਰਾਮ" ਵਾਲੇ ਸਾਹਿਤ ਤੋਂ ਵਧ ਨਹੀਂ ਹੋ ਸਕਦਾ।

ਹਰ ਲੇਖਕ ਲਈ ਆਪਣੀ ਮਾਂ ਬੋਲੀ ਦੀ ਚੰਗੀ ਜਾਣਕਾਰੀ ਜ਼ਰੂਰੀ ਹੈ। ਜਿਹੜਾ ਲੇਖਕ ਆਪਣੀ ਮਾਂ-ਬੋਲੀ ਨੂੰ ਚੰਗੀ ਤਰ੍ਹਾਂ ਨਹੀਂ ਜਾਣਦਾ ਉਹ ਆਪਣੀ ਮਾਂ-ਬੋਲੀ ਦੀ ਖ਼ੂਬਸੂਰਤੀ ਦਾ ਰਸ ਭਲਾ ਕਿਵੇਂ ਮਾਣ ਸਕਦਾ ਹੈ, ਕਿਸੇ ਕਿਤਾਬ ਜਾਂ ਗੀਤ ਦਾ ਉਸ ਦੇ ਮਨ ਉਤੇ ਭਲਾ ਕੀ ਅਸਰ ਪੈ ਸਕਦਾ ਹੈ, ਉਸ ਦੀ ਯਾਦ—ਸ਼ਕਤੀ ਵਿਚ ਕਵਿਤਾ ਦਾ ਭੰਡਾਰ ਭਲਾ ਕਿਵੇਂ ਜਮ੍ਹਾਂ ਹੋ ਸਕਦਾ ਹੈ? ਤੁਹਾਡੇ ਵਿਚੋਂ ਕਿੰਨੇ ਹਿੱਕ 'ਤੇ ਹੱਥ ਮਾਰ ਕੇ ਕਹਿ ਸਕਦੇ ਹਨ ਕਿ ਉਨ੍ਹਾਂ ਮਾਂ-ਬੋਲੀ ਨੂੰ ਸਿਖਣ ਲਈ ਮਿਹਨਤ ਕੀਤੀ ਹੈ, ਪੁਰਾਣੇ ਸਾਹਿਤ ਨੂੰ ਪੜ੍ਹਿਆ ਹੈ, ਆਪਣੇ ਹੱਡਾਂ ਵਿਚ ਰਚਾਇਆ ਹੈ?

ਇਥੇ ਮੈਂ ਗੋਰਕੀ ਦੀਆਂ ਦੋ ਟੂਕਾਂ ਤੁਹਾਡੇ ਨਾਲ ਸਾਂਝੀਆਂ ਕਰਨਾ ਚਾਹੁੰਦਾ ਹਾਂ। ਰੂਸੀ ਇਨਕਲਾਬ ਤੋਂ ਪਹਿਲਾਂ ਦੇ ਸਾਹਿਤ ਦਾ ਜ਼ਿਕਰ ਕਰਦਿਆਂ ਗੋਰਕੀ ਨੇ ਕਿਹਾ ਸੀ, "ਸਾਡਾ ਸਾਹਿਤ ਸਾਡਾ ਗੌਰਵ ਹੈ...ਇਹ ਸਭ ਤੋਂ ਉੱਤਮ ਚੀਜ਼ ਹੈ, ਜਿਹੜੀ ਸਾਡੀ ਕੌਮ ਨੇ ਪੈਦਾ ਕੀਤੀ ਹੈ।"

ਕੀ ਆਉਣ ਵਾਲੀ ਪੁਸ਼ਤ ਸਾਡੇ ਅਜ ਦੇ ਸਾਹਿਤ ਬਾਰੇ ਇਹ ਗੱਲ ਮਾਣ ਨਾਲ ਕਹਿ ਸਕੇਗੀ?

ਉਸ ਸਮੇਂ ਦੇ, ਇਨਕਲਾਬ ਤੋਂ ਪਹਿਲਾਂ ਦੇ ਸਮੇਂ ਦੇ ਸਾਹਿਤ ਬਾਰੇ ਗੋਰਕੀ ਨੇ ਕਿਹਾ ਸੀ ਕਿ "ਰੂਸੀ ਸਾਹਿਤ ਦਾ ਵੱਡਾ ਹਿੱਸਾ ਸਵਾਲਾਂ ਦਾ ਸਾਹਿਤ ਸੀ।" ਅਸਾਂ ਪਿਛਲੇ ਵੀਹ ਸਾਲਾਂ ਦੇ ਸਾਹਿਤ ਵਿਚ ਕਿੰਨੇ ਸਵਾਲ ਉਠਾਏ ਹਨ? ਦੇਸ਼ ਅੰਦਰ, ਸਮਾਜ ਅੰਦਰ ਕੀ ਹੋ ਰਿਹਾ ਹੈ ਤੇ ਕਿਉਂ ਹੋ ਰਿਹਾ ਹੈ? ਦੇਸ਼ ਦੀ ਇਹ ਦੁਰਦਸ਼ਾ ਕਿਉਂ ਹੈ? ਸਾਡੇ ਲੋਕਾਂ ਦੀ ਇਹ ਦੁਰਗਤੀ ਕਿਉਂ ਹੋ ਰਹੀ ਹੈ? ਕੌਣ ਇਸ ਅਵੱਸਥਾ ਦਾ ਜ਼ਿੰਮੇਵਾਰ ਹੈ? ਅਜਿਹੇ ਸਵਾਲ ਉਠਾਉਣਾ ਜਨਤਾ ਨੂੰ ਜਗਾ ਕੇ ਉਸ ਦੇ ਹੱਥ ਵਿਚ ਹਥਿਆਰ ਦੇਣ ਦੇ ਬਰਾਬਰ ਹੈ।

ਅਖ਼ੀਰ ਵਿਚ ਨਵੀਂ ਪੀੜ੍ਹੀ ਦੇ ਲੇਖਕ ਮਿੱਤਰਾਂ ਨੂੰ ਇਕ ਗੱਲ ਕਹਿ ਕੇ ਮੈਂ ਬਸ ਕਰਦਾ ਹਾਂ। ਵਡੇਰੀ ਉਮਰ ਦੇ ਲੇਖਕ ਸਾਡੇ ਬਜ਼ੁਰਗਾਂ ਵਾਂਗ ਹਨ, ਸਾਡੇ ਸਨਮਾਨ ਦੇ ਹੱਕਦਾਰ ਹਨ। ਇਨ੍ਹਾਂ ਲੇਖਕਾਂ ਨੇ ਸਾਨੂੰ ਸਾਹਿਤ ਦੀ ਲਗਨ ਲਾਈ ਅਤੇ ਉਂਗਲੀ ਪਕੜ ਕੇ ਸਾਹਿਤ-ਰਚਨਾ ਦੇ ਰਾਹ 'ਤੇ ਸਾਨੂੰ ਤੁਰਨਾ ਸਿਖਾਇਆ ਸੀ। ਨਵੀਂ ਪੀੜ੍ਹੀ ਕਿੰਨੀ ਦੂਰ ਤੱਕ, ਛਾਲਾਂ ਮਾਰਦੀ, ਕਿਸ ਮੰਜ਼ਲ ਤਕ ਜਾਂਦੀ ਹੈ, ਜ਼ਰੂਰੀ ਨਹੀਂ ਹੁੰਦਾ, ਸਗੋਂ ਅਸੰਭਵ ਵੀ ਹੁੰਦਾ ਹੈ ਕਿ ਪੁਰਾਣੀ ਪੀੜ੍ਹੀ ਉਸੇ ਤਰ੍ਹਾਂ ਛਾਲਾਂ ਮਾਰ ਕੇ, ਉਸ ਹੀ ਮੰਜ਼ਲ ਤਕ ਜਾਵੇ ਜਿਸ ਵਲ ਨਵੀਂ ਪੀੜ੍ਹੀ ਜਾ ਰਹੀ ਹੁੰਦੀ ਹੈ। ਮੁਕਾਬਲੇ ਦੀ ਦੋਹਾਂ ਦੀ ਇੱਕਠੀ ਦੌੜ ਇਕ ਬੇਮਤਲਬ ਗੱਲ ਹੈ। ਇਹ ਵੀ ਜ਼ਰੂਰੀ ਨਹੀਂ ਹੁੰਦਾ ਕਿ ਪਹਿਲੀ ਪੀੜ੍ਹੀ ਨੂੰ ਢਾਹ ਕੇ ਹੀ ਨਵੀਂ ਪੀੜ੍ਹੀ ਕੁਝ ਉਸਾਰ ਸਕਦੀ ਹੈ, ਉਸ ਨੂੰ ਦਖ਼ਲ ਕਰ ਕੇ ਹੀ ਅੱਗੇ ਵਧ ਸਕਦੀ ਹੈ। ਰਾਜਨੀਤੀ ਦੇ ਖੇਤਰ ਵਿਚ ਇੰਜ ਹੁੰਦਾ ਹੋਵੇਗਾ, ਪਰ ਕਲਾ ਤੇ ਸਾਹਿਤ ਦੀ ਗੱਲ ਇਸ ਨਾਲੋਂ ਵਖਰੀ ਹੁੰਦੀ ਹੈ। ਜਵਾਨ ਪੀੜ੍ਹੀ ਦੇ ਅਤੇ ਨਵੀਂ ਫੁਟ ਰਹੀ ਪੌਦ ਦੇ ਲੇਖਕ ਮਿੱਤਰੋ, ਆਓ, ਪੁਰਾਣੀ ਪੀੜ੍ਹੀ ਦੇ ਲੇਖਕਾਂ ਨੂੰ ਸਤਿਕਾਰ ਦੇਣਾ, ਉਨ੍ਹਾਂ ਦੀਆਂ ਪਰਾਪਤੀਆਂ ਨੂੰ ਫੁੱਲ ਚੜ੍ਹਾਉਣਾ ਸਿਖੀਏ। ਸੱਚ ਕਹਿੰਦਾਂ, ਇਹ ਪਰਾਪਤੀਆਂ ਐਵੇਂ ਸੁਟ ਪਾਉਣ ਵਾਲੀਆਂ ਨਹੀਂ ਜੇ। ਇਹਨਾਂ ਲੇਖਕਾਂ ਪੰਜਾਬੀ ਵਿਚ ਉਸ ਸਮੇਂ ਸਾਹਿਤ ਰਚਿਆ ਜਦ ਪੰਜਾਬੀ ਵਿਚ ਲਿਖਣਾ ਤਾਂ ਇਕ ਪਾਸੇ ਦੀ ਗੱਲ, ਪੰਜਾਬੀ ਬੋਲਣਾ ਵੀ ਪੜ੍ਹੇ-ਲਿਖੇ ਪੰਜਾਬੀਆਂ ਵਿਚ ਨਮੋਸ਼ੀ ਵਾਲੀ ਗੱਲ ਸਮਝਿਆ ਜਾਂਦਾ ਸੀ। ਪੰਜਾਬੀ ਸਾਹਿਤ ਨੂੰ ਇਸ ਪੀੜ੍ਹੀ ਦੀ ਦੇਣ ਉਤੇ ਸੱਚ ਮੁਚ ਮਾਣ ਕੀਤਾ ਜਾ ਸਕਦਾ ਹੈ। ਇਸ ਪੀੜ੍ਹੀ ਦੀ ਸਾਹਿਤਕ ਦੇਣ ਦੀ ਇਤਿਹਾਸਕ ਮਹੱਤਤਾ ਨੂੰ ਛੁਟਿਆਉਣਾ ਕੁਫ਼ਰ ਹੋਵੇਗਾ।

ਤੁਹਾਡੇ ਵਲੋਂ ਉੱਤਰ ਦੀ ਉਡੀਕ ਵਿਚ, —ਤੁਹਾਡੇ ਵਿਚੋਂ ਇਕ, ਗੁਰਵੇਲ ਸਿੰਘ ਪੰਨੂ



## ਲੇਖਕ / ਪਾਠਕ ਕਹਿੰਦੇ ਹਨ

◉ **ਸਮਸਿਆ ਤੋਂ ਸਮਸਿਆ ਤੱਕ:** ਮਨੁੱਖੀ ਜੀਵਨ ਬਹੁ-ਪੱਖੀ ਹੋਣ ਕਾਰਨ ਅਨੇਕਾਂ ਪ੍ਰਕਾਰ ਦੀਆਂ ਵਿਰੋਧਤਾਈਆਂ ਨਾਲ ਭਰਿਆ ਪਿਆ ਹੈ। ਇਹ ਵਿਰੋਧਤਾਈਆਂ ਮਨੁੱਖੀ ਸਮਾਜ ਸਾਹਮਣੇ ਵੱਖ ਵੱਖ ਸੱਮਸਿਆਵਾਂ ਦੇ ਰੂਪ ਵਿਚ ਪੇਸ਼ ਹੁੰਦੀਆਂ ਹਨ। ਜੀਵਨ ਦੀ ਪ੍ਰਗਤੀ ਇਹਨਾਂ ਸੱਮਸਿਆਵਾਂ ਦੇ ਸਮੇਂ-ਅਨੁਕੂਲ ਹੱਲ ਵਿਚ ਹੈ। ਜਦੋਂ ਕੋਈ ਵਿਅਕਤੀ ਕਿਸੇ ਸਮਸਿਆ ਨੂੰ ਹੱਥ ਪਾਉਂਦਾ ਹੈ ਤਾਂ ਉਹ ਕਿਸੇ ਵਿਸ਼ੇਸ਼ ਦ੍ਰਿਸ਼ਟੀਕੋਣ ਤੋਂ ਉਸ ਸਮਸਿਆ ਦੇ ਪਿਛੋਕੜ, ਉਸ ਦੀ ਵਰਤ-ਮਾਨ ਸਥਿਤੀ ਅਤੇ ਉਸ ਦੇ ਮਨੁੱਖ ਲਈ ਕਲਿਆਣਕਾਰੀ ਸੰਭਵ ਹੱਲ ਵਾਸਤੇ ਕੁਝ ਠੋਸ ਸੁਝਾਅ ਦਿੰਦਾ ਹੈ। ਜਿਸ ਹੱਦ ਤੱਕ ਉਹ ਇਉਂ ਕਰਨ ਵਿਚ ਸਫ਼ਲ ਹੁੰਦਾ ਹੈ, ਉਸ ਹੱਦ ਤੱਕ ਉਹ ਬੁਧੀਜੀਵੀ ਜਾਂ ਸਿਧਾਂਤਕਾਰ ਵਜੋਂ ਲੋਕਾਂ ਵਿਚ ਪ੍ਰਵਾਨਿਆ ਜਾਂਦਾ ਹੈ।

ਪਰ ਪ੍ਰੋ: ਕਿਸ਼ਨ ਸਿੰਘ ਉਪਰੋਕਤ ਨਾਲੋਂ ਕੁਝ ਵਖਰੀ ਭਾਂਤ ਦੇ ਸਿਧਾਂਤਕਾਰ ਹਨ। ਉਹ ਬਹੁਤੀ ਵਾਰ ਸੱਮਸਿਆ ਤੋਂ ਉਸ ਦੇ ਹੱਲ ਤੱਕ ਨਹੀਂ ਸਗੋਂ ਸਮਸਿਆ ਤੋਂ ਸਮਸਿਆ ਤੱਕ ਵਿਚਾਰ-ਯਾਤਰਾ ਕਰਦੇ ਹਨ। ਇਸ ਤੋਂ ਵੱਧ ਉਹ ਕਈ ਵਾਰ ਸਮੱਸਿਆ ਨੂੰ ਵਿਚਾਰਦੇ ਹੋਏ ਇਸ ਨੂੰ ਹੋਰ ਵੱਡੀ ਜਾਂ ਨਵੀਂ ਸੱਮਸਿਆ ਦਾ ਰੂਪ ਦੇ ਦਿੰਦੇ ਹਨ। ਇਸ ਗੱਲ ਦੀ ਪੁਸ਼ਟੀ ਲਈ ਉਨ੍ਹਾਂ ਦਾ ਸਜਰਾ ਲੇਖ "ਜੱਟਵਾਦ ਨੂੰ ਸਿੱਖੀ ਦਾ ਮੂਲ ਕਿਉਂ ਬਣਾਇਆ ਜਾ ਰਿਹਾ ਹੈ?" (ਸੇਧ, ਨਵੰਬਰ 1979) ਵੇਖਿਆ ਜਾ ਸਕਦਾ ਹੈ।

ਜੱਟਵਾਦ ਨੂੰ ਸਿੱਖੀ ਦਾ ਮੂਲ ਕੌਣ ਬਣਾ ਰਿਹਾ ਹੈ? ਮੈਨੂੰ ਤਾਂ ਇਹ ਸਮੱਸਿਆ ਕਿਸ਼ਨ ਸਿੰਘ ਹੋਰਾਂ ਦੀ ਆਪੇ ਘੜੀ ਜਾਪਦੀ ਹੈ। ਉਹ ਕਹਿ ਸਕਦੇ ਹਨ ਕਿ ਜੱਟ ਬੁਰਜੁਆਜ਼ੀ ਇਉਂ ਕਰ ਰਹੀ ਹੈ। ਪਰ ਕਿਸਦੇ ਰਾਹੀਂ? ਇਸ ਜੱਟ ਬੁਰਜੁਆਜ਼ੀ ਦਾ ਸਿਧਾਂਤਕ ਬੁਲਾਰਾ ਕੌਣ ਹੈ? ਉਸ ਨੇ ਕਦੋਂ ਤੇ ਕਿੱਥੇ ਇਸ ਗੱਲ 'ਤੇ ਜ਼ੋਰ ਦਿੱਤਾ? ਕਿਹੜੇ ਲੇਖ, ਕਿਤਾਬਚੇ ਜਾਂ ਪੁਸਤਕ ਵਿਚ ਇਸ ਨੂੰ ਇਉਂ ਦਰਸਾਇਆ ਤੇ ਪ੍ਰਚਾਰਿਆ ਗਿਆ ਹੈ? ਅਫ਼ਸੋਸ ਦੀ ਗੱਲ ਹੈ ਪ੍ਰੋ: ਕਿਸ਼ਨ ਸਿੰਘ ਨੇ ਸਮਸਿਆ ਦੇ ਇਹਨਾਂ ਲੋੜੀਂਦੇ ਸਮਕਾਲੀ ਤੱਥਾਂ ਨੂੰ ਉੱਕਾ ਹੀ ਅਣਗੌਲਿਆਂ ਕਰ ਦਿੱਤਾ ਹੈ। ਮਾਰਕਸਵਾਦੀ ਹੋਣ ਦੇ ਨਾਤੇ ਉਨ੍ਹਾਂ ਨੂੰ ਇਹ ਪਤਾ ਹੋਣਾ ਚਾਹੀਦਾ ਹੈ ਕਿ ਸਭ ਜਮਾਤਾਂ (ਜਾਂ ਜਾਤਾਂ) ਆਪਣੇ ਸਿਧਾਂਤਕ ਬੁਲਾਰਿਆਂ ਰਾਹੀਂ ਆਪਣੀਆਂ ਮੂਲ ਇਛਾਵਾਂ ਦਾ ਪ੍ਰਗਟਾਵਾ ਕਰਦੀਆਂ ਹਨ ਜਿਹੜੇ ਲਿਖਤੀ (ਜਾਂ ਮੌਖਿਕ) ਰੂਪ ਵਿਚ ਇਹਨਾਂ ਦੀ ਪੂਰਤੀ ਦਾ ਵਾਹਨ ਬਣਦੇ ਹਨ।

ਚਾਹੀਦਾ ਤਾਂ ਇਹ ਸੀ ਕਿ ਪ੍ਰੋ: ਕਿਸ਼ਨ ਸਿੰਘ "ਸਮਕਾਲੀ ਜੱਟਵਾਦ ਦੀ ਅਸਲੀਅਤ ਨੂੰ ਸਮਝਣ ਤੇ ਇਸ ਨੂੰ ਜੜ੍ਹਾਂ ਤੋਂ ਉਖਾੜਨ" ਦਾ ਰਾਹ ਦਸਦੇ ਪਰ ਇਸ ਦੀ ਥਾਂ ਉਹਨਾਂ ਨੇ ਲੰਮੇ ਚੌੜੇ ਇਤਿਹਾਸਕ ਵੇਰਵੇ ਨਾਲ ਇਹ ਦੱਸਣ ਦਾ ਯਤਨ ਕੀਤਾ ਹੈ ਕਿ ਸਿੱਖੀ ਜਾਤਪਾਤ ਨੂੰ ਉਖੇੜ ਕਿਉਂ ਨਹੀਂ ਸਕੀ। ਭਾਵੇਂ ਇਹ ਜਾਣਨਾ ਵੀ ਲਾਭਦਾਇਕ ਹੋ ਸਕਦਾ ਹੈ ਪਰ ਇਸ ਨਾਲ ਮੂਲ ਸਮਸਿਆ "ਜੱਟਵਾਦ" ਹੱਲ ਨਹੀਂ ਹੁੰਦੀ। ਇਥੇ ਵੀ ਉਹ ਸਵੈ-ਵਿਰੋਧੀ ਗੱਲ ਕਰਦੇ ਹਨ। ਇਕ ਪਾਸੇ ਉਹ

ਸਰਮਾਏਦਾਰੀ ਦੀ ਗਤੀ ਅਧੀਨ ਜਾਤ ਪਾਤ ਦੀ ਜਕੜ (ਸ਼ਹਿਰਾਂ ਆਦਿ ਵਿਚ) "ਅੱਗੇ ਨਾਲੋਂ ਕਦਰੇ ਢਿੱਲੀ" ਹੋਈ ਮੰਨਦੇ ਹਨ ਅਤੇ ਪਿੰਡਾਂ ਵਿਚ ਇਸ ਨੂੰ ਜੱਟ ਬੁਰਜੂਆਜ਼ੀ ਦੇ ਉਭਾਰ ਨਾਲ ਹੋਰ ਪੱਕੀ ਹੋਈ ਦਸਦੇ ਹਨ ਪਰ ਇਸ ਦੇ ਠੋਸ ਸਬੂਤ ਪੇਸ਼ ਨਹੀਂ ਕਰਦੇ। ਇਸ ਦੀ ਥਾਂ ਉਹ ਜੱਟਵਾਦ ਨੂੰ ਸਿੱਖੀ ਦਾ ਮੂਲ ਬਣਾਉਣ ਲਈ ਪੂਰੇ ਦਾ ਪੂਰਾ 'ਰੈਸ਼ਨੇਲ' ਕੱਢ ਮਾਰਦੇ ਹਨ (ਸਫਾ 17 ਦਾ ਅੰਤਿਮ ਪੈਰਾ)। ਇਉਂ ਜੱਟਵਾਦ ਨੂੰ ਸਿਧਾਂਤਕ ਰੂਪ ਵਿਚ ਪੇਸ਼ ਕਰਨਾ ਕਿਸ਼ਨ ਸਿੰਘ ਹੋਰਾਂ ਦੀ ਨਵੀਂ 'ਪ੍ਰਾਪਤੀ' ਹੈ। ਬਾਕੀ ਰਿਹਾ ਇਸ ਦਾ ਹੱਲ। ਇਹ ਕੰਮ ਉਹਨਾਂ ਦੀ ਰਾਏ ਵਿਚ "ਆਜ਼ਾਦੀ ਦੇ ਰਾਹ ਵਾਲਿਆਂ" ਦਾ ਹੈ। ਜਦ ਪ੍ਰੋ: ਸਾਹਿਬ ਨੇ ਉਹਨਾਂ ਲਈ ਇਹ ਸੱਮਸਿਆ ਪੈਦਾ ਕਰ ਹੀ ਦਿੱਤੀ ਹੈ ਤਾਂ ਉਨ੍ਹਾਂ ਦਾ ਇਹ ਫਰਜ਼ ਬਣਦਾ ਹੈ ਕਿ ਉਹ "ਪਿੰਡ ਦੇ ਸੀਨ 'ਤੇ ਇਸ ਨੂੰ (ਜੱਟਵਾਦ ਨੂੰ) ਕਲਚਰ ਦੇ ਮੁਹਾਜ਼ ਦਾ, ਤਾਕਤ ਦੇ ਮੁਹਾਜ਼ ਦਾ ਮੂਲ ਮਸਲਾ ਸਮਝ ਕੇ ਇਸ ਨੂੰ ਮੁਖਾਤਬ ਹੋਣ।"

—ਹਰਭਜਨ ਹਲਵਾਰਵੀ, ਚੰਡੀਗੜ੍ਹ

⊙ **ਪੰਜਾਬ ਦੀ ਕਮਿਊਨਿਸਟ ਲਹਿਰ** : ਭਗਵਾਨ ਸਿੰਘ ਜੋਸ਼ ਦੀ ਕਿਤਾਬ 'Communist Movement in Punjab' ਵੇਖ ਕੇ ਦਿਲ ਬਹੁਤ ਖ਼ੁਸ਼ ਹੋਇਆ ਹੈ। ਜੋਸ਼ ਨੇ ਇਸ ਕਿਤਾਬ ਵਿਚ ਕਿਰਤੀ ਲਹਿਰ (ਪਾਰਟੀ) ਦਾ ਰੋਲ ਪ੍ਰਤੱਖ ਕਰਨ ਦਾ ਸ਼ਲਾਘਾਯੋਗ ਉਦਮ ਕੀਤਾ ਹੈ। ਇਸ ਇਤਿਹਾਸਕ ਸੱਚ ਨੂੰ ਪ੍ਰਗਟ ਕਰਨਾ ਤੇ ਉਜਾਗਰ ਕਰਨਾ ਅਤੀਅੰਤ ਜ਼ਰੂਰੀ ਸੀ। ਇਹ ਕੰਮ ਕਿਰਤੀ ਦੇ ਲੀਡਰ ਆਪਣੇ ਜੀਵਨ-ਕਾਲ 'ਚ ਨਹੀਂ ਕਰ ਸਕੇ। ਜੋਸ਼ ਨੇ ਇਤਿਹਾਸ ਦੀ ਇਕ ਬੜੀ ਵੱਡੀ ਲੋੜ ਪੂਰੀ ਕੀਤੀ ਹੈ।

ਗਦਰ ਪਾਰਟੀ ਦਾ ਇਤਿਹਾਸ ਲਿਖਿਆ ਗਿਆ, ਪਰ ਇਨ੍ਹਾਂ ਬਜ਼ੁਰਗ-ਇਨਕਲਾਬੀ, ਗ਼ਦਰੀ ਬਾਬਿਆਂ ਦੀ 1914-15 ਦੀ ਅਸਫਲ ਬਗ਼ਾਵਤ (ਦੇਸ਼ ਦੀ ਆਜ਼ਾਦੀ ਦਾ ਸੰਗ੍ਰਾਮ) ਤੋਂ ਬਾਅਦ। ਉਮਰ ਕੈਦਾਂ ਕੱਟ ਕੇ, ਆਣ ਕੇ ਪੰਜਾਬ 'ਚ ਕਿਰਤੀ ਕਿਸਾਨ ਲਹਿਰ ਜਥੇਬੰਦ ਕਰਨ ਦਾ ਜੋ ਮਹਾਨ ਕਾਰਜ ਉਹਨਾਂ ਕੀਤਾ, ਅਤੇ ਇਨ੍ਹਾਂ ਦੀ ਪ੍ਰੇਰਨਾ ਤੇ ਇਮਦਾਦ ਸਦਕਾ, ਇਨਕਲਾਬੀ ਨੌਜਵਾਨਾਂ ਦੇ ਗਰੁਪਾਂ ਦੇ ਗਰੁਪ, ਜਿਹੜੇ ਸੋਵੀਅਤ ਰੂਸ ਤੋਂ ਇਨਕਲਾਬੀ ਸਿਧਾਂਤ ਦੀ ਸਿਖਿਆ ਪ੍ਰਾਪਤ ਕਰ ਕੇ ਆਉਂਦੇ ਗਏ ਤੇ ਇਥੇ 'ਕਿਰਤੀ' ਦੇ ਗਿਰਦ ਸਰਗਰਮ ਹੁੰਦੇ ਗਏ (ਗ਼ਦਰ ਪਾਰਟੀ ਦੇ ਪ੍ਰਮੁਖ ਨੇਤਾ ਤੇ ਚਿੰਤਕ ਭਾਈ ਸੰਤੋਖ ਸਿੰਘ ਜੀ ਨੇ ਅੰਮ੍ਰਿਤਸਰ ਤੋਂ 1926 'ਚ 'ਕਿਰਤੀ' ਦੀ ਪ੍ਰਕਾਸ਼ਨਾ ਅਰੰਭ ਕੀਤੀ ਸੀ)—ਇਨ੍ਹਾਂ ਸਭ ਨੇ ਕਿਡੀ ਵੱਡੀ ਕਿਰਤੀ-ਕਿਸਾਨ ਲਹਿਰ ਜਥੇਬੰਦ ਕੀਤੀ ਜਿਸ ਦਾ ਵਿਸਥਾਰ ਪੰਜਾਬ ਤੋਂ ਬਾਹਰ ਸੂਬਾ ਸਰਹੱਦ ਤੇ ਓਧਰ ਬੰਗਾਲ-ਬਿਹਾਰ ਤੇ ਹੇਠਾਂ ਮਹਾਰਾਸ਼ਟਰ ਤਕ ਹੋਇਆ, ਇਸ ਦਾ ਕਿਧਰੇ ਏਦਾਂ ਵਰਨਣ ਨਹੀਂ ਸੀ ਹੋਇਆ, ਜਿਸ ਤਰ੍ਹਾਂ ਉਪਰੋਕਤ ਕਿਤਾਬ 'ਚ—।

ਵੰਡ ਤੋਂ ਪਹਿਲਾਂ ਪੰਜਾਬ 'ਚ ਕਿਸਾਨਾਂ, ਮੁਜ਼ਾਰਿਆਂ ਤੇ ਮਜ਼ਦੂਰਾਂ ਦੇ ਮੋਰਚੇ ਤੇ ਹੜਤਾਲਾਂ। ਹਿੰਦੁਸਤਾਨ ਦੇ ਪ੍ਰਮੁਖ ਕਿਸਾਨ-ਨੇਤਾਵਾਂ, ਸਵਾਮੀ ਸਹਿਜਾ ਨੰਦ ਸਰਸਵੀ—ਸ੍ਰੀ ਇੰਦੂ ਲਾਲ ਯਜਨੀਕ (Indu lal Yagnik, Gujerat) ਸ੍ਰੀ ਐਨ. ਜੀ. ਰੰਗਾ, ਆਂਧਰਾ (N.G. Ranga) ਜਿਹੀਆਂ ਸ਼ਖ਼ਸੀਅਤਾਂ ਨਾਲ ਮਿਲ ਕੇ—ਸਰਬ ਹਿੰਦ ਕਿਸਾਨ ਸਭਾ ਦੀ ਨੀਂਹ ਰਖੀ। ਬੜੇ ਬੜੇ ਵੱਡੇ ਸਨਅਤੀ ਸੈਂਟਰਾਂ (ਜਿਸ ਤਰ੍ਹਾਂ ਟਾਟਾ ਨਗਰ ਆਦਿ) 'ਚ ਮਜ਼ਦੂਰ ਜਦੋ-ਜਹਿਦਾਂ ਦੀ ਖਾੜਕੂ ਅਗੁਵਾਈ ਕੀਤੀ : ਕੌਮੀ ਆਜ਼ਾਦੀ ਦੀ ਲਹਿਰ ਨੂੰ ਖੱਬੇ-ਪੱਖੀ ਮੋੜ ਦੇਣ ਦੇ ਯਤਨ ਕੀਤੇ, ਜਿਸ ਦੇ ਸਿੱਟੇ ਵਜੋਂ ਤਰੀਪੁਰਾ ਸਰਬਹਿੰਦ ਕਾਂਗਰਸ ਦੇ ਇਜਲਾਸ' ਤੇ ਬਾਬੂ ਸੁਭਾਸ਼ ਚੰਦਰ ਬੋਸ ਨੂੰ



ਪ੍ਰਧਾਨ ਚੁਣਨ ਵਿਚ ਮਹੱਤਵਪੂਰਨ ਰੋਲ ਅਦਾ ਕੀਤਾ ਆਦਿ। ਇਹ ਕਿਰਤੀ ਪਾਰਟੀ ਦੇ ਇਤਿਹਾਸਕ ਕਾਰਨਾਮੇ ਹਨ, ਜਿਨ੍ਹਾਂ ਨੂੰ ਵਰਨਣ ਕਰਨਾ, ਤੇ ਪ੍ਰਤੱਖ ਕਰਨਾ ਇਤਿਹਾਸ ਦੀ ਬੜੀ ਵੱਡੀ ਲੋੜ ਸੀ।

ਇਸ ਲਹਿਰ ਦੇ ਸੰਚਾਲਕ ਗਦਰੀ ਬਾਬਿਆਂ ਦੀ ਪੀੜ੍ਹੀ ਨੇ ਬੜੀ ਸ਼ਾਨ ਨਾਲ ਆਪਣਾ ਇਤਿਹਾਸਕ ਫ਼ਰਜ਼ ਨਿਭਾਇਆ। ਬਾਬਾ ਜਵਾਲਾ ਸਿੰਘ, ਬਾਬਾ ਸੋਹਣ ਸਿੰਘ ਭਕਨਾ, ਬਾ: ਗੁਰਮੁਖ ਸਿੰਘ, ਬਾਬਾ ਭਾਗ ਸਿੰਘ ਕੈਨੇਡੀਅਨ, ਬਾਬਾ ਕਰਮ ਸਿੰਘ ਚੀਮਾਂ ਤੇ ਇਹਨਾਂ ਦੇ ਨਾਲ ਦੇ ਹੋਰ ਬਾਬੇ, ਇਨ੍ਹਾਂ ਦੀ ਪ੍ਰੇਰਨਾ ਸਦਕਾ ਨੌਜਵਾਨਾਂ ਦੀ ਪੀੜ੍ਹੀ ਨੇ ਵਾਗਡੋਰ ਸੰਭਾਲੀ—ਜਿਨ੍ਹਾਂ 'ਚ ਸਾਥੀ ਤੇਜਾ ਸਿੰਘ ਸੁਤੰਤਰ, ਕਾ. ਰਾਮ ਸਿੰਘ ਦੱਤ, ਕਾ: ਬੂਝਾ ਸਿੰਘ ਕਾ: ਭਗਤ ਸਿੰਘ ਬਿਲਗਾ, ਡਾ: ਭਾਗ ਸਿੰਘ, ਅਛਰ ਸਿੰਘ ਛੀਨਾ, ਕਾ: ਰਾਮ ਕਿਸ਼ਨ ਧੰਨਵੰਤਰੀ ਤੇ ਸੋਢੀ ਹਰਮਿੰਦਰ ਸਿੰਘ ਆਦਿ ਤੇ ਇਨ੍ਹਾਂ ਦੇ ਨਾਲ ਦਰਜਨਾਂ ਹੋਰ ਜਿਹੜੇ ਮਾਸਕੋ ਤੋਂ ਇਨਕਲਾਬੀ ਸਿਧਾਂਤ ਵਿਦਿਆ ਪ੍ਰਾਪਤ ਕਰ ਕੇ ਆਏ—ਤੇ ਸੈਂਕੜੇ ਹੋਰ ਵਰਕਰ ਜੋ ਇਨ੍ਹਾਂ ਸਾਥੀਆਂ ਅਗਾਂਹ ਟ੍ਰੇਂਡ ਕਰ ਕੇ ਮਜ਼ਦੂਰਾਂ ਕਿਸਾਨਾਂ ਦੀ ਜਥੇਬੰਦੀ ਉਸਾਰਨ 'ਤੇ ਲਾਏ—ਸਭ ਨੇ ਜਾਨਾਂ ਹੀਲ ਕੇ ਬੜੀ ਸ਼ਕਤੀਸ਼ਾਲੀ ਲਹਿਰ ਜਥੇਬੰਦ ਕੀਤੀ।

ਸਮਿਆਂ ਦੀ ਧੂੜ ਦੇ ਥੱਲੇ ਦਬਿਆ, ਇਨਕਲਾਬੀ ਲਹਿਰ ਤੇ ਕੁਰਬਾਨੀਆਂ ਦਾ ਇਹ ਮਹਾਨ ਤੇ ਅਦੁਤੀ ਇਤਿਹਾਸ ਜਿਸ ਤਰ੍ਹਾਂ ਮੇਰੇ ਵੀਰ ਭਗਵਾਨ ਸਿੰਘ ਜੋਸ਼ ਨੇ Archives ਦੀਆਂ ਫਾਈਲਾਂ ਦੇ ਢੇਰ (ਅੰਬਾਰ) ਫੋਲ ਕੇ ਉਜਾਗਰ ਕੀਤਾ ਹੈ, ਅਸੀਂ 'ਕਿਰਤੀ ਲਹਿਰ' ਤੇ ਕਿਰਤੀ ਪਾਰਟੀ ਦੇ ਪੁਰਾਣੇ ਵਰਕਰ, ਉਸ ਦੇ ਬਹੁਤ ਰਿਣੀ ਤੇ ਧੰਨਵਾਦੀ ਹਾਂ।

ਸ਼ਾਲਾ! ਉਸ ਦੀ ਹਿੰਮਤ ਤੇ ਸਮਝ ਸੂਝ ਦੂਣ ਸਵਾਈ ਹੋਵੇ ਤੇ ਅਗਲੀ ਐਡੀਸ਼ਨ ਤਕ ਹੋਰ-ਇਤਿਹਾਸਕ ਤੱਤ ਤੇ ਸਚਿਆਈਆਂ (ਜਿਹੜੀਆਂ ਅਜੇ ਢੇਰ ਹਨ) ਪ੍ਰਗਟ ਕਰਨ 'ਚ ਉਹ ਕਾਮਯਾਬ ਹੋਵੇ!

ਅਸੀਂ ਪੁਰਾਣੇ 'ਕਿਰਤੀ' ਤਨ ਮਨ ਤੇ ਧਨ ਨਾਲ ਵੀ ਪੂਰੇ ਸਹਿਯੋਗ ਦਾ ਵਾਅਦਾ ਕਰਦੇ ਹਾਂ। ਜੋ ਵੀ ਸਮੱਗਰੀ ਸਾਡੇ ਪਾਸ ਹੋਊ, ਉਹ ਦਿਆਂਗੇ। ਇਹ ਇਤਿਹਾਸ—ਮਜ਼ਦੂਰ ਕਿਸਾਨ ਲਹਿਰ ਦੇ ਉਸਰੱਈਆਂ ਵਾਸਤੇ ਇਕ ਤੱਕੜੀ ਸਮੱਗਰੀ ਦਾ ਕੰਮ ਦੇਵੇਗਾ, ਜਿਸ ਤੋਂ ਉਹ ਆਪਣੇ ਪਿਛੋਕੜ ਨੂੰ ਪੜਚੋਲ ਕੇ ਅਗਾਂਹ ਆਪਣੇ ਨਿਸ਼ਾਨੇ ਵਲ ਵਧਣਗੇ।

—ਚੰਨਣ ਸਿੰਘ, ਤੁਗਲਵਾਲਾ

---

Send subscriptions & donations to :

* Mrs. S. SAINI
95, BURNS AVE.,
SOUTHALL, MIDDX
U.K.

* Mr. G. S. PANNU
3362 E, 29th AVE.,
VANCOUVER-16 (B.C.)
CANADA

Price : Rs. 2.00 per copy
Subscription :
Annual (India) : Rs. 20
U.K., U.S.A., Canada : Rs. 100 (By air)
(Pakistan) : Rs. 40
Life membership : Rs. 200 (India);
Rs. 1,000 (Foreign)



दानेदार घी से मजेदार स्वाद
सपन
शुद्ध घी
डालमिया डेरी इन्डस्ट्रीज़
का एक उत्कृष्ट उत्पादन






ਸਭ ਘਰੇਲੂ ਇਸਤ੍ਰੀਆਂ ਵਾਸਤੇ
ਜੇਕਰ ਤੁਸੀਂ
ਬੈਂਕ ਨਹੀਂ ਆ ਸਕਦੀਆਂ,
ਤਾਂ ਇਕ ਐਸਾ ਬੈਂਕ
ਹੈ ਜੋ ਕਿ
ਤੁਹਾਡੇ ਕੋਲ
ਘਰ ਆ ਜਾਏਗਾ।
ਇਸ ਨੂੰ ਪੰਜਾਬ ਸਿੰਧ ਬੈਂਕ ਦਾ ਧਨ ਜਮ੍ਹਾਂ ਕਰਾਉਣ ਵਾਲੇ ਨਾਲ ਲਗਾਵ ਸਮਝੋ। ਪੰਜਾਬ ਸਿੰਧ ਬੈਂਕ ਸਚਮੁਚ ਹੀ ਇਕ ਘਰੇਲੂ ਇਸਤ੍ਰੀ ਕੋਲ ਘਰ ਆ ਜਾਂਦਾ ਹੈ ਤਾਂ ਕਿ ਉਹ ਹਰ ਹਫਤੇ, ਹਰ ਮਹੀਨੇ ਛੋਟੀ ਬੱਚਤ ਯੋਜਨਾ ਅਧੀਨ ਕੁਝ ਨ ਕੁਝ ਬਚਾ ਸਕੇ।
ਇਕਵਾਰ ਆਪਣੀ ਸਭ ਤੋਂ ਨੇੜੇ ਦੀ ਬਰਾਂਚ ਨੂੰ ਖਬਰ ਕਰੋ।
ASP/PSB/A2-78 P
ਪੀ ਐਸ ਬੀ ਸੰਪੂਰਨ ਬੈਂਕ-ਸੇਵਾ ਦਾ ਪ੍ਰਤੀਕ
ਦੀ ਪੰਜਾਬ ਐਂਡ ਸਿੰਧ ਬੈਂਕ ਲਿਮਿਟੇਡ

S E D H (DIRECTION)
Registered with the Registrar of Newspapers
for India—Registration No 23895/72

DECEMBER, 1979

Regd. No. D (S) 022

LET THE POWER CUT NOT
EFFECT YOUR PRODUCTION USE

KENBAR

* Switch Fuse Units
* Change-over Switches
* Distribution Boards

— Tested from N.P.L, N.T.H. CRRI. IIT, BOMBAY
— On the approved list of D.G.S.S. D., C.P.W.D., M.E.S. and various Electricity Boards

Manufacturers :

KENBAR & COMPANY
E-49/5 Okhla Industrial Area, Ph. II
New Delhi-20
Ph. Nos. 632406,633469